18

# Punjab Vidhan Sabha Debates

11th *March*, 1986

Vol. II No. 7

**OFFICIAL REPORT**

CONTENTS

**Tuesday, the 11th March, 1986**


| | Page |
|---|---|
| Postponed Starred Question and Answer .. | (7)1 |
| Starred Questions and Answers .. | (7)4 |
| Written Answers to Starred Questions Laid on the Table of the House under Rule 38 .. | (7)29 |
| Call Attention Notice under Rule 66 .. | (7)32 |
| Papers Laid on the Table .. | (7)33 |
| Supplementary Estimates (Second Instalment) for the year 1985-86 .. | (7)33 |
| **LEGISLATIVE BUSINESS** | |
| The Punjab Appropriation (No. 1) Bill, 1986 .. | (7)82 |



Punjab Vidhan Sabha Secretariat, Chandigarh

Price : Rs. 61 50



Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

## PUNJAB VIDHAN SABHA

**Tuesday, the 11th March, 1986**

*The Vidhan Sabha met in the Punjab Vidhan Sabha Hall, Vidhan Bhavan, Chandigarh, at 9.00 A.M. of the Clock. Mr. Speaker (Sardar Ravi Inder Singh) in the Chair.*

### POSTPONED STARRED QUESTION AND ANSWER

**ਸ੍ਰੀ ਸਪੀਕਰ** : ਕੁਐਸ਼ਚਨ ਨੰ. 227

**ਸਰਦਾਰ ਜੋਗਿੰਦਰ ਸਿੰਘ ਮਾਨ** : *227

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਪਹਿਲਾਂ ਪੋਸਟ ਪੋਨਡ ਸਟਾਰਡ ਕੁਐਸਚਨ ਲੈਣਾ ਸੀ। We are to start with the postponed questions.

**Mr. Speaker** : I am sorry, I do not have a list, ਮਾਨ ਸਾਹਿਬ, ਮੁਆਫ ਕਰਨਾ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਪੁਛਣਾ ਚਾਹੁੰਦਾ ਹਾਂ ਕਿ....

**Mr. Speaker** : Nobody has answered your question. You have pointed out the mistake of our Secretariat. Thank you.

### Purchase of inferior Quality of Cement

***69. Sardar Dalip Singh Pandhi** : Will the Chief Minister be pleased to state whether any inferior quality cement was purchased during the last 7 years ; if so, the name of the authority who purchased the said cement together with the extent of loss suffered by the Government due to the poor quality of cement and the detail of the action, if any, taken against the person responsible for the said lapse ?

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਸੂਚੀ ਸਦਨ ਦੀ ਮੇਜ਼ ਤੇ ਰੱਖੀ ਜਾਂਦੀ ਹੈ।

ਸੂਚੀ

ਪੰਜਾਬ ਸਰਕਾਰ ਦੇ ਵੱਖ ਵੱਖ ਵਿਭਾਗਾਂ ਅਤੇ ਅਧਿਕਾਰੀਆਂ ਕੋਲੋਂ ਇਕੱਤਰ ਕੀਤੀ ਗਈ ਸੂਚਨਾ ਤੋਂ ਪਤਾ ਲਗਦਾ ਹੈ ਕਿ 22,549 ਬੋਰੀਆਂ ਸੀਮਿੰਟ ਜਿਨ੍ਹਾਂ ਦੀ ਕੀਮਤ 9,56,519 ਰੁਪਏ ਬਣਦੀ ਹੈ, ਦੀ ਕੁਆਲਿਟੀ ਘਟੀਆ ਸੀ ਜਿਸ ਦਾ ਵੇਰਵਾ ਹੇਠ ਅਨੁਸਾਰ ਹੈ :–

| ਲੜੀ ਨੰ: | ਵਿਭਾਗ ਦਾ ਨਾਂ | ਬੋਰੀਆਂ ਦੀ ਗਿਣਤੀ | ਪ੍ਰਾਪਤੀ ਦਾ ਸਮਾਂ | ਕੀਮਤ |
|---|---|---|---|---|
| 1 | ਮਿਉਂਸੀਪਲ ਕਮੇਟੀ, ਪਟਿਆਲਾ | 1,200 | ਅਪਰੈਲ, 1983 | 64,196.00 |

Punjab Vidhan Sabha
Digitized by:
Panjab Digital Library

[ਮੁੱਖ ਮੰਤਰੀ]

| ਲੜੀ ਨੰ: | ਵਿਭਾਗ ਦਾ ਨਾਂ | ਬੋਰੀਆਂ ਦੀ ਗਿਣਤੀ | ਪ੍ਰਾਪਤੀ ਦਾ ਸਮਾਂ | | ਕੀਮਤ |
|---|---|---|---|---|---|
| 2 | ਮਿਉਂਸੀਪਲ ਕਮੇਟੀ, ਗੋਬਿੰਦਗੜ੍ਹ | 2,640 | ਜੂਨ, 84 | | 1,32.000.00 |
| 3 | ਪੀ.ਡਬਲਿਯੂ.ਡੀ., ਬੀ. ਐਂਡ ਆਰ, ਸੰਗਰੂਰ | 6,709 | ਫਰਵਰੀ/ਮਾਰਚ, 84 | ... | 3,35,670.00 |
| 4 | ਪੀ.ਐਸ.ਈ.ਬੀ., ਪਟਿਆਲਾ | 12,000 | ਅਕਤੂਬਰ, 83 | ... | 4,24,653.00 |
| | | 22,549 | | | 9,56,519.00 |

ਲੜੀ ਨੰ. 1 ਅਤੇ 2 ਵਾਲੇ ਮਹਿਕਮਿਆਂ ਨੇ ਦੱਸਿਆ ਹੈ ਕਿ ਸਬੰਧਤ ਟਰਾਂਸਪੋਰਟ ਕੰਪਨੀਆਂ ਵਿਰੁੱਧ ਕਾਰਜਕਾਰੀ ਅਫਸਰ ਵੱਲੋਂ ਪੁਲਿਸ ਵਿੱਚ ਕੇਸ ਦਰਜ ਕਰਵਾਏ ਗਏ ਹਨ ਅਤੇ ਇਹ ਕੇਸ ਤਫਤੀਸ਼ ਅਧੀਨ ਹੈ। ਇਸ ਲਈ ਤਫਤੀਸ਼ ਮੁਕੰਮਲ ਹੋਣ ਤੋਂ ਬਾਅਦ ਹੀ ਜ਼ਿੰਮੇਵਾਰੀ ਨਿਯਤ ਕਰਨ ਦਾ ਸਵਾਲ ਪੈਦਾ ਹੋਵੇਗਾ। ਲੜੀ ਨੰ: 3 ਬਾਰੇ ਕਾਰਜਕਾਰੀ ਇੰਜਨੀਅਰ, ਉਪ-ਮੰਡਲ ਇੰਜਨੀਅਰ ਅਤੇ ਜੂਨੀਅਰ ਇੰਜਨੀਅਰ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ ਅਤੇ ਉਨ੍ਹਾਂ ਵਿਰੁਧ ਵਿਭਾਗੀ ਕਾਰਵਾਈ ਕੀਤੀ ਜਾ ਰਹੀ ਹੈ । ਲੜੀ ਨੰ: 4 ਸਬੰਧੀ ਬੋਰਡ ਵੱਲੋਂ ਡਾਇਰੈਕਟਰ ਜਨਰਲ ਸਪਲਾਈਜ਼ ਅਤੇ ਡਿਸਪੋਜ਼ਲ ਭਾਰਤ ਸਰਕਾਰ, ਨਵੀਂ ਦਿਲੀ ਨਾਲ ਮਾਮਲਾ ਉਠਾਇਆ ਗਿਆ ਅਤੇ ਖਰਾਬ ਪਾਏ ਗਏ ਸੀਮਿੰਟ ਦੀ ਸਾਰੀ ਦੀ ਸਾਰੀ ਮਿਕਦਾਰ ਦੀ ਕੀਮਤ ਫਰਮ ਦੇ ਬਿਲਾਂ ਵਿੱਚੋਂ ਕੱਟ ਲਈ ਗਈ ਸੀ। ਇਸ ਲਈ ਇਸ ਨਾਲ ਬੋਰਡ ਨੂੰ ਕੋਈ ਨੁਕਸਾਨ ਨਹੀਂ ਹੋਇਆ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਸੀ. ਐਮ. ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪਟਿਆਲੇ ਵਿਚ ਇਸ ਦੀ ਇਨਕੁਆਇਰੀ ਨਹੀਂ ਹੋਈ। ਉਹ ਸੀਮਿੰਟ ਰੇਲਵੇ ਵਰਕਸ਼ਾਪ ਪਟਿਆਲੇ ਨੂੰ ਵੇਚ ਦਿਤਾ ਹੈ । ਇਸ ਤੋਂ ਪਹਿਲਾਂ ਉਸ ਦੀ ਵਿਜੀਲੈਂਸ ਵਾਲਿਆਂ ਨੇ ਇਨਕੁਆਇਰੀ ਕੀਤੀ ਸੀ। ਇਨਕੁਆਇਰੀ ਦੇ ਮਾਮਲੇ ਦਾ ਅਜੇ ਤਕ ਪਤਾ ਨਹੀਂ ਲੱਗਿਆ ? ਸਪੀਕਰ ਸਾਹਿਬ, ਸਾਰਾ ਨੁਕਸਾਨ 9,56,519.00 ਰੁਪਏ ਦਾ ਹੋਇਆ ਹੈ । ਇਸ ਬਾਰੇ ਰਿਪੋਰਟ ਦਰਜ ਹੈ । ਇਹ ਸਬੰਧਤ ਟ੍ਰਾਂਸਪੋਰਟ ਕੰਪਨੀਆਂ ਵਿਰੁੱਧ ਦਰਜ ਹੈ। ਲੜੀ ਨੰ: 4 ਸਬੰਧੀ ਬੋਰਡ ਵੱਲੋਂ ਕਰਾਈ ਹੈ । ਉਸ ਬਾਰੇ ਕਹਿ ਦਿੱਤਾ ਕਿ ਪੈਸੇ ਵਸੂਲ ਕਰ ਲਏ ਗਏ ਹਨ। ਇਸ ਕਰਕੇ ਕਿਸੇ ਨੇ ਕੋਈ ਕੁਤਾਹੀ ਨਹੀਂ ਕੀਤੀ। ਲੜੀ ਨੰ: 3 ਵਿਚ ਪੀ. ਡਬਲਿਊ ਡੀ. ( ਬੀ.ਐਂਡ. ਆਰ) ਸੰਗਰੂਰ ਹੈ, ਉਥੇ 6,709 ਬੋਰੀਆਂ ਦੀ ਗਿਣਤੀ ਹੈ। ਉਥੇ ਕਾਰਵਾਈ ਹੋਈ ਹੈ ਬਾਕੀ ਸਭ ਬਾਰੇ ਪੂਰਾ ਵੇਰਵਾ ਦਿੱਤਾ ਜਾਵੇ ? ਐਸਾ ਘਟੀਆ ਸੀਮਿੰਟ ਕਿਉਂ ਖਰੀਦ ਕੀਤਾ ਗਿਆ ਅਤੇ ਘਟੀਆ ਸੀਮਿੰਟ ਯੂਜ਼ ਕਰਨ ਨਾਲ ਬਿਲਡਿੰਗ ਦੇ ਡਿਗਣ ਦਾ ਖਤਰਾ ਹੈ ਮੇਰੇ ਪਿੰਡ ਚਿਨਾਰਥਲ ਖੁਰਦ

Original with;
Punjab Vidhan Sabha
Digitized by;
Panjab Digital Library

ਸਕੂਲ ਦੇ 100 ਬੱਚਿਆਂ ਦੀ ਜਾਨ ਚਲੀ ਜਾਣੀ ਸੀ। ਜਿਸ ਨੇ ਘਟੀਆ ਸੀਮਿੰਟ ਦੀ ਖਰੀਦ ਕੀਤੀ ਹੈ, ਕੀ ਸੀ. ਐਮ ਸਾਹਿਬ, ਉਨ੍ਹਾਂ ਨੂੰ ਸਜ਼ਾ ਦਿਵਾਉਣਗੇ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ 9-10 ਸਵਾਲ ਕਰ ਗਏ ਹਨ । 9,56,519 ਰੁਪਏ ਦਾ ਘਾਟਾ ਨਹੀਂ ਹੈ ਅੌਰ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹਾਂਗਾ ਕਿ 4,24,653 ਰੁਪਏ ਦਿਤੇ ਨਹੀਂ ਗਏ । ਗੌਰਮਿੰਟ ਆਫ ਇੰਡੀਆ ਨਾਲ ਮਾਮਲਾ ਉਠਾਇਆ ਅਤੇ ਬਿਲ ਫਰਮ ਨੂੰ ਨਹੀਂ ਦਿੱਤਾ ਗਿਆ । ਪੀ. ਡਬਲਿਯੂ. ਡੀ. (ਬੀ. ਐਂਡ. ਆਰ), ਸੰਗਰੂਰ ਵਾਲਿਆਂ ਦੇ ਖਿਲਾਫ ਕਾਰਵਾਈ ਸ਼ੁਰੂ ਕੀਤੀ ਹੈ। ਇਸ ਦੀ ਸਪੀਕਰ ਸਾਹਿਬ, ਇਨਕੁਆਇਰੀ ਹੋ ਰਹੀ ਹੈ । ਜਦੋਂ ਪਤਾ ਲਗੇਗਾ ਕਿ ਕੌਣ ਜ਼ਿੰਮੇਵਾਰ ਹੈ ਤਾਂ ਫਿਰ ਮੁਨਾਸਿਬ ਕਾਰਵਾਈ ਕੀਤੀ ਜਾਵੇਗੀ । ਬਾਕੀ ਮੈਂਬਰ ਸਾਹਿਬ ਨੇ ਪਿੰਡ ਚਿਨਾਰਥਲ ਖੁਰਦ ਦਾ ਜ਼ਿਕਰ ਕੀਤਾ ਹੈ ਕਿ ਸਕੂਲ ਦੀ ਬਿਲਡਿੰਗ ਸਮੇਂ ਕਸਰ ਰਹਿ ਗਈ ਸੀ, ਉਸ ਬਾਰੇ ਮੈਨੂੰ ਉਹ ਦੱਸ ਦੇਣ ਤਾਂ ਇਨਕੁਆਇਰੀ ਕਰਾ ਲਵਾਂਗੇ ਅੌਰ ਜੇ ਕਰ ਜ਼ਿੰਮੇਵਾਰ ਅਫਸਰ ਕੋਈ ਹੋਇਆ ਤਾਂ ਜ਼ਰੂਰ ਸਜ਼ਾ ਦਿੱਤੀ ਜਾਏਗੀ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਉਨ੍ਹਾਂ ਦਾ ਕੇਸ ਚੱਲ ਰਿਹਾ ਹੈ। ਐਸ.ਓ. ਸਸਪੈਂਡ ਵੀ ਹੋਇਆ ਹੈ ਅਤੇ ਫਿਰ ਫਿਰੋਜ਼ਪੁਰ ਦਾ ਐਸ.ਓ. ਵੀ ਬਹਾਲ ਕਰ ਦਿੱਤਾ ਹੈ। ਇਹ ਪੀ. ਡਬਲਿਊ.ਡੀ., ਪਟਿਆਲਾ ਐਸ. ਈ. ਸਰਕਲ ਵੱਲੋਂ ਖਰੀਦ ਕੀਤੀ ਗਈ ਸੀ । (ਵਿਘਨ)

**ਸ਼੍ਰੀ ਸਪੀਕਰ** : ਪਾਂਧੀ ਜੀ ਤੁਹਾਡਾ ਕੁਐਸ਼ਚਨ ਕੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂਬਰ ਸਾਹਿਬ, ਇਸ ਬਾਰੇ ਸਪੈਸੀਫੀਕਲੀ ਦੱਸ ਦੇਣ ਤਾਂ ਪਤਾ ਕਰ ਲਵਾਂਗੇ।

**ਸ਼੍ਰੀ ਰਾਮ ਪ੍ਰਕਾਸ਼ ਬਾਲੀ** : ਸਪੀਕਰ ਸਾਹਿਬ, ਕਈ ਜਗ੍ਹਾ ਐਸੇ ਹਾਲਾਤ ਹੋਏ ਹਨ । ਸੀਮਿੰਟ ਸਰਕਾਰ ਦਾ ਲੈਣ ਗਏ ਪਰ ਰਸਤੇ ਵਿਚ ਹੀ ਸੀਮਿੰਟ ਵੇਚਿਆ ਜਾਂਦਾ ਹੈ। ਜੇਕਰ ਪਕੜੇ ਗਏ ਤਾਂ ਪੈਸੇ ਦੇ ਕੇ ਛੱਡ ਦਿੱਤਾ ਜਾਂਦਾ ਹੈ । ਜੇਕਰ ਮੈਂ ਮੁਖ ਮੰਤਰੀ ਜੀ ਦੇ ਨੋਟਿਸ ਵਿਚ ਕੋਈ ਕੇਸ ਲਿਆਵਾਂ ਤਾਂ ਕੀ ਮੁੱਖ ਮੰਤਰੀ ਜੀ ਉਸ ਤੇ ਐਕਸ਼ਨ ਲੈਣਗੇ ?

**ਮੁੱਖ ਮੰਤਰੀ** : ਜੇ ਕਰ ਮੇਰੇ ਨੋਟਿਸ ਵਿਚ ਲਿਆਉਣਗੇ ਤਾਂ ਐਕਸ਼ਨ ਜ਼ਰੂਰ ਲਿੱਤਾ ਜਾਵੇਗਾ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੇਰੇ ਕੇਸ ਵਿਚ ਕੀ ਹੋਇਆ ? ਮਿਉਂਸੀਪਲ ਕਮੇਟੀ, ਗੋਬਿੰਦਗੜ੍ਹ ਵਿਚ ਟਰਾਂਸਪੋਰਟ ਕੰਪਨੀ ਵਿਰੁੱਧ ਕਾਰਵਾਈ ਕੀਤੀ ਸੀ ਪਰ ਉਥੇ ਮੁਲਾਜ਼ਮਾਂ ਦੇ ਖਿਲਾਫ ਕਿਉਂ ਨਹੀਂ ਕਾਰਵਾਈ ਕੀਤੀ ਗਈ ? ਸਪੀਕਰ ਸਾਹਿਬ, ਉਥੇ ਕਰਮਚਾਰੀਆਂ ਦੇ ਖਿਲਾਫ ਕਿਉਂ ਨਹੀਂ ਕੇਸ ਦਰਜ ਕੀਤੇ ਗਏ ?

**ਸ਼੍ਰੀ ਸਪੀਕਰ** : ਠੀਕ ਹੈ। ਪਲੀਜ਼ ਟੇਕ ਯੂਅਰ ਸੀਟ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਜੋ ਸੀਮਿੰਟ ਬਾਹਰਲੇ ਕਾਰਖਾਨਿਆਂ ਤੋਂ ਲਿਆ ਜਾਂਦਾ ਹੈ This matter was taken up with the Director General Supplies and Disposal, Government of India, New Delhi, by the Board and the cost of entire quantity of cement found inferior was deducted from the bills of the firm.

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

ਸਪੀਕਰ ਸਾਹਿਬ, ਕੀਮਤ ਫਰਮ ਦੇ ਬਿਲਾਂ ਵਿਚੋਂ ਹੀ ਕੱਟ ਲਈ ਗਈ। ਇਸ ਤੋਂ ਛੇਤੀ ਕਾਰਵਾਈ ਮੈਂ ਸਮਝਦਾ ਹਾਂ ਕਿ ਹੋਰ ਕੀ ਹੋ ਸਕਦੀ ਸੀ? ਇਸ ਵਿਚ ਹੋਰ ਕੋਈ ਅਫਸਰ ਇਨਵਾਲਵਡ ਨਹੀਂ ਸੀ।

---

## STARRED QUESTIONS AND ANSWERS

### FOCAL POINT AT PHAGWARA

***227. Sardar Joginder Singh Mann :** Will the Minister for Finance be pleased to state whether there is any proposal under the consideration of the Government to set up a Focal Point at Phagwara under the Self-Employment Scheme ; if so, the time likely to be taken for setting up the same ?

**Sardar Natha Singh Dalam (Minister of State for Public Relations and Finance) :** No, Sir.

**ਸਰਦਾਰ ਜੋਗਿੰਦਰ ਸਿੰਘ ਮਾਨ** : ਕੀ ਕਾਰਨ ਹੈ ਕਿ ਉਸ ਨੂੰ ਕਿਉਂ ਨਹੀਂ ਲਿਆ ਗਿਆ? ਮੈਨੂੰ, ਸਪੀਕਰ ਸਾਹਿਬ, ਪਤਾ ਲੱਗਾ ਕਿ ਫਗਵਾੜੇ ਜ਼ਮੀਨ ਲੈ ਲਈ ਗਈ ਸੀ ਔਰ ਕੀ ਇਹ ਚੀਜ਼ ਪੁਲਿਟੀਕਲ ਆਧਾਰ ਤੇ ਤਾਂ ਨਹੀਂ ਹੈ?

**ਰਾਜ ਮੰਤਰੀ, ਲੋਕ ਸੰਪਰਕ ਅਤੇ ਵਿੱਤ** : ਸਪੀਕਰ ਸਾਹਿਬ, 1977 ਵਿਚ ਫਗਵਾੜੇ ਫੋਕਲ ਪੁਆਇੰਟ ਚੁਨਣ ਸਬੰਧੀ ਵਿਚਾਰ ਕੀਤਾ ਗਿਆ ਸੀ ਪਰ ਜ਼ਮੀਨ ਐਕੁਆਇਰ ਨਹੀਂ ਕੀਤੀ ਜਾ ਸਕੀ। ਇਸ ਸਬੰਧ ਵਿਚ ਪੰਜਾਬ ਹਰਿਆਣਾ ਹਾਈ ਕੋਰਟ ਵਿਚ ਰਿੱਟ ਪਟੀਸ਼ਨ ਵੀ ਦਾਇਰ ਕੀਤੀ ਗਈ ਸੀ।

**ਸਰਦਾਰ ਜੋਗਿੰਦਰ ਸਿੰਘ ਮਾਨ** : ਸਪੀਕਰ ਸਾਹਿਬ, ਹੁਣ ਜਦੋਂ ਪੰਜਾਬ ਵਿਚ ਨਵੇਂ ਫੋਕਲ ਪੁਆਇੰਟ ਚੁਣੇ ਜਾਣਗੇ ਤਾਂ ਕੀ ਫਗਵਾੜੇ ਨੂੰ ਉਸ ਵਿਚ ਸ਼ਾਮਿਲ ਕੀਤਾ ਜਾਵੇਗਾ?

**ਰਾਜ ਮੰਤਰੀ** : ਸਪੀਕਰ ਸਾਹਿਬ, ਇਸ ਤੇ ਵਿਚਾਰ ਕਰ ਲਵਾਂਗੇ।

**ਸ੍ਰੀ ਰਾਮ ਪ੍ਰਕਾਸ਼ ਬਾਲੀ** : ਸਪੀਕਰ ਸਾਹਿਬ, ਸਾਡਾ ਰੋਪੜ ਜਿਲ੍ਹੇ ਦਾ ਇਕ ਬਹੁਤ ਵੱਡਾ ਮਾਮਲਾ ਹੈ। ਉਥੇ ਵੀ ਫੋਕਲ ਪੁਆਇੰਟ ਇੰਡਸਟਰੀ ਦੇ ਖੋਲ੍ਹਣੇ ਚਾਹੀਦੇ ਹਨ। ਮੰਤਰੀ ਜੀ ਉਥੇ ਕਦੋਂ ਤਕ ਫੋਕਲ ਪੁਆਇੰਟ ਖੋਲ੍ਹ ਦੇਣਗੇ?

**ਰਾਜ ਮੰਤਰੀ** : ਇਹ ਸਵਾਲ ਨਾਲ ਰੀਲੇਟ ਨਹੀਂ ਕਰਦਾ। ਬਾਲੀ ਸਾਹਿਬ ਮੈਨੂੰ ਮਿਲ ਲੈਣ ਤਾਂ ਫਿਰ ਅਸੀਂ ਵਿਚਾਰ ਕਰ ਲਵਾਂਗੇ ਔਰ ਜੇ ਕਰ ਲੋੜ ਹੋਈ ਤਾਂ ਜ਼ਰੂਰ ਕਰ ਦਿਤਾ ਜਾਵੇਗਾ।

---

Original with;
Punjab Vidhan Sabha
Digitized by;
Panjab Digital Library

## Focal Point Scheme at Village Pheruman

*236. **Sardar Sant Singh Gill :** Will the Minister for Finance be pleased to state—

(a) whether it is a fact that village Pheruman in district Amritsar was selected by the Government under Focal Point Scheme and the land was acquired for this purpose ;

(b) if the reply to part (a) above be in the affirmative, the reasons for not starting the said scheme so far ?

**ਸਰਦਾਰ ਨੱਥਾ ਸਿੰਘ ਦਾਲਮ** (ਰਾਜ ਮੰਤਰੀ, ਲੋਕ ਸੰਪਰਕ ਅਤੇ ਵਿੱਤ) : (ੳ) ਪਿੰਡ ਫੇਰੂਮਾਨ ਜਿਲ੍ਹਾ ਅੰਮ੍ਰਿਤਸਰ ਵਿਖੇ ਇੰਡਸਟ੍ਰੀਅਲ ਫੋਕਲ ਪੁਆਇੰਟ ਸਥਾਪਤ ਕਰਨ ਲਈ ਕੋਈ ਤਜਵੀਜ ਨਹੀਂ ਸੀ ਅਤੇ ਇਸ ਮੰਤਵ ਲਈ ਕੋਈ ਜ਼ਮੀਨ ਇਕੁਆਇਰ ਨਹੀਂ ਸੀ ਕੀਤੀ ਗਈ ।

(ਅ) ਉਪਰੋਕਤ ਪੈਰਾ (ੳ) ਦੀ ਪੁਜ਼ੀਸ਼ਨ ਅਨੁਸਾਰ ਸਵਾਲ ਪੈਦਾ ਨਹੀਂ ਹੁੰਦਾ ।

**ਸਰਦਾਰ ਸੰਤ ਸਿੰਘ ਗਿੱਲ** : ਸਪੀਕਰ ਸਾਹਿਬ, 1977-80 ਵਿਚ ਸਰਕਾਰ ਵੱਲੋਂ 10 ਏਕੜ ਜ਼ਮੀਨ ਲਈ ਗਈ ਸੀ ਜਿਥੇ ਕਿ ਸਰਦਾਰ ਜੀਵਨ ਸਿੰਘ ਉਮਰਾਨੰਗਲ ਜੀ ਨੇ ਨੀਂਹ ਪੱਥਰ ਰੱਖਿਆ ਸੀ । ਉਹ 10 ਏਕੜ ਜ਼ਮੀਨ ਖਾਲੀ ਪਈ ਹੈ । ਕੀ ਮੰਤਰੀ ਜੀ 136 ਨਵੇਂ ਫੋਕਲ ਪੁਆਇੰਟਾਂ ਵਿੱਚੋਂ ਇਸ ਨੂੰ ਵੀ ਕਨਸਿਡਰ ਕਰ ਲੈਣਗੇ ?

**ਰਾਜ ਮੰਤਰੀ, ਲੋਕ ਸੰਪਰਕ ਅਤੇ ਵਿੱਤ** : ਸਪੀਕਰ ਸਾਹਿਬ, ਉਸ ਵੇਲੇ ਜ਼ਮੀਨ ਐਕੁਆਇਰ ਨਹੀਂ ਕੀਤੀ ਗਈ ਸੀ । ਹੋ ਸਕਦਾ ਹੈ ਕਿ ਵਜ਼ੀਰ ਸਾਹਿਬ ਨੇ ਜ਼ਬਾਨੀ ਕਹਿ ਦਿਤਾ ਹੋਵੇ । ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਇਹ ਮੇਰੇ ਨਾਲ ਸਲਾਹ ਕਰ ਲੈਣ ਔਰ ਜੇ ਕਰ ਜ਼ਰੂਰਤ ਸਮਝਾਂਗੇ ਤਾਂ ਕਨਿਸਡਰ ਜ਼ਰੂਰ ਕਰ ਲਿਆ ਜਾਵੇਗਾ ।

---

## Development Works at Villages Tharial and Azizpur in District Gurdaspur

*219. **Shri Raghunath Sahai Puri :** Will the Minister for Agriculture and Forests be pleased to state whether it is a fact that the Development works at villages Thrial and Azizpur in district Gurdaspur, which were included in the Medical Model Villages Scheme, have not so far been completed ; if so, the reasons therefor and the time likely to be taken to complete the same ?

**ਕੈਪਟਨ ਅਮਰਿੰਦਰ ਸਿੰਘ** : ਸਾਧਨਾ ਦੀ ਕਮੀ ਕਾਰਨ ਇਨ੍ਹਾਂ ਪਿੰਡਾਂ ਵਿਚ ਗਲੀਆਂ ਨਾਲੀਆਂ ਪੱਕੀਆਂ ਕਰਨ ਦਾ ਕੰਮ ਮੁਕੰਮਲ ਨਹੀਂ ਹੋ ਸਕਿਆ । ਸਾਲ 1986-87 ਵਿੱਚ ਇਨ੍ਹਾਂ ਪਿੰਡਾਂ ਨੂੰ ਹੋਰ ਫੰਡਜ ਦਿੱਤੇ ਜਾਣ ਦੀ ਤਜਵੀਜ਼ ਹੈ ਤਾਂ ਜੋ ਕੰਮ ਮੁਕੰਮਲ ਹੋ ਸਕੇ ।

**ਸ਼੍ਰੀ ਰਘੂਨਾਥ ਸਹਾਏ ਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਖੇਤੀ ਬਾੜੀ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਲ੍ਹਾ ਗੁਰਦਾਸਪੁਰ ਦੇ ਪਿੰਡ ਥੜਿਆਲ ਅਤੇ ਅਜੀਜਪੁਰ ਨੂੰ ਮਾਡਲ ਪਿੰਡ ਸਕੀਮ ਵਿਚ ਸ਼ਾਮਲ ਕੀਤਾ ਗਿਆ ਸੀ, ਉਥੇ ਵਿਕਾਸ ਦਾ ਕੰਮ ਅਜੇ ਤਕ ਪੂਰਾ ਨਹੀਂ ਕੀਤਾ ਗਿਆ । ਹੁਣ ਮੰਤਰੀ ਜੀ ਫੰਡਜ਼ ਕਦੋਂ ਦੇਣਗੇ ਅਤੇ ਕਦੋਂ ਕੰਮ ਮੁਕੰਮਲ ਹੋ ਜਾਵੇਗਾ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਇਹ ਜਿਹੜੇ ਦੋਨਾਂ ਪਿੰਡਾਂ ਦੀ ਗੱਲ ਕਰ ਰਹੇ ਹਨ ਉਨ੍ਹਾਂ ਬਾਰੇ ਇਹ ਹੈ ਕਿ ਥੜਿਆਲ ਪਿੰਡ ਵਿੱਚ ਕੰਮ ਮੁਕੰਮਲ ਕਰਨ ਲਈ 1 ਲੱਖ ਰੁਪਏ ਦੀ ਲੋੜ ਹੈ ਅਤੇ ਅਜ਼ੀਜ਼ਪੁਰ ਲਈ 35,600 ਰੁਪਏ ਦੀ ਲੋੜ ਹੈ। ਇਸ ਵਿੱਚੋਂ ਇਨ੍ਹਾਂ ਪਿੰਡਾਂ ਨੂੰ 25-25 ਹਜ਼ਾਰ ਰੁਪਿਆ ਦਿੱਤਾ ਹੈ ਅਤੇ 1986-87 ਵਿੱਚ ਤਜ਼ਵੀਜ਼ ਹੈ ਕਿ ਇਨ੍ਹਾਂ ਦੋਨਾਂ ਪਿੰਡਾਂ ਦਾ ਕੰਮ ਮੁਕੰਮਲ ਕਰ ਲਵਾਂਗੇ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਇਨ੍ਹਾਂ ਨੇ ਪਿੰਡ ਇਸ ਸਕੀਮ ਅਧੀਨ ਲਏ ਹਨ, ਉਨ੍ਹਾਂ ਵਿੱਚ ਹਾਲੇ ਕੰਮ ਮੁਕੰਮਲ ਨਹੀਂ ਕੀਤਾ ਸਗੋਂ ਹੋਰ ਸ਼ੁਰੂ ਕਰ ਲਏ ਹਨ। ਪਿਛਲਾ ਕੰਮ ਖਰਾਬ ਹੋ ਰਿਹਾ ਹੈ ਅਤੇ ਨਵੇਂ ਬਣਾਏ ਜਾ ਰਹੇ ਹਨ। ਇਨ੍ਹਾਂ ਨੇ ਜਿਹੜੇ ਪਿੰਡਾਂ ਵਿਚ ਕੰਮ ਸ਼ੁਰੂ ਕੀਤਾ ਹੈ ਚਾਹੇ ਸੱਲੇਜ ਦਾ ਜਾਂ ਵਾਟਰ ਆਦਿ ਦਾ, ਪਹਿਲਾਂ ਉਹ ਪੂਰਾ ਕਰਨਾ ਚਾਹੀਦਾ ਹੈ ਅਤੇ ਡਿਪਾਰਟਮੈਂਟ ਫਿਰ ਅਗਲਾ ਪਿੰਡ ਲਵੇ। ਕੀ ਇਹ ਇਸਤੇ ਵਿਚਾਰ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਸਾਡੇ 12,300 ਪਿੰਡ ਹਨ ਪੰਜਾਬ ਵਿੱਚ ਅਗਰ ਜਿਵੇਂ ਪਾਂਧੀ ਜੀ ਚਾਹੁੰਦੇ ਹਨ ਕਿ ਕੁਝ ਪਿੰਡ ਛੱਡ ਦਈਏ ਅਤੇ ਦੂਜੇ ਬਿਲਕੁਲ ਮੁਕੰਮਲ ਕਰ ਲਈਏ ਤਾਂ ਕੋਈ ਵੀ ਪਿੰਡ ਇਸ ਕੰਮ ਵਾਸਤੇ ਰਾਜ਼ੀ ਨਹੀਂ ਹੋਵੇਗਾ। ਪਿੰਡਾਂ ਵਿਚ ਅਸੀਂ ਸਮਝਦੇ ਹਾਂ, ਕਿ ਬੈਲੈਂਸਡ ਤਰੀਕੇ ਨਾਲ ਡਿਵੈਲਪਮੈਂਟ ਹੋਣੀ ਚਾਹੀਦੀ ਹੈ। ਹਰ ਪਿੰਡ ਨੂੰ ਉਸ ਦਾ ਪੂਰਾ ਹਿੱਸਾ ਮਿਲਣਾ ਚਾਹੀਦਾ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਤਾਂ ਕਿਹਾ ਸੀ ਕਿ ਜਿਹੜੇ ਪਿੰਡ ਵਿੱਚ ਤੁਸੀਂ ਕੰਮ ਸ਼ੁਰੂ ਕਰ ਲਿਆ ਹੈ ਉਸ ਨੂੰ ਪਹਿਲਾਂ ਮੁਕੰਮਲ ਕਰ ਲਿਆ ਜਾਵੇ।

**ਸ੍ਰੀ ਸਪੀਕਰ** : ਮੈਨੂੰ ਤੁਹਾਡੀ ਗੱਲ ਸਮਝ ਆ ਗਈ ਹੈ। ਮੰਤਰੀ ਜੀ, ਇਹ ਪੁਛਦੇ ਹਨ ਕਿ ਜਿਹੜੇ ਪਿੰਡ ਪਹਿਲਾਂ ਸ਼ੁਰੂ ਹੋਏ ਹਨ, ਪਹਿਲਾਂ ਉਨ੍ਹਾਂ ਨੂੰ ਮੁਕੰਮਲ ਕਰੋ ਅਤੇ ਫੇਰ ਦੂਜੇ ਪਿੰਡਾਂ ਵਿੱਚ ਕੰਮ ਸ਼ੁਰੂ ਕਰੋ। ਇਹ ਇਨ੍ਹਾਂ ਦੀ ਤਜ਼ਵੀਜ਼ ਹੈ।

**ਮੰਤਰੀ** : ਮੈਂ, ਸਪੀਕਰ ਸਾਹਿਬ, ਇਨ੍ਹਾਂ ਦਾ ਸਵਾਲ ਸਮਝ ਗਿਆ ਸੀ। ਲੇਕਿਨ ਗੱਲ ਇਹ ਹੈ ਕਿ ਜੇ ਤੁਸੀਂ ਕਿਸੇ ਵੀ ਪਿੰਡ ਵਿੱਚ ਜਾਓ ਜਾਂ ਐਮ.ਐਲ.ਏ. ਸਾਹਿਬਾਨ ਜਾਣ ਤਾਂ ਹਰ ਪਿੰਡ ਵਿੱਚ ਇਹੀ ਡਿਮਾਂਡ ਕੀਤੀ ਜਾਂਦੀ ਹੈ ਕਿ ਸਾਨੂੰ ਵੀ ਗਲੀਆਂ ਨਾਲੀਆਂ ਪੱਕੀਆਂ ਕਰਨ ਵਾਸਤੇ ਪੈਸੇ ਮਿਲਣੇ ਚਾਹੀਦੇ ਹਨ। ਫੇਰ ਅਸੀਂ ਇਹ ਤਾਂ ਕਰ ਨਹੀਂ ਸਕਦੇ ਕਿ ਇਕ ਪਿੰਡ ਤੇ 10 ਲੱਖ ਰੁਪਿਆ ਲਾ ਦੇਈਏ ਅਤੇ ਦੂਜੇ ਨੂੰ ਕੁਝ ਵੀ ਨਾ ਦਈਏ। ਅਸੀਂ ਕੰਮ ਨੂੰ ਬੈਲੈਂਸਡ ਰੱਖਣਾ ਚਾਹੁੰਦੇ ਹਾਂ।

**ਸਰਦਾਰ ਤਾਲਿਬ ਸਿੰਘ ਸੰਧੂ**: ਸਪੀਕਰ ਸਾਹਿਬ, ਜਿਹੜੇ ਸ਼ੁਰੂ ਵਿੱਚ ਮਾਡਲ ਪਿੰਡ ਡਿਕਲੇਅਰ ਕੀਤੇ ਸਨ, ਉਨ੍ਹਾਂ ਵਿੱਚ ਹਰੀਜਨ ਬਸਤੀਆਂ ਵਿੱਚ ਹਾਲੇ ਤੱਕ ਕੋਈ ਗਲੀ ਨਾਲੀ ਪੱਕੀ ਨਹੀਂ ਕੀਤੀ ਗਈ। ਕੀ ਇਹ ਇਸ ਬਾਰੇ ਕੁਝ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ, ਜਿਹੜੇ ਵੀ ਐਸੇ ਪਿੰਡ ਹਨ, ਇਹ ਸਾਨੂੰ ਦੱਸ ਦੇਣ। ਉਨ੍ਹਾਂ ਦਾ ਕੰਮ ਮੁਕੰਮਲ ਕਰਨ ਦਾ ਵੀ ਅਸੀਂ ਯਤਨ ਕਰਾਂਗੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਕੁਲਦੀਪ ਸਿੰਘ ਵਡਾਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਡਿਪਾਰਟਮੈਂਟ ਨੇ ਇਕ ਢੰਗ ਬਣਾ ਲਿਆ ਹੈ ਭੱਠਿਆਂ ਨੂੰ ਸਿੱਧੇ ਪੈਸੇ ਦੇਣ ਦਾ ਜਿਸ ਵਿੱਚ ਪੰਚਾਇਤ ਦੀ ਕੋਈ ਕੰਸੈਂਟ ਨਹੀਂ ਲਈ ਜਾਂਦੀ। ਹਾਲੇ ਵੀ ਕਈ ਭੱਠਿਆਂ ਦੇ ਪੈਸੇ ਬਕਾਇਆ ਪਏ ਹਨ ਜਿਹੜੇ ਦਿੱਤੇ ਨਹੀਂ ਗਏ ਅਤੇ ਕੰਮ ਰੁਕ ਗਿਆ ਹੈ। ਕੀ ਇਹ ਇਸ ਬਾਰੇ ਕੁਝ ਕਰਨਗੇ ?

**ਮੰਤਰੀ** : ਇਸਦੇ ਬਾਰੇ ਇਨਕੁਆਇਰੀ ਕਰਵਾ ਦਿਆਂਗੇ।

---

## Upgradation of Schools

***157. Shri Ram Parkash Bali :** Will the Minister for Education be pleased to state—

(a) whether there is any proposal under the consideration of the Government to upgrade schools from Primary to Middle and from Middle to High Schools during the current year ;

(b) if the reply to part (a) be in the affirmative, whether Government proposes giving priority to Sub-Mountain Area of the State in the matter ?

**ਸਰਦਾਰ ਸੁਖਜਿੰਦਰ ਸਿੰਘ** : (ੳ) ਹਾਂ ਜੀ।

(ਅ) ਵੱਖ ਵੱਖ ਇਲਾਕਿਆਂ ਦੀਆਂ ਮੰਗਾਂ ਨੂੰ ਧਿਆਨ ਵਿਚ ਰੱਖ ਕੇ ਮੈਰਿਟ ਦੇ ਆਧਾਰ ਤੇ ਫੈਸਲੇ ਕੀਤੇ ਜਾਂਦੇ ਹਨ।

**ਸ੍ਰੀ ਰਾਮ ਪ੍ਰਕਾਸ਼ ਬਾਲੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਨੇ ਕਰਾਈਟੇਰੀਆ ਰੱਖਿਆ ਹੈ, ਉਸ ਵਿੱਚ ਸਬ-ਮਾਊਂਟੇਨਸ ਏਰੀਆਜ਼ ਨੂੰ ਕੋਈ ਪਰੇਫਰੈਂਸ ਦਿੱਤੀ ਜਾਵੇਗੀ ? ਉਥੇ ਬੱਚਿਆਂ ਨੂੰ ਬੜੀ ਦੂਰ ਪੈਦਲ ਜਾਣਾ ਪੈਂਦਾ ਹੈ ਅਤੇ ਮੀਨਜ਼ ਆਫ ਕਮਿਊਨੀਕੇਸ਼ਨਜ਼ ਵੀ ਬੜੇ ਘਟ ਹਨ, ਟਰਾਂਸਪੋਰਟ ਦੀ ਫੈਸਿਲਿਟੀ ਪੂਰੀ ਅਵੇਲੇਬਲ ਨਹੀਂ ਹੁੰਦੀ। ਕੀ ਇਨ੍ਹਾਂ ਪਿੰਡਾਂ ਵਿੱਚ ਡਬਲ ਜਾਂ ਉਸਤੋਂ ਜ਼ਿਆਦਾ ਅਪਗਰੇਡੇਸ਼ਨ ਕਰਨ ਦਾ ਕੋਈ ਕਰਾਈਟੇਰੀਆ ਹੈ ? ਕੀ ਇਹ ਕੋਈ ਕੋਟਾ ਵਧਾਉਣਗੇ ?

**ਮੰਤਰੀ** : ਸਪੀਕਰ ਸਾਹਿਬ, ਕੋਟੇ ਦਾ ਸਵਾਲ ਨਹੀਂ ਹੁੰਦਾ। ਇਹ ਤਾਂ ਸਭ ਦੀਆਂ ਜਰੂਰਤਾਂ ਨੂੰ ਮੁਖ ਰੱਖ ਕੇ ਅਪਗਰੇਡੇਸ਼ਨ ਕੀਤੀ ਜਾਂਦੀ ਹੈ।

**ਸ੍ਰੀ ਰਾਮ ਪ੍ਰਕਾਸ਼ ਬਾਲੀ** : ਸਪੀਕਰ ਸਾਹਿਬ, ਕੀ ਇਹ ਹਰ ਐਮ.ਐਲ.ਏ. ਦੀ ਡਿਮਾਂਡ ਨੂੰ ਮੁੱਖ ਰੱਖ ਕੇ ਉਸ ਦਾ ਹਿੱਸਾ ਪੂਰਾ ਦੇਣ ਦਾ ਯਤਨ ਕਰਨਗੇ ? ਕੀ ਕੋਈ ਪਿਕ ਐਂਡ ਚੂਜ਼ ਤਾਂ ਨਹੀਂ ਹੋਵੇਗਾ ?

**ਮੰਤਰੀ** : ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਿਹਾ ਹੈ ਕਿ ਕੋਟਾ ਕੋਈ ਫਿਕਸ ਨਹੀਂ ਹੁੰਦਾ।

**ਸ੍ਰੀ ਰਾਮ ਕਿਸ਼ਨ ਕਟਾਰੀਆ** : ਸਪੀਕਰ ਸਾਹਿਬ, ਪਿਛਲੇ 5 ਸਾਲਾਂ ਵਿੱਚ ਸਕੂਲਾਂ ਦੀ ਅੱਪਗਰੇਡੇਸ਼ਨ ਨਾਂਹ ਦੇ ਬਰਾਬਰ ਰਹੀ ਹੈ। ਇਸ ਲਈ ਲੋਕ ਪਰੇਸ਼ਾਨ ਹਨ। ਮੈਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਲੋਕਾਂ ਦੀ ਦਿੱਕਤ ਮੁੱਖ ਮੰਤਰੀ ਜੀ ਨੂੰ ਦੱਸ ਕੇ ਘੱਟੋ ਘੱਟ 500 ਸਕੂਲ ਅੱਪਗਰੇਡ ਕਰਵਾਉਣ ਦੀ ਖੇਚਲ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਮੇਰੀ ਤਾਂ ਇਹ ਕੋਸ਼ਿਸ਼ ਹੋਵੇਗੀ।

**ਸ਼੍ਰੀ ਮਨਮੋਹਨ ਕਾਲੀਆ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ 250 ਸਕੂਲ ਅੱਪਗਰੇਡ ਕਰਨ ਦਾ ਫੈਸਲਾ ਹੋਇਆ ਹੈ ਜਿਸ ਦੇ ਹਿਸਾਬ ਨਾਲ ਘੱਟੋ ਘੱਟ 2 ਸਕੂਲ ਪਰ ਕਾਂਸਟੀਚੂਐਂਸੀ ਆਉਂਦੇ ਹਨ। ਕੀ ਇਹ ਦੱਸਣਗੇ ਕਿ ਪਰ ਕਾਂਸਟੀਚੂਐਂਸੀਂ ਮਿਨੀਮਮ ਕਿੰਨੇ ਸਕੂਲ ਅੱਪਗਰੇਡ ਹੋਣਗੇ ਅਤੇ ਮੈਕਸੀਮਮ ਕਿੰਨੇ ਹੋਣਗੇ ?

**ਮੰਤਰੀ** : ਸਪੀਕਰ ਸਾਹਿਬ, ਕਈ ਵਾਰੀ ਕਾਂਸਟੀਚੂਐਂਸੀਵਾਈਜ਼ ਨਹੀਂ ਦੇਖਿਆ ਜਾਂਦਾ। ਜਿਹੜੇ ਏਰੀਆਜ਼ ਪਹਿਲਾਂ ਨੈਗਲੈਕਟਿਡ ਹਨ ਅਤੇ ਜਿਥੇ ਬੱਚਿਆਂ ਨੂੰ ਦੂਰ ਜਾਣਾ ਪੈਂਦਾ ਹੈ, ਉਥੇ ਪਹਿਲ ਦਿੱਤੀ ਜਾਂਦੀ ਹੈ।

**ਸ਼੍ਰੀ ਮਨਮੋਹਨ ਕਾਲੀਆ** : ਸਪੀਕਰ ਸਾਹਿਬ, ਮੈਂ ਤਾਂ ਮੈਕਸੀਮਮ ਵੀ ਪੁਛਿਆ ਹੈ।

**ਮੰਤਰੀ** : ਕਾਂਸਟੀਚੂਐਂਸੀਵਾਈਜ਼ ਵੀ ਖਿਆਲ ਰਖਾਂਗੇ ਅਤੇ ਵਿਚਾਰ ਕਰ ਲਵਾਂਗੇ।

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਕੀ ਉਨ੍ਹਾਂ ਨੇ ਅੱਪਗਰੇਡੇਸ਼ਨ ਸਬੰਧੀ ਬਾਰਡਰ ਏਰੀਆਜ਼ ਨੂੰ ਕੋਈ ਪਰੈਫਰੈਂਸ ਦਿੱਤੀ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਤਕਰੀਬਨ ਈਕੁਇਟੇਬਲ ਡਿਸਟਰੀਬਿਊਸ਼ਨ ਹੁੰਦੀ ਹੈ। ਇਸ ਵਿੱਚ ਬਾਰਡਰ ਏਰੀਆਜ਼ ਵੀ, ਕੰਡੀ ਵੀ ਅਤੇ ਬੇਟ ਏਰੀਆਜ਼ ਵੀ ਆ ਜਾਂਦੇ ਹਨ। ਅਸੀਂ ਹਰ ਪਾਸੇ ਕੰਮ ਨੂੰ ਪੂਰਾ ਕਰਨ ਦਾ ਯਤਨ ਕਰਦੇ ਹਾਂ। ਪਿਛੇ ਅਕਾਲੀਆਂ ਦੇ ਇਲਾਕੇ ਨੈਗਲੈਕਟ ਹੁੰਦੇ ਰਹੇ ਹਨ। ਅਸੀਂ ਉਨ੍ਹਾਂ ਵੱਲ ਖਾਸ ਖਿਆਲ ਰੱਖਣ ਦੀ ਕੋਸ਼ਿਸ਼ ਕਰਾਂਗੇ।

---

**Government Schools without own buildings in Villages of District Gurdaspur**

***220. Shri Raghunath Sahai Puri :** Will the Minister for Education be pleased to state whether it is a fact that the Government Schools of the following villages of Gurdaspur do not have their own buildings, if so, the steps taken/to be taken by the Government in this regard ; Madhopur Cantt. Muthfarkha, Jandrai, Doong and Durangkhar ?

**Sardar Sukhjinder Singh :** The Schools at Madhopur Cantt. Muthfarkha and Doong have been provided one room accommodation while the schools at Jandrai and Durangkhar have been provided two room accommodation by the village panchayats.

**ਸ਼੍ਰੀ ਰਘੂਨਾਥ ਸਹਾਏ ਪੁਰੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁਛਣਾ ਚਾਹੁੰਦਾ ਹਾਂ ਕਿ ਕਈ ਪਿੰਡਾਂ ਵਿਚ ਪੰਚਾਇਤਾਂ ਨੇ ਸਕੂਲਾਂ ਲਈ 1-1, 2-2 ਕਮਰੇ ਬਣਾਏ ਹੋਏ ਹਨ ਅਤੇ ਉਥੇ ਵੀ ਬੱਚੇ ਪੂਰੀ ਤਰ੍ਹਾਂ ਬੈਠ ਨਹੀਂ ਸਕਦੇ। ਪ੍ਰਾਇਮਰੀ ਸਕੂਲਾਂ ਦੀ ਬੜੀ ਬੁਰੀ ਹਾਲਤ ਹੈ। ਸਰਕਾਰ ਉਨ੍ਹਾਂ ਸਕੂਲਾਂ ਲਈ ਕਿੰਨਾ ਫੰਡ ਪ੍ਰੋਵਾਈਡ ਕਰ ਰਹੀ ਹੈ ਤਾ ਕਿ ਉਹ ਬਿਲਡਿੰਗ ਤਾਂ ਬਣਾ ਸਕਣ ?

**ਮੰਤਰੀ** : ਸਪੀਕਰ ਸਾਹਿਬ, ਇਹ ਹੁਣ ਤੱਕ ਦੀ ਪਾਲਿਸੀ ਰਹੀ ਹੈ ਕਿ ਪੰਚਾਇਤ ਪ੍ਰਾਇਮਰੀ ਸਕੂਲਾਂ ਲਈ ਬਿਲਡਿੰਗ ਪਰੋਵਾਈਡ ਕਰੇ। ਪਰ ਸਾਰੀਆਂ ਪੰਚਾਇਤਾਂ ਕੋਲ ਏਨੇ ਫੰਡਜ਼ ਨਹੀਂ ਹੁੰਦੇ

Original with;
Punjab Vidhan Sabha
Digitized by;
Panjab Digital Library

ਉਹ **ਇਕ ਇਕ,** ਦ ਦੋ ਕਮਰੇ ਬਣਾ ਦੇਂਦੇ ਹਨ । ਹੁਣ ਸਕੀਮ ਹੈ ਜਿਸ ਵਿੱਚ ਗੌਰਮਿੰਟ ਆਫ ਇੰਡੀਆ ਅਤੇ **ਸਟੇਟ** ਗੌਰਮਿੰਟ ਕੰਟਰੀਬਿਊਟ ਕਰੇ। ਹੁਣ ਅਸੀਂ ਉਨ੍ਹਾਂ ਬਿਲਡਿੰਗਾਂ ਬਾਰੇ ਵਿਚਾਰ ਕਰਾਂਗੇ ਜਿਥੇ ਬੱਚੇ ਪੂਰੀ ਤਰ੍ਹਾਂ ਨਹੀਂ ਬੈਠ ਸਕਦੇ ।

**ਸ੍ਰੀ ਰਘੂਨਾਥ ਸਹਾਏ ਪੁਰੀ:** ਸਪੀਕਰ ਸਾਹਿਬ, ਕੀ ਸਰਕਾਰ ਉਨ੍ਹਾਂ ਪੰਚਾਇਤਾਂ ਨੂੰ ਪੈਸੇ ਦੇਣ ਲਈ ਤਿਆਰ ਹੈ ਜਿਨ੍ਹਾਂ ਪਾਸ ਕੋਈ ਆਪਣਾ ਪੈਸਾ ਨਹੀਂ ਹੈ ਅਤੇ ਇਹ ਕਿੰਨਾ ਪੈਸਾ ਦੇਣਗੇ ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਰਿਪੀਟ ਹੋ ਰਿਹਾ ਹੈ। ਅਸੀਂ ਪ੍ਰਾਇਮਰੀ ਸਕੂਲਾਂ ਦੀਆਂ ਬਿਲਡਿੰਗਾਂ ਦੇ ਮਸਲੇ ਵਿਚ ਸਾਰੇ ਹਿੰਦੁਸਤਾਨ ਤੋਂ ਕਾਫੀ ਪਛੜੇ ਹੋਏ ਹਾਂ । ਅਸੀਂ ਇਸ ਵੱਲ ਯਤਨਸ਼ੀਲ ਹੋ ਰਹੇ ਹਾਂ। ਅਸੀਂ ਜੇ ਇਹ ਕਿਸੇ ਤੋਂ ਪੈਸਾ ਦਿਵਾਉਣ, ਲੋਕਾਂ ਤੋਂ ਦਿਵਾਉਣ ਤਾਂ ਵੈਲਕਮ ਕਰਾਂਗੇ ਅਤੇ ਜੇ ਕੋਈ ਆਪ ਹੀ ਬਿਲਡਿੰਗ ਬਣਵਾ ਕੇ ਦੇਂਦਾ ਹੈ ਤਾਂ ਅਸੀਂ ਉਸ ਦਾ ਨਾਂ ਵੀ ਲਿਖ ਦੇਵਾਂਗੇ। ਅਸੀਂ ਹਰ ਤਰ੍ਹਾਂ ਦੇ ਇਨਸੈਂਟਿਵਜ਼ ਦੇਵਾਂਗੇ।

**ਸਰਦਾਰ ਬਲਦੇਵ ਸਿੰਘ ਖਿਆਲਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜੋ **ਸ਼ਹਿਰਾਂ** ਵਿੱਚ ਸਕੂਲ ਬਣਦੇ ਹਨ ਉਥੇ ਤਾਂ ਸਰਕਾਰ ਆਪ ਇਮਾਰਤਾਂ ਵਾਸਤੇ ਜ਼ਮੀਨ ਖਰੀਦਦੀ ਹੈ ਅਤੇ ਸਾਰੀ ਬਿਲਡਿੰਗ ਆਪ ਤਿਆਰ ਕਰਦੀ ਹੈ ਪਰ ਪਿੰਡਾਂ ਵਿਚ ਜ਼ਮੀਨ ਵੀ ਪੰਚਾਇਤ ਆਪ ਖਰੀਦੇ ਅਤੇ ਬਿਲਡਿੰਗ ਵੀ ਆਪ ਹੀ ਬਣਾਵੇ । ਇਹ ਵਿੱਤਕਰਾ ਨਹੀਂ ਹੋਣਾ ਚਾਹੀਦਾ। ਪਿੰਡਾਂ ਵਿੱਚ ਵੀ ਸਰਕਾਰ ਸਾਰਾ ਕੰਮ ਆਪ ਹੀ ਕਰੇ, ਇਹ ਇਸ ਬਾਰੇ ਕੀ ਕਹਿੰਦੇ ਹਨ ?

**ਮੰਤਰੀ** : ਸਪੀਕਰ ਸਾਹਿਬ, ਖਿਆਲਾ ਜੀ ਨੇ ਵਧੀਆ ਗੱਲ ਆਖੀ ਹੈ। ਇਹ ਫਰਕ ਤਾਂ ਹੈ ਅੱਗੇ ਤੋਂ ਇਸ ਤਰ੍ਹਾਂ ਨਹੀਂ ਹੋਣ ਦਿਆਂਗੇ।

**ਸ੍ਰੀ ਰਾਮ ਲਾਲ** : ਸਪੀਕਰ ਸਾਹਿਬ, ਕਈ ਪਿੰਡਾਂ ਵਿੱਚ ਸਕੂਲਾਂ ਦੀਆਂ ਬਿਲਡਿੰਗਾਂ ਵੀ ਢਹਿ ਚੁਕੀਆਂ ਹਨ ਅਤੇ ਬੱਚੇ ਦਰੱਖਤਾਂ ਥੱਲੇ ਬੈਠਦੇ ਹਨ ਅਤੇ ਕਈ ਜਗ੍ਹਾਂ ਹਰੀਜਨ ਧਰਮਸ਼ਾਲਾ ਇਸ ਕੰਮ ਲਈ ਵਰਤੀਆਂ ਜਾ ਰਹੀਆਂ ਹਨ ਜਿਨ੍ਹਾਂ ਵਿੱਚ ਬੱਚੇ ਪਨਾਹ ਲੈਂਦੇ ਹਨ । ਕੀ ਇਹ ਸਕੂਲਾਂ ਦੀਆਂ ਬਿਲਡਿੰਗਾਂ ਬਣਵਾ ਦੇਣਗੇ ਤਾਂ ਕਿ ਹਰੀਜਨਾਂ ਦੀਆਂ ਧਰਮਸ਼ਾਲਾਵਾਂ ਵੀ ਖਾਲੀ ਰਹਿ ਸਕਣ ?

**ਸ੍ਰੀ ਸਪੀਕਰ** : ਇਹ ਸਿਰਫ ਸੁਜੈਸ਼ਨ ਹੀ ਹੈ

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਕੀ ਇਨ੍ਹਾਂ ਪਾਸ ਇਸ ਗੱਲ਼ ਬਾਰੇ ਕੋਈ ਡਾਟਾ ਹੈ ਕਿ ਕਿੰਨੇ ਸਕੂਲਾਂ ਪਾਸ ਇਮਾਰਤਾਂ ਹੀ ਨਹੀਂ ਹਨ, ਕਿੰਨੇ ਸਕੂਲਾਂ ਦੀਆਂ ਢਹਿ ਗਈਆਂ ਹਨ ਅਤੇ ਇਹ ਉਨ੍ਹਾਂ ਨੂੰ ਕਿੰਨਾ ਚਿਰ ਤੱਕ ਮੁਰੰਮਤ ਕਰ ਦੇਣਗੇ ?

**ਮੰਤਰੀ** : ਸਾਡੇ ਕੋਲ ਸਾਰਾ ਡਾਟਾ ਹੈ । ਅਸੀਂ ਇਸ ਬਾਰੇ ਸਰਵੇ ਵੀ ਕਰਾਇਆ ਹੈ ਅਤੇ ਅਸੈਟੀਮੇਟ ਵੀ ਲਗਾਇਆ ਹੈ । ਤਕਰੀਬਨ 200 ਕਰੋੜ ਰੁਪਏ ਦੇ ਖਰਚੇ ਦਾ ਐਸਟੀਮੇਟ ਹੈ ਅਤੇ ਪਲਾਨਿੰਗ ਵੀ ਹੈ ਕਿ ਰੀਜ਼ਨੇਬਲ ਸਮੇਂ ਵਿੱਚ ਉਨ੍ਹਾਂ ਨੂੰ ਪੂਰਾ ਕਰ ਦਈਏ।

**ਸ੍ਰੀ ਜੈ ਮੁਨੀ** : ਸਪੀਕਰ ਸਾਹਿਬ, ਮੇਰੇ ਹਲਕੇ ਵਿੱਚ ਲਾਗੇ ਪਿੰਡ ਪੰਚਾਇਤ ਗਲੇਲੜਾ ਹੈ ਜਿਸ ਵਿਚ ਬੱਚੇ ਦਰਖਤਾਂ ਥੱਲੇ ਬੈਠ ਕੇ ਪੜ੍ਹਦੇ ਹਨ । ਕੀ ਇਹ ਉਥੇ ਬਿਲਡਿੰਗ ਬਣਵਾਉਣ ਦੀ ਕ੍ਰਿਪਾਲਤਾ ਕਰਨਗੇ ?

**ਮੰਤਰੀ** : ਸਪੀਕਰ ਸਾਹਿਬ ਕੋਈ 14-15 ਹਜ਼ਾਰ ਸਕੂਲ ਹਨ। ਮੈਂ ਇਕੱਲੇ ਇਕੱਲੇ ਦਾ ਨਾਂ ਤਾਂ ਨਹੀਂ ਦੱਸ ਸਕਦਾ।

---

Original with;
Punjab Vidhan Sabha
Digitized by;
Panjab Digital Library

## Construction of a Hospital at Phagwara

***226. Sardar Joginder Singh Mann :** Will the Minister for Health and Family Welfare be pleased to state—

(a) whether the lay out plan of the Hospital proposed to be constructed at Phagwara has since been prepared after the acquisition of land for the purpose ;

(b) whether the necessary estimates for the said hospital have also been got prepared and the requisite provision, therefor has also been made in the Budget ;

(c) if the reply to parts (a) and (b) above be in affirmative, the time by which the construction of the said hospital is likely to be started and completed ?

**ਸਰਦਾਰ ਬਸੰਤ ਸਿੰਘ ਖਾਲਸਾ** : (ੳ) ਨਹੀਂ ਜੀ । ਮਾਮਲਾ ਕਾਰਵਾਈ ਅਧੀਨ ਹੈ ।

(ਅ) ਨਹੀਂ ਜੀ । ਐਸਟੀਮੇਟਸ ਤਿਆਰ ਕਰਵਾਏ ਜਾ ਰਹੇ ਹਨ, ਜਿਸ ਉਪਰੰਤ ਬਜਟ ਪ੍ਰੋਵੀਜ਼ਨ ਕੀਤੀ ਜਾ ਸਕਦੀ ਹੈ ।

(ੲ) ਉਪਰੋਕਤ ਉੱਤਰ (ੳ) ਅਤੇ (ਅ) ਨੂੰ ਮੁੱਖ ਰੱਖਦੇ ਹੋਏ ਅਤੇ ਫੰਡਾਂ ਦੀ ਘਾਟ ਕਾਰਣ ਇਮਾਰਤ ਦੀ ਉਸਾਰੀ ਲਈ ਸਮਾਂ ਮੁਕੱਰਰ ਨਹੀਂ ਕੀਤਾ ਜਾ ਸਕਦਾ ।

**ਸਰਦਾਰ ਜੋਗਿੰਦਰ ਸਿੰਘ ਮਾਨ** : ਸਪੀਕਰ ਸਾਹਿਬ, ਇਹ ਬੜਾ ਮਹੱਤਤਾ ਵਾਲਾ ਵਿਸ਼ਾ ਹੈ । ਫਗਵਾੜੇ ਦੀ ਆਬਾਦੀ ਕਪੂਰਥਲਾ ਨਾਲੋਂ ਜ਼ਿਆਦਾ ਹੈ ਲੇਕਿਨ ਹਸਪਤਾਲ ਕਪੂਰਥਲੇ ਦਾ ਵੱਡਾ ਹੈ । ਮੈਂ ਮੁੱਖ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਹ ਆਪ ਉਥੇ ਜਾ ਕੇ ਉਥੋਂ ਦੀ ਹਾਲਤ ਵੇਖਣ ਅਤੇ ਨਾਲ ਹੀ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ ਮਾਮਲਾ ਹਸਪਤਾਲ ਨੂੰ ਵੱਡਾ ਕਰਨ ਵਾਲਾ ਕਿਤਨੀ ਦੇਰ ਤੱਕ ਕਾਰਵਾਈ ਅਧੀਨ ਲੈ ਆਂਦਾ ਜਾਵੇਗਾ ।

**ਮੰਤਰੀ** : ਸਪੀਕਰ ਸਾਹਿਬ, ਇਹ ਹਸਪਤਾਲ ਪਹਿਲਾਂ ਅੱਪਗਰੇਡ ਕੀਤਾ ਗਿਆ ਸੀ । ਇਨ੍ਹਾਂ ਦੀ ਗੱਲ ਬਿਲਕੁਲ ਠੀਕ ਹੈ । ਇਸ ਸਿਲਸਿਲੇ ਵਿਚ ਰੈਵੇਨਿਊ ਡਿਪਾਰਟਮੈਂਟ ਤੋਂ ਸਾਡੇ ਮਹਿਕਮੇਂ ਨੇ 51 ਕਨਾਲ ਦੇ ਕਰੀਬ ਜ਼ਮੀਨ ਟ੍ਰਾਂਸਫਰ ਕਰਵਾ ਲਈ ਹੈ । ਪੀ. ਡਬਲਿਊ. ਡੀ. ਵਲੋਂ ਨਕਸ਼ੇ ਵੀ ਬਣ ਗਏ ਹਨ । ਸਾਡੀ ਕੋਸ਼ਿਸ਼ ਹੈ ਕਿ ਇਨ੍ਹਾਂ ਦੀ ਨੀਡ ਦੇ ਮੁਤਾਬਿਕ ਇਹ ਹਸਪਤਾਲ ਜਲਦੀ ਬਣ ਜਾਵੇ ।

**ਸਰਦਾਰ ਜੋਗਿੰਦਰ ਸਿੰਘ ਮਾਨ** : ਸਪੀਕਰ ਸਾਹਿਬ, ਇਹ ਵਿਸ਼ਾ ਬੜਾ ਮਹੱਤਤਾ ਵਾਲਾ ਹੈ । ਮੰਤਰੀ ਜੀ ਨੇ ਆਖਿਆ ਹੈ ਕਿ ਫੰਡਾਂ ਦੀ ਘਾਟ ਕਰਕੇ ਇਹ ਗੱਲ ਸਿਰੇ ਨਹੀਂ ਲੱਗ ਰਹੀ । ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਫੰਡਾਂ ਦੀ ਘਾਟ ਕਿਤਨੀ ਦੇਰ ਤੱਕ ਪੂਰੀ ਹੋ ਜਾਵੇਗੀ ?

**ਮੰਤਰੀ** : ਫੰਡਾਂ ਦੀ ਘਾਟ ਤਾਂ, ਸਪੀਕਰ ਸਾਹਿਬ, ਰਹਿਣੀ ਹੀ ਹੈ । ਜਿੰਨੇ ਫੰਡ ਸਾਡੇ ਕੋਲੋਂ ਅਵੇਲੇਬਲ ਹੋਏ, ਅਸੀਂ ਉਸ ਦੇ ਮੁਤਾਬਿਕ ਜਲਦੀ ਇਸ ਨੂੰ ਕੰਪਲੀਟ ਕਰਨ ਵਾਸਤੇ ਕੋਸ਼ਿਸ਼ ਕਰਾਂਗੇ ।

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਮੰਤਰੀ ਜੀ ਪੁਰਾਣੇ ਰਿਵਾਜ ਤੇ ਵਿਚਾਰ ਕਰਕੇ ਨੀਂਹ ਪੱਥਰ ਰੱਖੀ ਜਾਇਆ ਕਰਨ, ਬਾਕੀ ਕੰਮ ਆਪੇ ਹੁੰਦੇ ਰਹਿਣਗੇ । ਜੇ ਹੋ ਗਿਆ ਤਾਂ ਵੀ ਠੀਕ, ਨਾ ਹੋਇਆ ਤਾਂ ਵੀ ਠੀਕ । (ਹਾਸਾ)

---

Original with;
Punjab Vidhan Sabha
Digitized by;
Panjab Digital Library

## Attachment of Hospitals and Dispensaries with the Medical Colleges

***76. Sardar Dalip Singh Pandhi :** Will the Minister for Health and Family Welfare be pleased to state whether the Government propose to attach the Hospitals and dispensaries in the State with different Medical Colleges in the State, if so, when ?

**ਸਰਦਾਰ ਬਸੰਤ ਸਿੰਘ ਖਾਲਸਾ** : ਹਾਂ ਜੀ, ਰੀਔਰਈਨਟੇਸ਼ਨ ਆਫ ਮੈਡੀਕਲ ਐਜੂਕੇਸ਼ਨ ਸਕੀਮ ਅਧੀਨ ਹਸਪਤਾਲਾਂ ਅਤੇ ਡਿਸਪੈਂਸਰੀਆਂ ਨੂੰ ਰਾਜ ਦੇ ਵੱਖ ਵੱਖ ਮੈਡੀਕਲ ਕਾਲਜਾਂ ਨਾਲ ਜੋੜਿਆ ਜਾਵੇਗਾ । ਪਹਿਲੇ ਪੜਾਅ ਵਿਚ ਹੇਠ ਲਿਖੇ ਬਲਾਕ ਅਤੇ ਉਹਨਾਂ ਵਿਚਲੇ ਪ੍ਰਾਇਮਰੀ ਹੈਲਥ ਸੈਂਟਰ ਪੰਜਾਬ ਰਾਜ ਵਿਚ ਮੈਡੀਕਲ ਕਾਲਜਾਂ ਨਾਲ ਜੋੜੇ ਗਏ ਹਨ :—

| ਕਾਲਜ ਦਾ ਨਾਂ | ਬਲਾਕ | ਪ੍ਰਾਇਮਰੀ ਹੈਲਥ ਸੈਂਟਰ |
|---|---|---|
| ਮੈਡੀਕਲ ਕਾਲਜ, ਪਟਿਆਲਾ ... | ਸਰਹਿੰਦ | ਚਨਾਰਥਲ ਕਲਾਂ |
| | ਰਾਜਪੁਰਾ | ਕਾਲੋ ਮਾਜਰਾ |
| | ਨਾਭਾ | ਭਾਦਸੋਂ |
| ਮੈਡੀਕਲ ਕਾਲਜ, ਅੰਮ੍ਰਿਤਸਰ ... | ਵੇਰਕਾ | ਵੇਰਕਾ |
| | ਚੋਗਾਵਾਂ | ਲੋਪੋਕੇ |
| | ਮਜੀਠਾ | ਥਰੀਏਵਾਲ |
| ਮੈਡੀਕਲ ਕਾਲਜ, ਫਰੀਦਕੋਟ | ਫਰੀਦਕੋਟ | ਜੰਡ ਸਾਹਿਬ |
| | ਕੋਟ ਕਪੂਰਾ | ਬਾਜੇ ਖਾਨਾ |
| | ਮੋਗਾ 1 ਅਤੇ 2 | ਢੁਡੀਕੇ |
| ਕਰੀਸਚਨ ਮੈਡੀਕਲ ਕਾਲਜ, ਲੁਧਿਆਣਾ | ਲੁਧਿਆਣਾ | ਸਾਹਨੇਵਾਲ |
| ਦਯਾ ਨੰਦ ਮੈਡੀਕਲ ਕਾਲਜ, ਲੁਧਿਆਣਾ | ਸਿਧਵਾਂ ਬੇਟ | ਹੰਬੜਾ |

ਦੂਸਰੇ ਪੜਾਅ ਵਿੱਚ ਇਸ ਸਕੀਮ ਅਧੀਨ ਸਾਰੇ ਜ਼ਿਲ੍ਹਿਆਂ ਦੀਆਂ ਡਿਸਪੈਂਸਰੀਆਂ ਅਤੇ ਹਸਪਤਾਲ ਸਬੰਧਤ ਮੈਡੀਕਲ ਕਾਲਜਾਂ ਦੇ ਪ੍ਰਿੰਸੀਪਲਾਂ ਦੇ ਕੰਟਰੋਲ ਅਧੀਨ ਲਿਆਉਣ ਦੀ ਤਜਵੀਜ਼ ਹੈ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਨ੍ਹਾਂ ਨੇ ਅੱਗੇ ਪੜ੍ਹਿਆ ਨਹੀਂ । ਅੱਗੇ ਲਿਖਿਆ ਹੈ—

"ਦੂਸਰੇ ਪੜਾਅ ਵਿੱਚ ਇਸ ਸਕੀਮ ਅਧੀਨ ਸਾਰੇ ਜ਼ਿਲ੍ਹਿਆਂ ਦੀਆਂ ਡਿਸਪੈਂਸਰੀਆਂ ਅਤੇ ਹਸਪਤਾਲ ਸਬੰਧਤ ਮੈਡੀਕਲ ਕਾਲਜਾਂ ਦੇ ਪ੍ਰਿੰਸੀਪਲਾਂ ਦੇ ਕੰਟਰੋਲ ਅਧੀਨ ਲਿਆਉਣ ਦੀ ਤਜਵੀਜ਼ ਹੈ ।"

ਜਦੋਂ ਇਥੇ ਅਕਾਲੀ-ਜਨਤਾ ਸਰਕਾਰ ਸੀ, ਉਸ ਵੇਲੇ ਇਹ ਫੈਸਲਾ ਹੋ ਗਿਆ ਸੀ ਕਿ first the doctor should go to the patient. ਪਿਛੋਂ ਇਹ ਫੈਸਲਾ ਬਦਲ ਕੇ ਪਿੰਡਾਂ ਦੇ ਹਸਪਤਾਲ ਸਿਵਲ ਸਰਜਨ ਦੇ ਮਾਤਹਿਤ ਕਰ ਦਿਤੇ । ਇਹ ਪਹਿਲੇ ਫੇਜ਼ ਦੀ ਤਬਦੀਲੀ ਕਦੋਂ ਲਿਆਂਦੀ ਗਈ ਹੈ ਅਤੇ ਦੂਜੇ ਫੇਜ਼ ਨੂੰ ਕਦੋਂ ਤਬਦੀਲ ਕਰਨਗੇ ਅਤੇ ਉਨ੍ਹਾਂ ਡਿਸਪੈਂਸਰੀਆਂ ਨੂੰ ਕਾਲਜਾਂ ਦੇ ਮਾਤਹਿਤ ਲਿਆ ਜਾਵੇਗਾ ਕਿਉਂਕਿ ਕਲ੍ਹ ਤੱਕ ਇਹ ਸਾਰਾ ਇੰਤਜ਼ਾਮ ਸਿਵਲ ਸਰਜਨ ਕੋਲ ਸੀ ?

**ਮੰਤਰੀ** : ਸਪੀਕਰ ਸਾਹਿਬ, ਇਹ ਜੋ ਪ੍ਰਾਇਮਰੀ ਹੈਲਥ ਸੈਂਟਰ ਹਨ, ਇਨ੍ਹਾਂ ਨੂੰ ਕਾਲਜਾਂ ਦੇ ਨਾਲ ਜੋੜਨ ਦਾ ਸਬੰਧ ਪਿੰਡਾਂ ਵਿਚ ਰਹਿਣ ਵਾਲੇ ਸਾਰੇ ਲੋਕਾਂ ਨੂੰ ਮੈਡੀਕਲ ਫੈਸਿਲਿਟੀਜ਼ ਦੇਣ ਬਾਰੇ ਹੈ । ਇਹ ਸਕੀਮ ਠੀਕ ਚੱਲ ਰਹੀ ਹੈ । ਹਰ ਕਾਲਜ ਵਿਚ ਵਿਦਿਆਰਥੀ ਹਨ, ਇਨਟਰਨੀਜ਼ ਹਨ । ਕਈ ਹਸਪਤਾਲਾਂ ਵਿਚ ਹੋਸਟਲ ਵੀ ਬਣ ਗਏ ਹਨ ਅਤੇ ਉਹ ਉਥੇ ਰਹਿੰਦੇ ਹਨ । ਉਹ ਪਿੰਡਾਂ ਦੇ ਟੂਰ ਲਾ ਕੇ ਮੈਡੀਕਲ ਕੇਅਰ ਦੇਣ ਵਾਲੇ ਉਪਰਾਲਾ ਕਰਦੇ ਹਨ । ਜਿਥੋਂ ਤੱਕ ਦੂਜੇ ਪੜਾਅ ਦਾ ਸਬੰਧ ਹੈ, ਉਸ ਬਾਰੇ ਮੈਡੀਕਲ ਕੌਂਸਲ ਆਫ ਇੰਡੀਆ ਦਾ ਇਹ ਡਾਇਰੈਕਟਿਵ ਹੈ ਕਿ ਜਿੰਨੀ ਦੇਰ ਇਨ੍ਹਾਂ ਕਾਲਜਾਂ ਨਾਲ ਡਿਸਪੈਂਸਰੀਆਂ, ਅਤੇ ਪ੍ਰਾਇਮਰੀ ਹੈਲਥ ਸੈਂਟਰਾਂ ਨੂੰ ਜੋੜਿਆ ਨਹੀਂ ਜਾਵੇਗਾ, ਉਤਨੀ ਦੇਰ ਤੁਹਾਡੀ ਡਿਗਰੀ ਨੂੰ ਰਿਕਗਨਾਈਜ਼ ਨਹੀਂ ਕੀਤਾ ਜਾਵੇਗਾ ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, 1970 ਤੋਂ ਬਾਅਦ ਪਿੰਡਾਂ ਵਿਚ ਡਿਸਪੈਂਸਰੀਆਂ ਦੀ ਸ਼ਕਲ ਵਿਚ 25 ਬਿਸਤਰਿਆਂ ਦੇ ਜਿਹੜੇ ਹਸਪਤਾਲ ਬਣਾਏ ਗਏ ਹਨ, ਉਹ ਚੱਲੇ ਨਹੀਂ । ਉਥੇ ਕਬੂਤਰ ਬੋਲ ਰਹੇ ਹਨ । ਇਸ ਗੱਲ ਨੂੰ ਮੱਦੇ ਨਜ਼ਰ ਰੱਖ ਕੇ ਪਿਛਲੀ ਸਰਕਾਰ ਨੇ ਸਾਰਾ ਫੈਸਲਾ ਬਦਲ ਦਿੱਤਾ । ਕੀ ਉਨ੍ਹਾਂ ਡਿਸਪੈਂਸਰੀਆਂ ਨੂੰ ਮੈਡੀਕਲ ਕਾਲਜਾਂ ਨਾਲ ਜੋੜਨਗੇ ਜ਼ਾਂ ਕੋਈ ਹੋਰ ਪ੍ਰਬੰਧ ਕੀਤਾ ਜਾਵੇਗਾ ?

**ਮੰਤਰੀ** : ਸਪੀਕਰ ਸਾਹਿਬ, ਜਿਥੇ ਜਿਥੇ ਵੀ ਡਿਸਪੈਂਸਰੀਆਂ ਹਨ ਅਤੇ ਜਿਹੋ ਜਿਹਾ ਏਰੀਆ ਹੈ, ਉਸ ਦੇ ਮੁਤਾਬਿਕ ਹੀ ਇੰਤਜ਼ਾਮ ਕੀਤਾ ਜਾਂਦਾ ਹੈ । ਲੋੜੀਂਦਾ ਸਟਾਫ ਲਿਆ ਜਾਂਦਾ ਹੈ । ਸੈਂਟਰ ਸਰਕਾਰ ਕੋਲੋਂ 12 ਕੁ ਲੱਖ ਰੁਪਏ ਦੀ ਗ੍ਰਾਂਟ ਮਿਲਦੀ ਹੈ, ਇੰਨੀ ਕੁ ਹੀ ਪੰਜਾਬ ਸਰਕਾਰ ਦਿੰਦੀ ਹੈ । ਇਕ ਵੈਨ ਅਤੇ ਇਕ ਮਿਨੀ ਬੱਸ ਦੀ ਸਰਵਿਸ ਅਵੇਲੇਬਲ ਹੁੰਦੀ ਹੈ । ਸਾਰਾ ਸਟਾਫ ਕੈਜ਼ੂਅਲ ਵਿਜ਼ਿਟ ਕਰਕੇ ਇਹ ਸਾਰੀਆਂ ਸਹੂਲਤਾਂ ਦਿੰਦਾ ਹੈ ।

**ਡਾਕਟਰ ਰਤਨ ਸਿੰਘ** : ਕੀ ਇਨ੍ਹਾਂ ਪ੍ਰੋਫੈਸਰਾਂ ਨੇ ਕੋਈ ਟਾਈਮ ਫਿਕਸ ਕੀਤਾ ਹੁੰਦਾ ਹੈ ਕਿ ਇਸ ਟਾਈਮ ਅਸੀਂ ਆਵਾਂਗੇ, ਮਰੀਜ਼ ਤਿਆਰ ਰਹਿਣ ?

**ਮੰਤਰੀ** : ਐਸੀ ਤਾਂ ਕੋਈ ਗੱਲ ਨਹੀਂ ।

**ਡਾਕਟਰ ਰਤਨ ਸਿੰਘ** : ਫਿਰ ਫਾਇਦਾ ਕੀ ਹੋਇਆ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਜਿੰਨੇ ਕਾਲਜ ਹਨ, ਉਨ੍ਹਾਂ ਦੇ ਵਿਚ ਟਾਈਮ ਸ਼ੈਡਿਊਲ ਬਣਿਆ ਹੋਇਆ ਹੈ। ਡਾਕਟਰ ਉਸ ਦੇ ਮੁਤਾਬਿਕ ਜਾਂਦੇ ਹਨ ਅਤੇ ਟਰੀਟਮੈਂਟ ਕਰਦੇ ਹਨ ।

**ਸਰਦਾਰ ਕੁਲਦੀਪ ਸਿੰਘ ਵਡਾਲਾ** : ਹਸਪਤਾਲਾਂ ਨੂੰ ਮੈਡੀਕਲ ਕਾਲਜਾਂ ਦੇ ਨਾਲ ਤਾਂ ਜੋੜ ਦਿੱਤਾ ਗਿਆ ਹੈ ਪਰ ਪਿੰਡਾਂ ਦੇ ਸਾਰੇ ਹਸਪਤਾਲ ਖਾਲੀ ਪਏ ਹਨ ਕਿਉਂਕਿ ਉਥੇ ਕੋਈ ਜਾਣ ਨੂੰ ਤਿਆਰ ਨਹੀਂ ਹੁੰਦਾ । ਸ਼ਹਿਰਾਂ ਦੇ ਵਿਚ ਡਾਕਟਰੀ ਅਮਲੇ ਨੂੰ ਹਾਊਸ ਰੈਂਟ ਅਲਾਊਂਸ ਮਿਲਦਾ ਹੈ, ਪਿੰਡਾਂ ਵਿਚ ਨਹੀਂ । ਕੀ ਇਹ ਕੋਈ ਉਪਾਅ ਕਰਨਗੇ ਕਿ ਪਿੰਡਾਂ ਵਿਚ ਜਾਣ ਤੋਂ ਡਾਕਟਰੀ ਅਮਲਾ ਇਨਡਿਫ-ਰੈਂਸ ਨਾ ਵਿਖਾਵੇ ?

**ਮੰਤਰੀ** : ਸਪੀਕਰ ਸਾਹਿਬ, ਸਾਡੇ ਆਉਣ ਤੋਂ ਪਹਿਲਾਂ ਪਿਛਲੀ ਸਰਕਾਰ ਨੇ ਡਾਕਟਰਾਂ ਨੂੰ ਆਨ ਡੈਪੂਟੇਸ਼ਨ ਸ਼ਹਿਰਾਂ ਵਿਚ ਲਿਆਂਦਾ ਸੀ । ਹੁਣ ਜਿੰਨੀਆਂ ਕੁ ਸਾਡੇ ਕੋਲ ਪਿੰਡਾਂ ਵਿਚ ਪੋਸਟਾਂ ਹਨ, ਉਸ ਦੇ ਮੁਤਾਬਿਕ ਸਾਰਿਆਂ ਦੀਆਂ ਅਪਾਇੰਟਮੈਂਟਸ ਕੀਤੀਆਂ ਹੋਈਆਂ ਹਨ ਅਤੇ ਕੁਝ ਹੋਰ ਪੋਸਟਾਂ ਦੇਣ ਵਾਸਤੇ ਅਸੀਂ ਸਰਕਾਰ ਨੂੰ ਲਿਖਿਆ ਹੋਇਆ ਹੈ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਨ੍ਹਾਂ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਨਤਾ ਪਾਰਟੀ ਦੀ ਸਰਕਾਰ ਵੇਲੇ ਫਸਟ ਕਲਾਸ ਗੱਡੀਆਂ ਆਈਆਂ ਸਨ ਪਰ ਪਿਛਲੀ ਸਰਕਾਰ ਵੇਲੇ ਇਹ ਸਾਰੀਆਂ ਗੱਡੀਆਂ ਟਰੱਕਾਂ ਵਿਚ ਕਨਵਰਟ ਹੋ ਗਈਆਂ ਹਨ ਅਤੇ ਪੇਸ਼ੈਂਟਾਂ ਦੇ ਕੰਮ ਨਹੀਂ ਆਉਂਦੀਆਂ । ਕਾਂਗਰਸ ਵਾਲਿਆਂ ਨੇ ਉਹ ਸਾਰੀ ਸਕੀਮ ਨੱਲੀਫਾਈ ਕਰ ਦਿਤੀ ਹੈ । ਉਹ ਸਕੀਮ ਬਹੁਤ ਅੱਛੀ ਸੀ ਅਤੇ ਪੇਂਡੂ ਮੈਡੀਕਲ ਸਰਵਿਸ ਵਿਚ ਸੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਉਹ ਸਕੀਮ ਕਦੋਂ ਤਕ ਮੁੜ ਲਾਗੂ ਕਰ ਦਿਤੀ ਜਾਏਗੀ ? ਪਿੰਡਾਂ ਦੇ ਹਸਪਤਾਲਾਂ ਵਿਚ ਦਾਖਲਾ ਨਹੀਂ ਹੁੰਦਾ । ਇਹ ਗੱਡੀਆਂ ਜਲਦੀ ਠੀਕ ਕਰਨੀਆਂ ਚਾਹੀਦੀਆਂ ਹਨ ਤਾਕਿ ਪਿੰਡਾਂ ਵਿਚ ਮੈਡੀਕਲ ਕੇਅਰ ਜਾ ਸਕੇ। ਇਹ ਕਦੋਂ ਤਕ ਹੋ ਜਾਏਗਾ ?

**ਮੰਤਰੀ**: ਇਹ ਜੋ ਆਪ ਜੀ ਨੇ ਕਿਹਾ ਹੈ ਕਿ ਗੱਡੀਆਂ ਟਰੱਕ ਬਣ ਗਈਆਂ ਹਨ ਇਸ ਬਾਰੇ ਨੋਟਿਸ ਦੇ ਦੇਣ ਮੈਂ ਜਵਾਬ ਦੇ ਦਿਆਂਗਾ ।

---

**Buses plying from Chandigarh to Kamahi Devi, District Hoshiarpur**

***156. Shri Ram Parkash Bali :** Will the Chief Minister be pleased to state whether it is a fact that the buses from Chandigarh to Kamahi Devi (Hoshiarpur District) and from Chandigarh to Talwara are not plying on the prescribed routes i.e. via Nurpur Bedi Bhangla, if so, the reasons therefor and the action being taken by the Government in this regard ?

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਹਾਂ । ਕਿਉਂਕਿ ਸੜਕ, ਬਾਥੜੀ ਵਿਖੇ ਬੱਸ ਸੇਵਾ ਚਲਣਯੋਗ ਨਹੀਂ ਹੈ, ਇਸ ਕਰਕੇ ਭੰਗਲਾ ਤੱਕ ਚਲਾਈ ਜਾਂਦੀ ਹੈ ।

**ਸ੍ਰੀ ਰਾਮ ਪ੍ਰਕਾਸ਼ ਬਾਲੀ** : ਸਪੀਕਰ ਸਾਹਿਬ, ਮੈਂ ਸਤਿਕਾਰ ਯੋਗ ਮੁੱਖ ਮੰਤਰੀ ਜੀ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜੀ ਰਿਪੋਰਟ ਮਹਿਕਮੇਂ ਨੇ ਦਿਤੀ ਹੈ ਕਿ ਬਾਥੜੀ ਸੜਕ ਠੀਕ ਨਹੀਂ ਹੈ ਇਹ ਬਿਲਕੁਲ ਗਲਤ ਹੈ । ਇਹ ਪਿੰਡ ਹਿਮਾਚਲ ਪ੍ਰਦੇਸ਼ ਵਿਚ ਹੈ। ਪਿੰਡ ਭੰਗਲਾ ਨੈਕਸਟ ਟੂ ਮਾਈ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਰਾਮ ਪ੍ਰਕਾਸ਼ ਬਾਲੀ]

ਕੰਸਟੀਚੁਐਂਸੀ ਹੈ । ਗੜ੍ਹ ਸ਼ੰਕਰ ਤੋਂ ਨੰਗਲ, ਗੜ੍ਹ ਸ਼ੰਕਰ ਤੋਂ ਹੁਸ਼ਿਆਰਪੁਰ ਅਤੇ ਗੜ੍ਹਸ਼ੰਕਰ ਤੋਂ ਊਨਾ ਨੂੰ ਬੱਸਾਂ ਦਿਨ ਵਿਚ 20-25 ਜਾਂਦੀਆਂ ਹਨ । ਨੂਰਪੁਰ ਬੇਦੀ ਦੀ ਸੜਕ ਬਹੁਤ ਵਧੀਆ ਬਣ ਚੁਕੀ ਹੈ । ਬੱਚੇ ਉਥੇ ਟਰਾਈ ਸਿਕਲ ਤੇ ਗੁਜ਼ਰ ਸਕਦੇ ਹਨ । ਡੀ. ਸੀ. ਸਾਹਿਬ ਨੂੰ ਮੈਂ ਮੌਕੇ ਤੇ ਜਾ ਕੇ ਦਿਖਾਇਆ ਹੈ ਉਹ ਸੜਕ ਠੀਕ ਹੈ । ਮਹਿਕਮੇਂ ਦੇ ਅਫਸਰਾਂ ਨੇ ਝੂਠ ਬੋਲਿਆ ਹੈ । ਉਥੇ ਕੀ ਇਹ ਬੱਸਾਂ ਦੁਬਾਰਾ ਚਲਾਉਣ ਦਾ ਯਤਨ ਕਰਨਗੇ ? ਅਗਰ ਬੱਸਾਂ ਚਲਾਈਆਂ ਗਈਆਂ ਤਾਂ ਫਿਰ ਮਹਿਕਮੇਂ ਵਾਲੇ ਕਹਿਣਗੇ ਕਿ ਉਥੇ ਸਵਾਰੀਆਂ ਨਹੀਂ ਹਨ । ਇਸ ਲਈ ਇਸ ਬਾਰੇ ਕੀ ਇਹ ਇਨਕੁਆਇਰੀ ਕਰਾਉਣਗੇ ਅਤੇ ਜਿਨ੍ਹਾਂ ਨੇ ਝੂਠ ਰਿਪੋਰਟ ਦਿਤੀ ਹੈ ਉਨ੍ਹਾਂ ਦੇ ਖਿਲਾਫ ਕੋਈ ਐਕਸ਼ਨ ਲੈਣਗੇ ਅਤੇ ਉਥੇ ਬੱਸਾਂ ਚਲਾਉਣਗੇ ?

**ਮੁੱਖ ਮੰਤਰੀ** : ਜੋ ਮੈਂਬਰ ਸਾਹਿਬ ਨੇ ਭੰਗਲਾ ਬਾਰੇ ਦੱਸਿਆ ਹੈ ਕਿ ਉਹ ਇਨ੍ਹਾਂ ਦੀ ਕੰਸਟੀਚੁ-ਐਂਸੀ ਨਾਲ ਹੈ । ਉਥੇ ਪਹਿਲਾਂ ਸੜਕ ਬਹੁਤ ਖਰਾਬ ਸੀ । ਬੱਸਾਂ ਵਾਲੇ ਉਥੋਂ ਦੀ ਜਾਣ ਤੋਂ ਇਨਕਾਰੀ ਕਰਦੇ ਸਨ । ਹੁਣ ਉਹ ਸੜਕ ਠੀਕ ਕਰਾਈ ਹੈ ਇਹ ਆਪ ਵੀ ਕਹਿੰਦੇ ਹਨ ਕਿ ਠੀਕ ਹੋ ਗਈ ਹੈ । ਇਸ ਤੋਂ ਅੱਗੇ ਹਿਮਾਚਲ ਪ੍ਰਦੇਸ਼ ਦਾ ਏਰੀਆ ਆ ਜਾਂਦਾ ਹੈ । ਉਥੇ ਸੜਕ ਠੀਕ ਨਹੀਂ ਹੈ ਔਰ ਬੱਸਾਂ ਚਲਣ ਨਾਲ ਬੱਸਾਂ ਦਾ ਨੁਕਸਾਨ ਹੋ ਜਾਂਦਾ ਹੈ । ਉਥੇ ਬੱਸਾਂ ਨਹੀਂ ਚਲ ਰਹੀਆਂ । ਲੰਬੇ ਰੂਟ ਤੋਂ ਨੰਗਲ-ਊਨਾ ਕਿੰਨੀਆਂ ਬੱਸਾਂ ਚਲਦੀਆਂ ਹਨ । ਜਿੰਨਾਂ ਚਿਰ ਹਿਮਾਚਲ ਦੀ ਸੜਕ ਠੀਕ ਨਹੀਂ ਹੁੰਦੀ ਉਨ੍ਹਾਂ ਚਿਰ ਉਥੇ ਬਸਾਂ ਦਾ ਚੱਲਣਾ ਮੁਮਕਿਨ ਨਹੀਂ ਹੋ ਸਕੇਗਾ ।

**ਸ਼੍ਰੀ ਰਾਮ ਪ੍ਰਕਾਸ਼ ਬਾਲੀ** : ਸਵਾਲ ਦੇ ਜਵਾਬ ਵਿਚ ਦੱਸਿਆ ਗਿਆ ਹੈ ਕਿ ਬਾਥੜੀ ਵਿਖੇ ਸੜਕ ਠੀਕ ਨਹੀਂ ਹੈ । ਪਰ ਉਥੋਂ ਦੀਆਂ ਦਿਨ ਵਿਚ 20-20 ਬੱਸਾਂ ਜਾਂਦੀਆਂ ਹਨ । ਊਨਾ ਤੋਂ ਨੰਗਲ ਤਕ ਸੜਕ ਪੱਕੀ ਹੈ । ਕੀ ਇਸ ਸਬੰਧੀ ਕੋਈ ਇਨੰਕੁਆਇਰੀ ਕਰਾਉਣਗੇ ਔਰ ਅਗਰ ਮਹਿਕਮੇਂ ਦੀ ਗਲਤ ਰਿਪੋਰਟ ਹੋਈ ਤਾਂ ਕੀ ਸਬੰਧਤ ਅਫਸਰ ਜਿਸ ਨੇ ਗਲਤ ਰਿਪੋਰਟ ਦਿਤੀ ਹੈ ਉਸ ਦੇ ਖਿਲਾਫ ਕੋਈ ਐਕਸ਼ਨ ਲੈਣਗੇ ?

**ਮੁੱਖ ਮੰਤਰੀ** : ਮੈਂ ਸਪੈਸ਼ਲ ਅਫਸਰ ਉਥੇ ਭੇਜ ਦਿਆਂਗਾ ਜੋ ਕਿ ਦੇਖੇਗਾ ਕਿ ਬਾਥੜੀ ਵਿਖੇ ਸੜਕ ਕਿਹੋ ਜਿਹੀ ਹੈ । ਜੇਕਰ ਉਥੇ ਸੜਕ ਠੀਕ ਹੋਈ ਤਾਂ ਫਿਰ ਸਾਨੂੰ ਉਥੇ ਬੱਸ ਸੇਵਾ ਚਲਾਉਣ ਵਿਚ ਕੋਈ ਦਿੱਕਤ ਨਹੀਂ ਹੋਏਗੀ ।

**ਸਰਦਾਰ ਕੁਲਦੀਪ ਸਿੰਘ ਵਡਾਲਾ** : ਸਪੀਕਰ ਸਾਹਿਬ, ਜਿੰਨੇ ਰੂਟ ਪਿੰਡਾਂ ਲਈ ਸੈਂਕਸ਼ਨ ਹੋਏ ਹਨ ਉਨ੍ਹਾਂ ਵਿਚੋਂ ਕਈ ਰੂਟਸ ਅਮੂਮਨ ਮਿਸ ਹੁੰਦੇ ਹਨ । ਤੁਸੀਂ ਮਹੀਨੇ ਦੀ ਰਿਪੋਰਟ ਮੰਗਵਾ ਕੇ ਦੇਖ ਲਓ ਕਿ ਕਿੰਨੇ ਰੂਟ ਮਿਸ ਹੋਏ ਹਨ ਔਰ ਕਿੰਨੇ ਚੱਲੇ ਹਨ ।

**ਮੁੱਖ ਮੰਤਰੀ** : ਕੋਈ ਖਾਸ ਜਗ੍ਹਾ ਦੱਸ ਦੇਣ । ਸਾਰੇ ਪਿੰਡਾਂ ਲਈ ਰਿਪੋਰਟ ਮੰਗਵਾਉਣੀ ਮੁਮਕਿਨ ਨਹੀਂ ਹੋਏਗੀ । ਜਿਸ ਕਿਸੇ ਰੂਟ ਬਾਰੇ ਇਨ੍ਹਾਂ ਨੂੰ ਇਤਰਾਜ਼ ਹੈ ਉਸ ਬਾਰੇ ਦੱਸ ਦੇਣ ਮੈਂ ਪਤਾ ਕਰਾ ਲਵਾਂ-ਗਾ ।

**ਸਰਦਾਰ ਬਚਨ ਸਿੰਘ** : ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਰੂਟ ਪਿੰਡਾਂ ਨੂੰ ਲੱਗੇ ਹੋਏ ਹਨ ਉਨ੍ਹਾਂ ਬੱਸਾਂ ਦੀਆਂ ਨਾ ਖਿੜਕੀਆਂ ਹਨ ਔਰ ਨਾ ਹੀ ਉਨ੍ਹਾਂ ਦੇ ਸ਼ੀਸ਼ੇ ਹਨ, ਬੱਸਾਂ ਦੀ ਕੰਡੀਸ਼ਨ ਬਹੁਤ ਮਾੜੀ ਹੈ । ਕਪੂਰਥਲਾ ਤੋਂ ਸੁਲਤਾਨਪੁਰ ਜੋ ਬੱਸਾਂ ਜਾਂਦੀਆਂ ਹਨ ਉਨ੍ਹਾਂ ਬਾਰੇ ਪਤਾ ਕਰ ਲਵੋ । ਇਥੋਂ ਠੀਕ ਬੱਸਾਂ ਚਲਾਈਆਂ ਜਾਣ, ਕੀ ਇਸ ਬਾਰੇ ਇਹ ਵਿਚਾਰ ਕਰਨਗੇ ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ** : ਬੱਸਾਂ ਦੀ ਹਾਲਤ ਕਾਫੀ ਮਾੜੀ ਹੈ। ਨਵੀਆਂ ਬੱਸਾਂ ਪਾਈਆਂ ਨਹੀਂ ਗਈਆਂ ਹਨ ਔਰ ਟੁੱਟੀਆਂ ਹੋਈਆਂ ਬਸਾਂ ਦੀ ਰਿਪੇਅਰ ਨਹੀਂ ਹੋਈ ਹੈ। ਜੋ ਬਸਾਂ ਸਾਨੂੰ ਮਿਲੀਆਂ ਹਨ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ। ਕੋਈ ਢੰਗ ਬਣਾਉਣ ਬਾਰੇ ਸੋਚ ਰਹੇ ਹਾਂ ਜਿਸ ਨਾਲ ਕਿ ਟੁੱਟੀਆਂ ਹੋਈਆਂ ਬਸਾਂ ਦੀ ਮੁਰੰਮਤ ਕਰਾਈ ਜਾਏ ਔਰ ਨਵੀਆਂ ਬਸਾਂ ਵੀ ਲਈਆਂ ਜਾਣ। ਇਕ ਕਮੇਟੀ ਇਸ ਸਬੰਧੀ ਬਣਾਈ ਹੈ ਜੋ ਕਿ ਇਹ ਸਾਰੀ ਚੀਜ਼ ਦੀ ਘੋਖ ਕਰੇਗੀ ਔਰ ਸਾਨੂੰ ਆਪਣੀ ਰਿਪੋਰਟ ਦੇਵੇਗੀ ਕਿ ਇਸ ਸਿਲ ਸਿਲੇ ਵਿਚ ਕੀ ਕਰਨਾ ਚਾਹੀਦਾ ਹੈ।

**ਸ੍ਰੀ ਰਮੇਸ਼ ਚੰਦਰ ਡੋਗਰਾ** : ਬੱਸਾਂ ਵਾਇਆ ਦਤਾਰਪੁਰ ਹੋ ਕੇ ਕਮਾਹੀ ਦੇਵੀ ਜਾਂਦੀਆਂ ਸਨ। 1½ ਸਾਲ ਪਹਿਲਾਂ ਕੰਡੀ ਕਨਾਲ ਦੀ ਵਜ੍ਹਾ ਨਾਲ ਦਤਾਰ ਪੁਰ ਸੜਕ ਖਰਾਬ ਹੋ ਗਈ ਸੀ। ਬੱਸਾਂ ਸਿਧੀਆਂ ਕਮਾਹੀ ਦੇਵੀ ਜਾਣ ਲਗ ਪਈਆਂ। ਹੁਣ ਅਸੀਂ ਦਤਾਰ ਪੁਰ ਵਾਲੀ ਸੜਕ ਠੀਕ ਕਰ ਦਿੱਤੀ ਹੈ। ਫਿਰ ਭੀ ਬਸਾਂ ਜੋ ਕਮਾਹੀ ਦੇਣੀ ਜਾਂਦੀਆਂ ਹਨ, ਉਹ ਦਤਾਰ ਪੁਰ ਹੋ ਕੇ ਨਹੀਂ ਜਾਂਦੀਆਂ। ਮੈਂ ਡੀ. ਸੀ., ਐਸ. ਡੀ. ਐਮ. ਦਸੂਹਾ ਤੇ ਜੀ. ਐਮ. ਨੂੰ ਕਈ ਵਾਰ ਮਿਲ ਚੁਕਾ ਹਾਂ ਪਰ ਕੁਝ ਨਹੀਂ ਹੋਇਆ ਕੀ ਮੁੱਖ ਮੰਤਰੀ ਇਨ੍ਹਾਂ ਅਫਸਰਾਂ ਨੂੰ ਸਖਤ ਹਦਾਇਤ ਕਰਨਗੇ ਤਾਂ ਕਿ ਬਸਾਂ ਵਾਇਆ ਦਤਾਰ ਪੁਰ ਜਾਣ?

**ਮੁੱਖ ਮੰਤਰੀ** : ਇਹ ਮੈ ਨੂੰ ਦੱਸ ਦੇਣ, ਮੈਂ ਪਤਾ ਕਰਾ ਲਵਾਂਗਾ।

**ਸਰਦਾਰ ਜ਼ੋਰਾ ਸਿੰਘ ਭਾਗੀਕੇ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਮੋਗਾ ਡੀਪੋ ਦੀ ਹਾਲਤ ਬਹੁਤ ਖਰਾਬ ਹੈ। ਉਥੇ ਕੋਈ ਜੀ. ਐਮ. ਨਹੀਂ ਹੈ। ਮੁਕਤਸਰ ਨੂੰ ਜੋ ਬੱਸਾਂ ਜਾਂਦੀਆਂ ਹਨ ਉਨ੍ਹਾਂ ਦਾ ਇੰਤਜ਼ਾਮ ਠੀਕ ਨਹੀਂ ਹੈ। ਕੀ ਇਸ ਬਾਰੇ ਕੋਈ ਉਪਾਅ ਕਰਨਗੇ ?

**ਮੁੱਖ ਮੰਤਰੀ** : ਜੇਕਰ ਕੋਈ ਉਥੇ ਜੀ. ਐਮ. ਨਹੀਂ ਗਿਆ ਤਾਂ ਜ਼ਰੂਰ ਭੇਜਿਆ ਜਾਏਗਾ।

---

## Commission enquiring into the riots/killings

***215. Sardar Kirpal Singh (Amritsar)** : Will the Chief Minister be pleased to state whether the State Government is associating itself with the Commission enquiring into the riots/killings in Delhi, Kanpur etc. after the death of Mrs. India Gandhi ?

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਨਹੀਂ ਜੀ.

**ਸਰਦਾਰ ਕਿਰਪਾਲ ਸਿੰਘ** : ਅਕਾਰਡ ਵਿਚ ਮੁਤਾਲਬਾ ਸੀ ਕਿ ਦਿੱਲੀ ਕਾਨ ਪੁਰ ਵਗੈਰਾ ਵਿਚ ਜਿੰਨੇ ਜੁਰਮ ਹੋਏ ਹਨ ਉਨ੍ਹਾਂ ਬਾਰੇ ਜੂਡੀਸ਼ੀਅਲ ਇਨਕੁਆਰਿਈ ਕਰਾਈ ਜਾਏ ਔਰ ਜਿਨ੍ਹਾਂ ਨੇ ਮੁਤਾਲਬਾ ਕੀਤਾ ਉਹ ਇਸ ਵਿਚ ਸਹਿਯੋਗ ਨਹੀਂ ਕਰ ਰਹੇ। ਇਸ ਦੇ ਕੀ ਕਾਰਨ ਹਨ ?

**Chief Minister :** His question is :

> "Will the Chief Minister be pleased to state whether the State Government is associating itself with the Commission...."

ਪੰਜਾਬ ਸਟੇਟ ਗੌਰਮਿੰਟ ਦਾ ਨਾ ਮੁਤਾਲਬਾ ਸੀ ਔਰ ਨਾ ਹੀ ਪੰਜਾਬ ਸਟੇਟ ਗੌਰਮਿੰਟ ਸਮਝੌਤੇ ਵਿਚ ਆਈ ਸੀ ਮੁਤਾਲਬਾ ਅਕਾਲੀ ਦਲ ਦਾ ਸੀ ਔਰ ਅਕਾਲੀ ਦਲ ਨਾਲ ਸਮਝੌਤਾ ਹੋਇਆ ਸੀ।

**ਸਰਦਾਰ ਕਿਰਪਾਲ ਸਿੰਘ** : ਚੀਫ ਮਨਿਸਟਰ ਸਾਹਿਬ ਨੂੰ ਪਤਾ ਹੈ ਕਿ ਉਥੇ ਲੋਕਾਂ ਨਾਲ ਕਿੰਨੇ ਜ਼ੁਲਮ ਹੋਏ ਔਰ ਉਨ੍ਹਾਂ ਦੀਆਂ ਸ਼ਹਾਦਤਾਂ ਨੂੰ ਖਤਮ ਕਰਨ ਵਾਸਤੇ ਬਹੁਤ ਜ਼ੁਲਮ ਹੋਏ। ਉਨ੍ਹਾਂ ਤੇ ਦਬਾਅ

Original with;
Punjab Vidhan Sabha
Digitized by;
Panjab Digital Library

[ਸਰਦਾਰ ਕਿਰਪਾਲ ਸਿੰਘ]

ਪਾਇਆ ਜਾ ਰਿਹਾ ਹੈ ਕਿ ਕੋਈ ਸ਼ਹਾਦਤ ਵਾਸਤੇ ਨਾ ਆਏ । ਕਈ ਖਾਨਦਾਨ ਉਜੜ ਗਏ । ਕੀ ਸਰਕਾਰ ਆਪਣਾ ਫਰਜ਼ ਨਹੀਂ ਸਮਝਦੀ ਕਿ ਉਨ੍ਹਾਂ ਦਾ ਹੌਂਸਲਾ ਬੁਲੰਦ ਕਰਨ ਵਾਸਤੇ ਉਨ੍ਹਾਂ ਦੀ ਕਿਸੇ ਪ੍ਰਕਾਰ ਦੀ ਸਹਾਇਤਾ ਕੀਤੀ ਜਾਏ, ਜ਼ੁਲਮ ਕਰਨ ਵਾਲੇ ਨੰਗੇ ਹੋ ਸਕਣ ਕਮਿਸ਼ਨ ਦੇ ਫੈਸਲੇ ਵਿਚ ।

**ਮੁੱਖ ਮੰਤਰੀ** : ਮੈਂ ਗਵਰਨਰ ਸਾਹਿਬ ਦੇ ਭਾਸ਼ਣ ਤੇ ਬੋਲਦਿਆਂ ਹੋਇਆਂ ਸਾਰੀ ਗਲ ਆਖੀ ਸੀ । ਸ਼ਾਇਦ ਸਰਦਾਰ ਕਿਰਪਾਲ ਸਿੰਘ ਹੋਰੀਂ ਉਸ ਵੇਲੇ ਹਾਊਸ ਵਿਚ ਨਹੀਂ ਸੀ । ਸ਼ਹਾਦਤਾਂ ਦੇਣ ਤੋਂ ਲੋਕਾਂ ਨੂੰ ਰੋਕਿਆ ਜਾ ਰਿਹਾ ਹੈ ਔਰ ਇਕ ਐਡਵੋਕੇਟ ਦਾ ਜ਼ਿਕਰ ਵੀ ਕੀਤਾ ਸੀ । ਜਿਸ ਵੇਲੇ ਉਹ ਕਮਿਸ਼ਨ ਕੋਲ ਜਾ ਰਿਹਾ ਸੀ ਤਾਂ ਉਸ ਤੇ ਵਾਰ ਕੀਤਾ ਗਿਆ ਸੀ । ਸਰਦਾਰ ਬਜਰੰਗ ਸਿੰਘ ਜੋ ਕਿ ਦਿਲੀ ਵਿਖੇ ਕਮਿਸ਼ਨ ਕੋਲ ਗਵਾਹੀ ਦੇਣ ਜਾ ਰਿਹਾ ਸੀ ਉਸ ਤੇ ਹਮਲਾ ਕੀਤਾ ਗਿਆ ਸੀ । ਪੰਜਾਬ ਸਰਕਾਰ ਇਸ ਵਿਚ ਇਨ-ਵਾਲਵਡ ਨਹੀਂ ਹੈ । ਅਕਾਲੀ ਦਲ ਜ਼ਰੂਰ ਹੈ । ਉਥੇ ਸਾਡੇ ਮੈਂਬਰਜ਼ ਆਫ ਪਾਰਲੀਮੈਂਟ ਨੇ ਇਕ ਕਮੇਟੀ ਬਣਾਈ ਹੈ ਔਰ ਦਿਲੀ ਅਕਾਲੀ ਦਲ ਰਾਹੀਂ ਅਸੀਂ ਯਤਨ ਕਰ ਰਹੇ ਹਾਂ ਕਿ ਜੋ ਕਾਨਪੁਰ, ਬੋਕਾਰੋ ਆਦਿ ਵਾਸਤੇ ਇਨਕੁਆਇਰੀ ਹੋ ਰਹੀ ਹੈ ਉਥੇ ਠੀਕ ਢੰਗ ਨਾਲ ਆਪਣਾ ਪੱਖ ਪੇਸ਼ ਕੀਤਾ ਜਾ ਸਕੇ ।

**ਸਰਦਾਰ ਗੁਰਦੇਵ ਸਿੰਘ ਬਾਦਲ** : ਇਕੱਲੇ ਕਾਨਪੁਰ ਵਿਚ 400 ਸਕੂਟਰ, 250 ਕਾਰਾਂ ਗੁਰ-ਦਵਾਰੇ ਔਰ ਕਈ ਹੋਰ ਚੀਜ਼ਾਂ ਸਾੜੀਆਂ ਗਈਆਂ । 530 ਕਰੋੜ ਦਾ ਨੁਕਸਾਨ ਕੀਤਾ ਗਿਆ । ਇਹ ਇਕੱਲੇ ਕਾਨਪੁਰ ਵਿਚ ਹੋਇਆ । ਮੈਂ ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਇਨ੍ਹਾਂ ਲੋਕਾਂ ਦਾ ਨੁਕਸਾਨ ਹੋਇਆ ਹੈ ਕੀ ਇਸ ਲਈ ਸੈਂਟਰ ਦੀ ਸਰਕਾਰ ਤੇ ਦਬਾਅ ਪਾਉਣਗੇ ਅਤੇ ਉਨ੍ਹਾਂ ਨਾਲ ਗੱਲਬਾਤ ਕਰ ਕੇ ਕੀ ਇਨ੍ਹਾਂ ਨੂੰ ਮੁਆਵਜ਼ਾ ਦਿਵਾਉਣਗੇ ? ਕੀ ਇਸ ਬਾਰੇ ਕੋਈ ਵਿਚਾਰ ਕਰਨਗੇ ?

**ਮੁੱਖ ਮੰਤਰੀ** : ਅਸੀਂ ਆਪਣੇ ਵੱਲੋਂ ਬਤੌਰ ਪਾਰਟੀ ਦੇ ਯਤਨ ਕਰ ਰਹੇ ਹਾਂ ਕਿ ਉਨ੍ਹਾਂ ਨੂੰ ਵੱਧ ਤੋਂ ਵੱਧ ਮਦੱਦ ਮਿਲੇ । ਮੈਂ ਬਤੌਰ ਮੁੱਖ ਮੰਤਰੀ ਦੇ ਗੌਰਮਿੰਟ ਆਫ ਇੰਡੀਆ ਨੂੰ ਅਤੇ ਸਟੇਟਾਂ ਦੇ ਮੁੱਖ ਮੰਤਰੀਆਂ ਨੂੰ ਵੀ ਲਿਖਿਆ ਹੈ ਕਿ ਜਿਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲਿਆ, ਉਨ੍ਹਾਂ ਨੂੰ ਮੁਆਵਜ਼ਾ ਦੇਣਾ ਚਾਹੀਦਾ ਹੈ । ਜਿਨ੍ਹਾਂ ਨੂੰ ਮੁਆਵਜ਼ਾ ਨਹੀਂ ਮਿਲਿਆ, ਉਹ ਮੇਰੇ ਕੋਲ ਆਉਂਦੇ ਰਹਿੰਦੇ ਹਨ । ਮੈਂ ਸੈਂਟਰਲ ਗੌਰਮਿੰਟ ਅਤੇ ਸਟੇਟਾਂ ਦੇ ਮੁੱਖ ਮੰਤਰੀਆਂ ਨੂੰ ਲਿਖਿਆ ਹੈ ਕਿ ਉਨ੍ਹਾਂ ਲੋਕਾਂ ਨੂੰ ਮੁਆਵਜ਼ਾ ਨਹੀਂ ਮਿਲਿਆ ।

**ਸਰਦਾਰ ਕੁਲਦੀਪ ਸਿੰਘ ਵਡਾਲਾ** : ਮੈਂ ਮੁੱਖ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਸ ਵੇਲੇ ਅਕਾਰਡ ਹੋਇਆ ਸੀ ਉਸ ਵੇਲੇ ਅਕਾਲੀ ਦਲ ਪਾਰਟੀ ਸੀ ਅਤੇ ਪੰਜਾਬ ਸਰਕਾਰ ਉਸ ਵੇਲੇ ਨਹੀਂ ਸੀ । ਹੁਣ ਪੰਜਾਬ ਸਰਕਾਰ ਬਣ ਗਈ ਹੈ । ਇਸ ਲਈ ਹੁਣ ਪੰਜਾਬ ਸਰਕਾਰ ਲੋਕਾਂ ਦੇ ਹਿਤਾਂ ਲਈ ਪਾਰਟੀ ਕਿਉਂ ਨਹੀਂ ਬਣਦੀ ਉਨ੍ਹਾਂ ਇਨਕੁਆਇਰੀਆਂ ਵਿਚ ?

**ਮੁੱਖ ਮੰਤਰੀ** : ਦੰਗਿਆਂ ਵਿਚ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ ਉਨ੍ਹਾਂ ਨੇ ਆਪਣੀ ਆਰਗੇਨਾਈ-ਜ਼ੇਸ਼ਨ ਬਣਾਈ ਹੈ ਅਤੇ ਉਨ੍ਹਾਂ ਨੇ ਪੈਰਵੀ ਸ਼ੁਰੂ ਕੀਤੀ ਹੈ ਅਤੇ ਟਾਪ ਲੈਵਲ ਦੇ ਵਕੀਲ ਉਨ੍ਹਾਂ ਨੇ ਕੀਤੇ ਹੋਏ ਹਨ । ਉਨ੍ਹਾਂ ਨੂੰ ਵੈਸੇ ਜਿਹੜੀ ਸਹਾਇਤਾ ਦੀ ਲੋੜ ਹੁੰਦੀ ਹੈ, ਅਸੀਂ ਦਿੰਦੇ ਹਾਂ । ਅਸੀਂ ਸਟੇਟ ਵੇ, ਸਟੇਟ ਦੇ ਤੌਰ ਤੇ ਵਿਚ ਪਾਰਟੀ ਨਹੀਂ ਬਣ ਸਕਦੇ ਪਰ ਪਾਰਟੀ ਦੇ ਤੌਰ ਤੇ ਉਨ੍ਹਾਂ ਦੀ ਮਦੱਦ ਕਰਦੇ ਹਾਂ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵਿੰਦਰ ਸਿੰਘ ਭੂੰਦੜ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਤਕਰੀਬਨ 8 ਮਹੀਨੇ ਅਕਾਰਡ ਹੋਏ ਨੂੰ ਹੋ ਗਏ ਹਨ। ਅਕਾਲੀ ਦਲ ਨੇ ਜੋ ਯਤਨ ਕੀਤੇ ਹਨ ਉਨ੍ਹਾਂ ਯਤਨਾਂ ਦੇ ਸਦਕਾ ਦਿਲੀ, ਅਤੇ ਬੁਕਾਰੋ ਅਤੇ ਕਾਨ੍ਹ ਪੁਰ ਵਿਚ ਜਿਹੜੇ ਲੋਕਾਂ ਤੇ ਜ਼ੁਲਮ ਹੋਏ, ਜਿਨ੍ਹਾਂ ਦਾ ਐਨਾ ਨੁਕਸਾਨ ਹੋਇਆ, ਉਨ੍ਹਾਂ ਨੂੰ ਕੀ ਸਜ਼ਾਵਾਂ ਹੋਈਆਂ ਅਤੇ ਸੈਂਟਰਲ ਗੌਰਮਿੰਟ ਵਲੋਂ ਉਨ੍ਹਾਂ ਨੂੰ ਕੀ ਮਦਦ ਦਿਤੀ ਗਈ ਹੈ ? ਕੀ ਇਸ ਬਾਰੇ ਇਹ ਡਿਟੇਲ ਦੇਣਗੇ ?

**ਮੁੱਖ ਮੰਤਰੀ** : ਮੁਆਵਜ਼ੇ ਦੀ ਡਿਟੇਲ ਮੈਂ ਨਹੀਂ ਦੇ ਸਕਾਂਗਾ ਕਿਉਂਕਿ ਇਹ ਲੰਬਾ ਮਸਲਾ, ਝਗੜਾ ਹੈ। ਪਰ ਕੁਝ ਮੁਆਵਜ਼ਾ ਮਿਲ ਚੁੱਕਾ ਹੈ। ਕਿਤੇ 10 ਹਜ਼ਾਰ ਰੁਪਏ ਅਤੇ ਕਿਤੇ 20 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਅਸੀਂ ਸਬੰਧਤ ਸਟੇਟਾਂ ਨੂੰ ਵੀ ਅਤੇ ਸੈਂਟਰਲ ਗੌਰਮਿੰਟ ਨੂੰ ਵੀ ਲਿਖਿਆ ਕਿ ਸਾਰੀਆਂ ਥਾਵਾਂ ਤੇ ਇਕੋ ਜਿਹਾ ਮੁਆਵਜ਼ਾ ਮਿਲਣਾ ਚਾਹੀਦਾ ਹੈ। ਅਸੀਂ ਇਥੇ 20 ਹਜ਼ਾਰ ਰੁਪਏ ਦੇ ਰਹੇ ਹਾਂ। ਅਸੀਂ ਉਨ੍ਹਾਂ ਨੂੰ ਕਿਹਾ ਹੈ ਕਿ ਤੁਸੀਂ ਐਨਾ ਹੀ ਦਿਓ। ਜਿਸ ਦਾ ਅੱਗ ਨਾਲ ਨੁਕਸਾਨ ਹੋਇਆ ਉਸ ਨੂੰ ਮੁਆਵਜ਼ਾ ਦੇਣ ਲਈ ਲਿਖਿਆ ਜਾਂਦਾ ਰਿਹਾ ਹੈ। ਐਸਾ ਕੋਈ ਨੋਟਿਸ ਵਿਚ ਨਹੀਂ ਆਇਆ ਕਿ ਕਿਸੇ ਨੂੰ ਸਜ਼ਾ ਦਿਤੀ ਹੋਵੇ ।

---

## Reduction of Sales Tax

***243. Prof. Darbari Lal** : Will the Minister for Finance be pleased to state whether there is any proposal under the consideration of the Government to reduce the Sales Tax so as to bring it at par with the neighbouring States ; if so, the time likely to be taken to reduce it?

**ਸਰਦਾਰ ਨੱਥਾ ਸਿੰਘ ਦਾਲਮ** (ਰਾਜ ਮੰਤਰੀ, ਲੋਕ ਸੰਪਰਕ ਅਤੇ ਵਿੱਤ): ਪੰਜਾਬ ਜਨਰਲ ਸੇਲਜ਼ ਟੈਕਸ ਐਕਟ ਦੇ ਅਧੀਨ ਵਿਕਰੀ ਕਰ ਦੀ ਆਮ ਦਰ 7% ਹੈ। ਇਹ ਹਰਿਆਣਾ, ਯੂ. ਪੀ. ਅਤੇ ਰਾਜਿਸਥਾਨ ਤੋਂ ਘੱਟ ਹੈ। ਇਹ ਹਿਮਾਚਲ ਪ੍ਰਦੇਸ਼, ਕੇਂਦਰੀ ਪ੍ਰਸ਼ਾਸ਼ਣ ਦਿੱਲੀ ਅਤੇ ਕੇਂਦਰੀ ਪ੍ਰਸ਼ਾਸ਼ਨ ਚੰਡੀਗੜ੍ਹ ਦੇ ਬਰਾਬਰ ਹੈ ਇਸ ਲਈ ਇਸ ਨੂੰ ਬਦਲਣ ਦੀ ਲੋੜ ਨਹੀਂ ਹੈ ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਿਛੇ ਨਾਰਦਰਨ ਜ਼ੋਨ ਦੀ ਸਟੇਟਸ ਦੀ ਇਕ ਕਾਨਫਰੰਸ ਹੋਈ ਸੀ। ਸੇਲਜ਼ ਟੈਕਸ ਦੇ ਮੁਤੱਲਕ ਅਤੇ ਉਸ ਵਿਚ ਰੀਕੁਮੈਂਡੇਸ਼ਨਜ਼ ਕੀਤੀਆਂ ਸਨ ਟੈਕਸ ਸਟਰੱਕਚਰ ਦੇ ਬਾਰੇ ਕਿ ਇਸ ਨੂੰ ਨਵੇਂ ਸਿਰੇ ਤੋਂ ਸੋਚਿਆ ਜਾਵੇ। ਕੀ ਜਿਸ ਵੇਲੇ ਇਹ ਰੀਕੁਮੈਂਡੇਸ਼ਨਜ਼ ਆ ਜਾਣ ਤਾਂ ਪੰਜਾਬ ਸਰਕਾਰ ਉਨ੍ਹਾਂ ਨੂੰ ਪ੍ਰਵਾਨਗੀ ਦੇਵਗੀ ?

**ਰਾਜ ਮੰਤਰੀ, ਲੋਕ ਸੰਪਰਕ ਅਤੇ ਵਿੱਤ**: ਜਿਸ ਵੇਲੇ ਸਿਫਾਰਿਸ਼ਾਂ ਆ ਜਾਣਗੀਆਂ, ਪੰਜਾਬ ਸਰਕਾਰ ਉਸ ਉਤੇ ਵਿਚਾਰ ਕਰਗੀ ।

**ਪ੍ਰੋਫੈਸਰ ਦਰਬਾਰੀ ਲਾਲ** : ਸਪੀਕਰ ਸਾਹਿਬ, ਅੰਮ੍ਰਿਤਸਰ ਇਕ ਬਹੁਤ ਵੱਡਾ ਟਰੇਡਿੰਗ ਸੈਂਟਰ ਹੈ ਅਤੇ ਪਿਛਲੇ ਦਿਨਾਂ ਵਿਚ ਉਨ੍ਹਾਂ ਦਾ ਕਾਫੀ ਨੁਕਸਾਨ ਹੋਇਆ। ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਵੀ ਉਥੇ ਟੈਕਸਟਾਈਲ ਅਤੇ ਚਾਹ ਦੀ ਮੰਡੀ ਰਹੀ ਹੈ ਅਤੇ ਨਾਰਦਰਨ ਇੰਡੀਆ ਵਿਚ ਅੰਮ੍ਰਿਤਸਰ ਇਕ ਬਹੁਤ ਵੱਡਾ ਟਰੇਡਿੰਗ ਸੈਂਟਰ ਰਿਹਾ ਹੈ ਪਰ ਸੇਲਜ਼ ਟੈਕਸ ਫਸਟ ਹੈਂਡ ਤੇ ਲਾਉਣ ਨਾਲ ਇਹ ਮੰਡੀ ਖੁੱਸ ਗਈ ਹੈ। ਉਨ੍ਹਾਂ ਨੂੰ ਬੜੀ ਤਕਲੀਫ ਪੇਸ਼ ਆ ਰਹੀ ਹੈ। ਕੀ ਇਹ ਕੋਈ ਇਸ ਤਰ੍ਹਾਂ ਦਾ ਪ੍ਰਬੰਧ ਕਰਨਗੇ ਕਿ ਫਸਟ ਹੈਂਡ ਟੈਕਸ ਲਾਉਣ ਦੀ ਬਜਾਏ ਲਾਸਟ ਹੈਂਡ ਟੈਕਸ ਲਾਇਆ ਜਾਵੇ ਤਾਂਕਿ ਸਾਡੀ ਜਿਹੜੀ ਮੰਡੀ ਖੁੱਸ ਗਈ ਹੈ ਉਹ ਦੁਬਾਰਾ ਚਾਲੂ ਹੋ ਜਾਵੇ ?

Original with;
Punjab Vidhan Sabha
Digitized by;
Panjab Digital Library

**ਰਾਜ ਮੰਤਰੀ** : ਵਿੱਤ ਮੰਤਰੀ ਜੀ ਨੇ ਕੱਲ੍ਹ ਅੰਮ੍ਰਿਤਸਰ ਦੀ ਮੰਡੀ ਨੂੰ ਰਾਹਤ ਦੇਣ ਵਾਸਤੇ ਆਪਣੀ ਬੱਜਟ ਸਪੀਚ ਵਿਚ ਕੁਝ ਤਜਵੀਜ਼ਾਂ ਦਾ ਜ਼ਿਕਰ ਕੀਤਾ ਹੈ। ਮੈਂ ਫਿਰ ਵੀ ਪ੍ਰੋਫੈਸਰ ਸਾਹਿਬ ਨੂੰ ਕਹਾਂਗਾ ਕਿ ਉਹ ਆ ਕੇ ਕਿਸੇ ਵੇਲੇ ਡਿਸਕਸ ਕਰ ਲੈਣ। ਜੋ ਵੀ ਉਹ ਚੰਗੇ ਸੁਝਾਓ ਦੇਣਗੇ ਜਿਸ ਨਾਲ ਅੰਮ੍ਰਿਤਸਰ ਦੀ ਮੰਡੀ ਨੂੰ ਬੜ੍ਹਾਵਾ ਮਿਲ ਸਕਦਾ ਹੋਵੇ ਅਸੀਂ ਉਸ ਉਤੇ ਵਿਚਾਰ ਕਰਾਂਗੇ ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪਠਾਨ ਕੋਟ ਦੇ ਵਪਾਰੀ ਤਬਾਹ ਹੋ ਗਏ ਹਨ। ਉਥੇ ਦੇ ਵਪਾਰੀ ਹਿਮਾਚਲ ਪ੍ਰਦੇਸ਼ ਦੇ ਲਾਗਲੇ ਪਿੰਡ ਜਨਟਾਲ ਚਲੇ ਗਏ ਹਨ। ਪਠਾਨਕੋਟ ਸੇਲਜ਼ ਟੈਕਸ 4% ਹੈ ਅਤੇ ਹਿਮਾਚਲ ਪ੍ਰਦੇਸ਼ ਵਿਚ ਸੇਲਜ਼ ਟੈਕਸ 1% ਹੈ। ਇਸ ਤਰ੍ਹਾਂ ਸਾਰੇ ਵਪਾਰੀ ਉਥੇ ਚਲੈ ਗਏ ਹਨ। ਕੀ ਮੰਤਰੀ ਜੀ ਕ੍ਰਿਪਾ ਕਰ ਕੇ ਦਸਣਗੇ ਕਿ ਪਠਾਨਕੋਟ ਦੇ ਵਪਾਰੀਆਂ ਨੂੰ ਮੁੜ ਕੇ ਵਾਪਿਸ ਲਿਆਉਣ ਵਾਸਤੇ ਸੇਲਜ਼ ਟੈਕਸ ਦੀ ਦਰ ਨੂੰ ਘੱਟ ਕਰਨ ਦੀ ਤਜਵੀਜ਼ ਹੈ ?

**ਰਾਜ ਮੰਤਰੀ** : ਮੈਂ ਇਨ੍ਹਾਂ ਨੂੰ ਦੱਸ ਦੇਣਾ ਚਾਹੁੰਦਾ ਹਾਂ ਕਿ ਜਿੰਨੀ ਸੇਲਜ਼ ਟੈਕਸ ਦੀ ਦਰ ਬਾਕੀ ਪੰਜਾਬ ਵਿਚ ਹੈ ਉਤਨੀ ਹੀ ਪਠਾਨ ਕੋਟ ਵਿਚ ਹੈ ਅਤੇ ਉਥੇ ਕੋਈ ਅਲਹਿਦਾ ਨਹੀਂ ਹੈ ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਇਹ ਫਿਰ ਪੜਤਾਲ ਕਰ ਲੈਣ, ਇਹ ਜਵਾਬ ਠੀਕ ਨਹੀਂ ਹੈ ।

**ਰਾਜ ਮੰਤਰੀ** : ਮੈਂ ਜਵਾਬ ਵਿਚ ਸਪੱਸ਼ਟ ਕੀਤਾ ਹੈ ਕਿ ਸਾਰੇ ਪੰਜਾਬ ਵਿਚ ਸੇਲਜ਼ ਟੈਕਸ ਦੀ ਦਰ ਜਿਹੜੀ ਹੈ ਉਹ ਬਰਾਬਰ ਹੈ ।

**ਸ਼੍ਰੀ ਸਪੀਕਰ** : ਉਹ ਤੁਹਾਡੇ ਨਾਲ ਇਸ ਪੁਆਇੰਟ ਤੇ ਡਿਸਪਿਊਟ ਕਰਦੇ ਹਨ।

**ਸਰਦਾਰ ਦਲੀਪ ਸਿੰਘ ਪਾਂਧੀ** : ਟੈਕਸ ਇਵੇਜ਼ਨ ਬਹੁਤ ਹੋ ਰਹੀ ਹੈ । ਵਪਾਰੀ ਟੈਕਸ ਇਵੇਜ਼ਨ ਕਰਦੇ ਹਨ। ਜਿਸ ਤਰ੍ਹਾਂ ਮੰਡੀ ਗੋਬਿੰਦ ਗੜ੍ਹ ਵਿਚ ਇਨ੍ਹਾਂ ਨੇ 4% ਤੋਂ 2% ਕਰ ਦਿਤੀ ਹੈ ਜਿਸ ਨਾਲ ਪੰਜਾਬ ਸਰਕਾਰ ਨੂੰ ਰੀਟਰਨ ਜ਼ਿਆਦਾ ਆਵੇਗਾ । ਕੀ ਇਹ ਇਸ ਤਰ੍ਹਾਂ ਕਰਨ ਲਈ ਤਿਆਰ ਹਨ ਤਾ ਕਿ ਟੈਕਸ ਇਵੇਜ਼ਨ ਨਾ ਹੋਵੇ ਅਤੇ ਇਨ੍ਹਾਂ ਨੂੰ ਰੀਟਰਨ ਜ਼ਿਆਦਾ ਹੋਵੇ ?

**ਰਾਜ ਮੰਤਰੀ** : ਪਾਂਧੀ ਸਾਹਿਬ, ਬੜੇ ਪੁਰਾਣੇ ਤਜਰਬੇਕਾਰ ਲੈਜਿਸਲੇਟਰ ਹਨ । ਜੇ ਉਹ ਇਸ ਸਬੰਧ ਵਿਚ ਚੰਗੇ ਸੁਝਾਅ ਦੇਣਗੇ ਤਾਂ ਪੰਜਾਬ ਸਰਕਾਰ ਉਨ੍ਹਾਂ ਉਤੇ ਲਾਜ਼ਮੀ ਤੌਰ ਤੇ ਵਿਚਾਰ ਕਰੇਗੀ ।

**ਸਰਦਾਰ ਕਿਰਪਾਲ ਸਿੰਘ** : ਟੈਕਸ ਇਵੇਜ਼ਨ ਨੂੰ ਰੋਕਣ ਵਾਸਤੇ ਫਸਟ ਸਟੇਜ ਤੇ ਟੈਕਸ ਲਾਉਣ ਦੀਆਂ ਕਈ ਐਸੀਆਂ ਆਈਟਮਾਂ ਹਨ ਜਿਨ੍ਹਾਂ ਤੇ ਬੜੀ ਆਸ਼ਾਨੀ ਨਾਲ ਲਗਾਇਆ ਜਾ ਸਕਦਾ ਹੈ ਅਤੇ ਟੈਕਸ ਦੀ ਇਵੇਜ਼ਨ ਵੀ ਨਹੀਂ ਹੋਵੇਗੀ । ਬਜਟ ਵਿਚ ਇਸ ਦਾ ਕੋਈ ਜ਼ਿਕਰ ਨਹੀਂ ਹੈ। ਜੇ ਅਸੀਂ ਐਸੀਆਂ ਆਈਟਮਾਂ ਜਿਨ੍ਹਾਂ ਤੇ ਫਸਟ ਸਟੇਜ ਤੇ ਟੈਕਸ ਲਗ ਸਕਦਾ ਹੈ, ਉਹ ਇਨ੍ਹਾਂ ਦੇ ਨੋਟਿਸ ਵਿਚ ਲਿਆਈਏ ਤਾਂ ਕੀ ਇਹ ਉਸ ਉਤੇ ਵਿਚਾਰ ਕਰਕੇ ਫੈਸਲਾ ਕਰਨਗੇ ?

**ਰਾਜ ਮੰਤਰੀ** : ਇਹ ਬੜੇ ਸਿਆਣੇ ਅਤੇ ਸੁਲਝੇ ਹੋਏ ਹਾਊਸ ਦੇ ਮੈਂਬਰ ਹਨ । ਇਹ ਜੇ ਕੋਈ ਚੰਗਾ ਸੁਝਾਓ ਦੇਣਗੇ ਤਾਂ ਸਰਕਾਰ ਲਾਜ਼ਮੀ ਤੌਰ ਤੇ ਉਨ੍ਹਾਂ ਉਤੇ ਵਿਚਾਰ ਕਰੇਗੀ ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੁਰਦੇਵ ਸਿੰਘ ਬਾਦਲ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਉਹ ਜਵਾਬ ਤਾਂ ਬੜਾ ਠੀਕ ਦਿੰਦੇ ਹਨ। ਚੀਫ ਮਨਿਸਟਰ ਸਾਹਿਬ, ਖਾਲਸਾ ਜੀ ਅਤੇ ਸਰਦਾਰ ਸੁਖਜਿੰਦਰ ਸਿੰਘ ਜਦੋਂ ਬੋਲਦੇ ਹਨ ਉਹ ਘੂਰਦੇ ਕਿਉਂ ਹਨ, ਕੀ ਉਹ ਮਿਠਾ ਬੋਲਣ ਦੀ ਕੋਸ਼ਿਸ਼ ਕਰਨਗੇ ? (ਹਾਸਾ)

---

**System of Examination in the Primary Schools**

*77. **Sardar Dalip Singh Pandhi :** Will the Minister for Education be pleased to sate—

(a) whether the Government propose to change the present system of examinations in the Primary Schools in the State ; if so, the time by which that is likely to be done ;

(b) whether the Government also propose to abolish the present directorate of Primary Education and re-introduce the previous system of schools management ; if so, the time by which that is likely to be done ?

**ਸਰਦਾਰ ਸੁਖਜਿੰਦਰ ਸਿੰਘ:** (ੳ) ਹਾਲੇ ਇਸ ਤਰ੍ਹਾਂ ਦੀ **ਤਜਵੀਜ਼** ਵਿਚਾਰ ਅਧੀਨ ਨਹੀਂ ਹੈ।

(ਅ) ਨਹੀਂ ਜੀ।

**ਸਰਦਾਰ ਦਲੀਪ ਸਿੰਘ ਪਾਂਧੀ :** ਇਸ ਗੱਲ ਨੂੰ ਮੱਦੇ ਨਜ਼ਰ ਰਖਦੇ ਹੋਏ ਕਿ ਪ੍ਰਾਇਮਰੀ ਸਕੂਲਾਂ ਵਿਚ ਬਿਲਕੁਲ ਪੜ੍ਹਾਈ ਨਹੀਂ ਹੁੰਦੀ ਅਤੇ ਇਮਤਿਹਾਨ ਵੀ ਨਹੀਂ ਹੁੰਦੇ ਵੈਸੇ ਹੀ ਬੱਚੇ ਪਾਸ ਕੀਤੇ ਜਾ ਰਹੇ ਹਨ ਅਤੇ ਪ੍ਰਾਇਮਰੀ ਐਜੂਕੇਸ਼ਨ ਦਾ ਸਿਸਟਮ ਡਿਫੈਕਟਿਵ ਹੋ ਗਿਆ ਹੈ। ਪ੍ਰਾਇਮਰੀ ਡਾਇਰੈਕਟੋਰੇਟ ਅਲਹਿਦਾ ਕਰਨ ਨਾਲ ਮਿਡਲ ਸਕੂਲ, ਹਾਈ ਸਕੂਲ ਜ਼ਰੂਰ ਲੈਕ ਕਰਨ ਲੱਗ ਪਏ ਹਨ। ਇਹ ਸਿਸਟਮ ਖਰਾਬ ਹੈ। ਇਸ ਲਈ ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਕੀ ਮੰਤਰੀ ਸਾਹਿਬ ਇਸ ਸਾਰੇ ਸਿਸਟਮ ਨੂੰ ਘੋਖਣਗੇ ਅਤੇ ਪ੍ਰਾਇਮਰੀ ਐਜੂਕੇਸ਼ਨ ਨੂੰ ਸੁਧਾਰਨ ਲਈ ਕੋਈ ਉਪਰਾਲਾ ਕਰਨਗੇ ?

**ਮੰਤਰੀ :** ਗੌਰਮਿੰਟ ਆਫ ਇੰਡੀਆ ਸਾਰੇ ਹਿੰਦੁਸਤਾਨ ਵਿਚ ਯੂਨੀਵਰਸੀਲਾਈਜ਼ੇਸ਼ਨ ਆਫ ਐਜੂਕੇਸ਼ਨ ਕਰ ਰਹੀ ਹੈ ਅਤੇ ਉਸ ਸਕੀਮ ਥੱਲੇ ਉਨ੍ਹਾਂ ਨੇ ਕਿਹਾ ਹੈ ਕਿ ਪ੍ਰਾਇਮਰੀ ਸਕੂਲ ਤੱਕ ਸਾਰਿਆਂ ਨੂੰ ਪਾਸ ਕਰਨਾ ਹੈ ਕਿਉਂਕਿ ਜਿਹੜੇ ਗਰੀਬ ਬੱਚੇ ਹਨ ਉਹ ਡਰਾਪ ਆਊਟ ਹੋ ਜਾਂਦੇ ਹਨ ਇਸ ਤਰ੍ਹਾਂ ਕਰਨ ਨਾਲ ਉਹ ਕੰਟੀਨਿਊ ਕਰ ਸਕਣਗੇ। ਉਨ੍ਹਾਂ ਦਾ ਦਿਮਾਗੀ ਨਾਲੇਜ ਨਹੀਂ ਹੁੰਦਾ ਇਸ ਕਰਕੇ ਇਹ ਸਿਸਟਮ ਠੀਕ ਸੀ। ਪੰਜਵੀਂ ਕਲਾਸ ਦੀ ਐਜੂਕੇਸ਼ਨ ਦੀ ਇਮਤਿਹਾਨ ਬੋਰਡ ਲੈਂਦਾ ਹੈ। ਜਿਥੋਂ ਤਕ ਇਨ੍ਹਾਂ ਦੇ ਦੂਜੇ ਸਵਾਲ ਦਾ ਡਾਇਰੈਕਟੋਰੇਟ ਨਾਲ ਤੁਅਲਕ ਹੈ, ਇਸ ਬਾਰੇ ਇਸ ਤਰ੍ਹਾਂ ਹੈ ਕਿ 47,254 ਦੇ ਕਰੀਬ ਸਾਡੇ ਪ੍ਰਾਇਮਰੀ ਟੀਚਰ ਹਨ। ਪ੍ਰਾਇਮਰੀ ਡਾਇਰੈਕਟੋਰੇਟ ਵੱਖ ਹੋਣ ਨਾਲ ਉਨ੍ਹਾਂ ਨੂੰ ਪਰਮੋਸ਼ਨਾਂ ਮਿਲੀਆਂ ਹਨ। 1978 ਵਿਚ ਸਾਡੀ ਸਰਕਾਰ ਨੇ ਪ੍ਰਾਇਮਰੀ ਵਿਦਿਆ ਦਾ ਵੱਖ ਡਾਇਰੈਕਟੋਰੇਟ ਬਣਾਇਆ ਸੀ। ਇਸ ਤਰ੍ਹਾਂ ਉਨ੍ਹਾਂ ਨੂੰ ਚੈਨਲ ਆਫ ਪਰਮੋਸ਼ਨ ਮਿਲੀਆਂ ਹਨ। ਉਨ੍ਹਾਂ ਦੇ ਹੈਡ ਟੀਚਰ ਹਨ। ਉਨ੍ਹਾਂ ਦੇ ਬਲਾਕ ਐਜੂਕੇਸ਼ਨ ਅਫਸਰ ਬਣਦੇ ਹਨ। ਉਨ੍ਹਾਂ ਦੇ ਸੈਂਟਰਲ ਟੀਚਰ ਬਣਦੇ ਹਨ। 15 ਸੌ ਹੈਡ ਟੀਚਰ ਬਣਦੇ ਹਨ। ਇਸ ਲਈ ਉਨ੍ਹਾਂ

Original with;
Punjab Vidhan Sabha
Digitized by;
Panjab Digital Library

[ ਵਿਦਿਆ ਮੰਤਰੀ ]

ਨੂੰ ਕਾਫੀ ਪਰਮੋਸ਼ਨਜ਼ ਵਗੈਰਾ ਮਿਲੀਆਂ ਹਨ । ਮੈਂ ਸਮਝਦਾ ਹਾਂ ਕਿ ਉਹ ਕਾਫੀ ਸੈਟਿਸਫਾਈ ਹਨ। ਹੋਰ ਕੋਈ ਥੋੜ੍ਹੀ ਬਹੁਤ ਕਿਧਰੇ ਕੋਈ ਕੰਪਲੇਂਟ ਹੈ, ਉਹ ਦੱਸਣ ਅਸੀਂ ਉਸ ਨੂੰ ਦੂਰ ਕਰ ਦੇਵਾਂਗੇ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਇਹ ਫੈਸਲਾ ਨਾਸਾਜ਼ਗਾਰ ਵੀ ਹੋ ਸਕਦਾ ਹੈ। ਮੈਂ ਸਮਝਦਾ ਹਾਂ ਕਿ ਫੈਸਲਾ ਠੀਕ ਨਹੀਂ ਹੈ । ਪ੍ਰਾਇਮਰੀ ਸਕੂਲਾਂ ਵਿਚ ਪੜ੍ਹਾਈ ਬਿਲਕੁਲ ਨਹੀਂ ਹੁੰਦੀ ।

**ਸ੍ਰੀ ਸਪੀਕਰ** : ਤੁਸੀਂ ਕੁਐਸਚਨ ਕਰੋ ।

**ਸਰਦਾਰ ਦਲੀਪ ਸਿੰਘ ਪਾਂਧੀ** : 1961 ਦਾ ਪ੍ਰਾਇਮਰੀ ਐਜੂਕੇਸ਼ਨ ਐਕਟ ਹੈ ਉਹ ਰਿਡੰਡਟ ਹੋ ਗਿਆ ਹੈ । ਬੱਚੇ ਬਿਲਕੁਲ ਸਕੂਲ ਨਹੀਂ ਜਾਂਦੇ ਔਰ ਉਨ੍ਹਾਂ ਦੇ ਨਾਮ ਐਵੇਂ ਰਜਿਸਟਰ ਵਿਚ ਚੜ੍ਹੇ ਹੋਏ ਹਨ । ਪਿੰਡ ਵਿਚ ਮਾਡਲ ਸਕੂਲਾਂ ਦੇ ਨਾਮ ਤੇ ਦੁਕਾਨਾਂ ਖੁਲ੍ਹੀਆਂ ਹੋਈਆਂ ਹਨ ।

**ਸ੍ਰੀ ਸਪੀਕਰ** : ਇਹ ਤਾਂ ਤੁਸੀਂ ਬਜਟ ਤੇ ਬਹਿਸ ਕਰਦਿਆਂ ਬੋਲ ਲੈਣਾ। ਤੁਸੀਂ ਕੁਐਚਚਨ ਕਰੋ। I will allow you to speak on the Budget.

**ਸਰਦਾਰ ਦਲੀਪ ਸਿੰਘ ਪਾਂਧੀ** : ਸਰ, ਉਦੋਂ ਪਤਾ ਨਹੀਂ ਮੇਰੇ ਬੋਲਣ ਦੀ ਵਾਰੀ ਵੀ ਆਉਂਦੀ ਹੈ ਕਿ ਨਹੀਂ । ਮੈਂ ਇਹ ਸਪੈਸਿਫਿਕ ਜਾਣਨਾ ਚਾਹੁੰਦਾ ਹਾਂ ਕਿ ਪ੍ਰਾਇਮਰੀ ਐਜੂਕੇਸ਼ਨ ਦਾ ਸਿਸਟਮ ਨਕਾਰਾ ਹੋ ਗਿਆ ਹੈ, ਮਾਡਲ ਸਕੂਲਾਂ ਦੇ ਨਾਮ ਤੇ ਦੁਕਾਨਾਂ ਖੁਲ੍ਹ ਗਈਆਂ ਹਨ ਪਿੰਡਾਂ ਵਿਚ, ਗਰੀਬ ਬੱਚਿਆਂ ਦਾ ਬੁਰਾ ਹਾਲ ਹੋ ਰਿਹਾ ਹੈ। ਜਦੋਂ ਪੜ੍ਹਾਈ ਹੀ ਨਹੀਂ ਹੁੰਦੀ ਤਾਂ ਮੂੰਹ ਜ਼ਬਾਨੀ ਹੀ ਸਾਰੀ ਗਲ ਕਰਨੀ ਠੀਕ ਨਹੀਂ ।

**Mr Speaker** : I am sorry. Next question please.

---

ਨਿਸ਼ਾਨਵਾਲਾ ਪ੍ਰਸ਼ਨ ਨੰਬਰ : 104

(ਸ਼ਬੰਧਤ ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਣ ਇਹ ਸਵਾਲ ਪੇਸ਼ ਨਹੀਂ ਹੋਇਆ)

---

**Operation under Family Welfare Scheme**

***239. Shri Om Parkash Gupta** : Will the Minister for Health and Family Welfare be pleased to state—

(a) the number of persons (Male and Female separately) operated upon during the last three years under the Family Planning Scheme, District-wise

(b) the details of incentives given to them both in cash and kind and total expenditure incurred thereon district-wise, year-wise ;

(c) whether any check is kept on the payment of the said incentives, if so, the name of the authority which exercise that check in a district ?

Original with;
Punjab Vidhan Sabha
Digitized by;
Panjab Digital Library

**ਸਰਦਾਰ ਬਸੰਤ ਸਿੰਘ ਖਾਲਸਾ** : (ੳ) ਜਿਹੜੇ ਇਸਤਰੀਆਂ ਅਤੇ ਪੁਰਸ਼ਾਂ ਦੇ ਪਿਛਲੇ ਤਿਨ ਸਾਲਾਂ ਵਿਚ ਪਰਿਵਾਰ ਭਲਾਈ ਸਕੀਮ ਅਧੀਨ ਨਸਬੰਦੀ/ਨਲਬੰਦੀ ਅਪਰੇਸ਼ਨ ਕੀਤੇ ਗਏ ਹਨ ਉਨ੍ਹਾਂ ਦਾ ਵੇਰਵਾ ਅਨੁਲਗ 1 ਤੇ ਦਿਤਾ ਗਿਆ ਹੈ ।

(ਅ) ਨਲਬੰਦੀ/ਨਸਬੰਦੀ ਕਰਵਾਉਣ ਵਾਲੇ ਇਸਤਰੀ/ਪੁਰਸ਼ਾਂ ਨੂੰ ਉਤਸ਼ਾਹ ਵਜੋਂ ਹੇਠ ਲਿਖੇ ਅਨੁਸਾਰ ਮੁਆਵਜ਼ਾ ਦਿੱਤਾ ਜਾਂਦਾ ਹੈ :—

| | ਨਲਬੰਦੀ (ਔਰਤਾਂ ਲਈ) | ਨਸਬੰਦੀ (ਪੁਰਸ਼ਾਂ ਲਈ) | |
|---|---|---|---|
| 1. ਨਕਦ ਭਾਰਤ ਸਰਕਾਰ ਵਲੋਂ | ਰੁਪਏ 100 | ਰੁਪਏ 100 | (ਇਸ ਤੋਂ ਇਲਾਵਾ 40 ਰੁ: ਪ੍ਰਤੀ ਨਲਬੰਦੀ/ਨਸਬੰਦੀ ਕੇਸ ਰਾਜ ਸਰਕਾਰ ਵਲੋਂ ਦਿਤੇ ਜਾਂਦੇ ਹਨ ।) |
| 2. ਦਵਾਈਆਂ ਅਤੇ ਪੱਟੀਆਂ ਲਈ | ਰੁਪਏ 25 | ਰੁਪਏ 15 | |
| 3. ਖੁਰਾਕ ਲਈ | ਰੁਪਏ 30 | ਰੁਪਏ 10 | |
| 4. ਲਿਆਉਣ ਅਤੇ ਲਿਜਾਣ ਲਈ | ਰੁਪਏ 15 | ਰੁਪਏ 15 | |

ਪਿਛਲੇ ਤਿੰਨ ਸਾਲਾਂ ਵਿਚ ਦਿਤੇ ਗਏ ਇਨਸੈਂਟਿਵ ਅਤੇ ਬੀਤੇ ਖਰਚੇ ਦਾ ਜ਼ਿਲ੍ਹਾਵਾਰ ਵੇਰਵਾ ਅਨੁਲਗ II ਤੇ ਦਿਤਾ ਜਾਂਦਾ ਹੈ ।

(ੲ) ਹਾਂ ਜੀ । ਜ਼ਿਲ੍ਹੇ ਦਾ ਸਿਵਲ ਸਰਜਨ ਭੁਗਤਾਨ ਦੀ ਨਿਗਰਾਨੀ ਰੱਖਦਾ ਹੈ ।

Original with;
Punjab Vidhan Sabha
Digitized by;
Panjab Digital Library

[Health Minister]

## ANNEXURE—I

### Break-up of sterilisation by Sex

| Serial No. | District | 1982-83 | | | 1983-84 | | | 1984-85 | | |
|---|---|---|---|---|---|---|---|---|---|---|
| | | Male | Female | Total | Male | Female | Total | Male | Female | Total |
| 1. | Amritsar .. | 2,821 | 18,611 | 21,432 | 2,463 | 17,920 | 20,383 | 3,465 | 15,459 | 18,924 |
| 2. | Gurdaspur .. | 500 | 8,577 | 9,077 | 651 | 10,375 | 11,026 | 511 | 8,035 | 8,546 |
| 3. | Hoshiarpur .. | 730 | 8,203 | 8,933 | 1,826 | 9,698 | 11,524 | 3,441 | 7,786 | 11,227 |
| 4. | Jalandhar .. | 1,129 | 10,067 | 11,196 | 1,462 | 11,013 | 12,475 | 1,604 | 9,075 | 10,679 |
| 5. | Kapurthala .. | 320 | 3,710 | 4,030 | 416 | 4,369 | 4,785 | 459 | 3,435 | 3,894 |
| 6. | Ludhiana .. | 579 | 12,097 | 12,676 | 1,281 | 16,663 | 17,944 | 1,190 | 14,832 | 16,022 |
| 7. | Bhatinda .. | 202 | 11,132 | 11,334 | 321 | 10,493 | 10,814 | 465 | 9,307 | 9,772 |
| 8. | Faridkot .. | 405 | 10,816 | 11,221 | 926 | 10,685 | 11,611 | 793 | 7,534 | 8,327 |
| 9. | Ferozepur .. | 641 | 12,102 | 12,743 | 373 | 12,174 | 12,547 | 307 | 9,043 | 9,350 |
| 10. | Patiala .. | 1,135 | 12,084 | 13,219 | 1,658 | 12,024 | 13,682 | 1,477 | 10,130 | 11,607 |
| 11. | Ropar .. | 443 | 5,954 | 6,397 | 456 | 5,069 | 5,525 | 483 | 4,275 | 4,758 |
| 12. | Sangrur .. | 428 | 12,417 | 12,845 | 601 | 7,329 | 7,930 | 651 | 7,318 | 7,969 |
| | Total .. | 9,333 | 1,25,770 | 1,35,103 | 12,434 | 1,27,812 | 1,40,246 | 14,846 | 1,06,229 | 1,21,075 |

Original with;
Punjab Vidhan Sabha
Digitized by;
Panjab Digital Library

## ANNEXURE—II

**District-wise expenditure under Head "281—Family Welfare —F—Compensation/State Compensation during the year 1982-83, 1983-84 and 1984-85**

| District | F—Compensation (G.O.I.) | | | State Compensation | | |
|---|---|---|---|---|---|---|
| | 1982-83 | 1983-84 | 1984-85 | 1982-83 | 1983-84 | 1984-85 |
| Amritsar .. | 33,61,847·85 | 37,99,293·15 | 36,62,888·75 | 10,56,355·00 | 9,94,150·00 | 8,80,480·00 |
| Bhatinda .. | 17,23,743·12 | 21,67,888·90 | 21,07,207·64 | 5,34,867·50 | 4,83,775·50 | 4,63,678·76 |
| Gurdaspur .. | 11,25,686·94 | 19,63,137·10 | 15,20,292·92 | 3,58,400·00 | 5,61,200·00 | 4,34,415·00 |
| Kapurthala .. | 6,77,963·40 | 8,67,619·30 | 7,35,147·12 | 1,76,196·00 | 2,33,690·00 | 2,09,838·20 |
| Hoshiarpur .. | 14,03,313·27 | 15,28,318·78 | 14,69,963·72 | 4,41,005·00 | 3,75,574·00 | 4,13,496·00 |
| Patiala .. | 21,71,281·54 | 24,16,024·56 | 21,11,300·00 | 6,49,448·46 | 6,36,745·00 | 5,80,032·80 |
| Ropar .. | 8,59,576·70 | 8,97,584·32 | 6,35,648·57 | 2,61,948·50 | 2,50,945·17 | 1,89,126·85 |
| Ludhiana .. | 20,49,273·20 | 37,04,642·81 | 25,83,547·17 | 6,27,196·69 | 9,45,632·45 | 7,47,633·05 |
| Jalandhar .. | 17,79,988·24 | 16,97,519·45 | 14,93,616·55 | 4,57,270·00 | 5,23,966·50 | 4,77,159·50 |
| Sangrur .. | 21,48,919·15 | 15,39,769·09 | 17,56,502·63 | 5,90,554·55 | 3,82,044·92 | 4,57,744·32 |
| Ferozepur .. | 20,09,679·21 | 21,25,134·64 | 14,82,091·38 | 6,16,000·00 | 6,09,480·00 | 4,64,210·76 |
| Faridkot .. | 22,56,960·97 | 20.62,404·47 | 19,44,028·63 | 6,63,700·00 | 5,63,350·00 | 4,72,095·05 |
| Total .. | 2,15,68,233·59 | 2,47,69,336·57 | 2,15,02,235·08 | 64,32,941·70 | 65,60,553·54 | 57,89,910·29 |

Original with;
Punjab Vidhan Sabha
Digitized by;
Panjab Digital Library

[ਸਿਹਤ ਮੰਤਰੀ]

ਇਨਸੈਂਟਿਵ

1. ਕਰਮਚਾਰੀਆਂ ਨੂੰ 7 ਦਿਨਾਂ ਦੀ ਸਪੈਸ਼ਲ ਛੁੱਟੀ ਦਿਤੀ ਜਾਂਦੀ ਹੈ।

2. ਕਰਮਚਾਰੀਆਂ ਨੂੰ ਇੱਕ ਸਪੈਸ਼ਲ ਇਨਕਰੀਮੈਂਟ ਦਿਤਾ ਜਾਂਦਾ ਹੈ।

3. 1/2% ਮਕਾਨ ਤੇ ਲਏ ਕਰਜ਼ੇ ਤੇ ਘੱਟ ਵਿਆਜ ਦੇਣ ਦੀ ਸਹੂਲਤ ਦਿੱਤੀ ਗਈ ਹੈ।

4. ਅਸੈਪਟਰਜ਼ ਨੂੰ ਹਰੇ ਕਾਰਡ ਇਸ਼ੂ ਕੀਤੇ ਜਾਂਦੇ ਹਨ ਅਤੇ ਪੰਜਾਬ ਹਾਊਸਿੰਗ ਬੋਰਡ ਵਲੋਂ ਬਣਾਏ ਗਏ ਮਕਾਨ 2% ਦੇ ਹਿਸਾਬ ਨਾਲ ਰਾਖਵੇਂ ਰੱਖੇ ਜਾਂਦੇ ਹਨ।

5. ਜ਼ਿਲ੍ਹਿਆਂ ਵਿਚ ਸਵੈ ਸੰਸਥਾਵਾਂ ਅਸੈਪਟਰਜ਼ ਨੂੰ ਕਈ ਤਰ੍ਹਾਂ ਦੇ ਇਨਸੈਂਟਿਵ ਦਿੰਦੀਆਂ ਹਨ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਵਜ਼ੀਰ ਸਾਹਿਬ ਤੋਂ ਇਤਨਾ ਹੀ ਪੁੱਛਣਾ ਚਾਹੁੰਦਾ ਹਾਂ ਜਵਾਬ ਵਿੱਚ ਦਸਿਆ ਹੈ ਕਿ **Civil Surgeon of the District exercises check on the payments.** ਜਿਹੜਾ ਅਨੈਕਸਚਰ ਹੈ ਉਸ ਦੇ ਵਿੱਚ 3 ਸਾਲਾਂ ਦਾ ਦੱਸਿਆ ਹੈ ਕਿ 6 ਕਰੋੜ 90 ਲੱਖ ਰੁਪਏ ਗੌਰਮਿੰਟ ਆਫ਼ ਇੰਡੀਆ ਦੇ ਫੰਡਜ਼ ਹਨ ਜਿਹੜੇ ਦਿਤੇ ਗਏ ਹਨ ਔਰ ਪੰਜਾਬ ਗੌਰਮਿੰਟ ਦੇ ਤਕਰੀਬਨ 1 ਕਰੋੜ 90 ਲੱਖ ਰੁਪਏ ਹਨ ਇਨ੍ਹਾਂ 3 ਸਾਲਾਂ ਵਿਚ ਜੋ ਦਿਤੇ ਗਏ ਹਨ। ਇਹ ਤਕਰੀਬਨ 9 ਕਰੋੜ ਰੁਪਿਆ ਬਣਦਾ ਹੈ ਜੋ 3 ਸਾਲਾਂ ਵਿੱਚ ਵੰਡਿਆ ਗਿਆ ਹੈ। ਕੀ ਮਨਿਸਟਰ ਸਾਹਿਬ ਦੱਸਣਗੇ ਕਿ ਸਿਵਲ ਸਰਜਨ ਨੇ ਜਿਹੜੇ ਚੈਕ ਕੀਤੇ ਹਨ ਕੀ ਉਸ ਦੇ ਵਿਚ ਕੋਈ ਘਪਲਾ, ਕੋਈ ਸ਼ਿਕਾਇਤ, ਕੋਈ ਨਾਨ ਪੇਮੈਂਟ, ਕੋਈ ਐਮਬੈਜ਼ਲਮੈਂਟ ਦੀ ਰਿਪੋਰਟ ਤਾਂ ਇਨ੍ਹਾਂ ਦੇ ਨੋਟਿਸ ਵਿੱਚ ਨਹੀਂ ਆਈ; ਜੇ ਆਈ ਹੈ ਤਾਂ ਉਹ ਕੀ ਹੈ ?

**ਮੰਤਰੀ** : ਸਪੀਕਰ ਸਾਹਿਬ, ਅਜੇ ਤਕ ਤਾਂ ਕੋਈ ਸ਼ਿਕਾਇਤ ਸਾਡੇ ਨੋਟਿਸ ਵਿਚ ਨਹੀਂ ਆਈ, ਜੇ ਤੁਸੀਂ ਲਿਆ ਦਿਓ ਤਾਂ ਪੜਤਾਲ ਕਰਵਾ ਲਵਾਂਗੇ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਬਠਿੰਡਾ ਵਿੱਚ ਪੇਮੈਂਟ ਦਾ ਇਨ੍ਹਾਂ ਨੇ ਦੱਸਿਆ ਹੈ ਕਿ 1982-83 ਵਿੱਚ ਤਕਰੀਬਨ 17 ਲੱਖ ਰੁਪਏ ਗੌਰਮਿੰਟ ਆਫ਼ ਇਡਿਆ ਵੱਲੋਂ ਅਤੇ ਪੰਜਾਬ ਗੌਰਮਿੰਟ ਵੱਲੋਂ ਤਕਰੀਬਨ 5 ਲੱਖ ਰੁਪਿਆ ਦਿੱਤਾ ਗਿਆ ਹੈ ਔਰ ਇਸ ਦੇ ਬਾਰੇ ਵਿੱਚ ਬੜੀ ਜ਼ਬਰਦਸਤ ਰਿਪੋਰਟ ਹੋਈ ਹੈ ਔਰ ਡਾਇਰੈਕਟਰ, ਹੈਲਥ ਸਰਵਿਸਿਜ਼ ਵੀ ਨਾਲ ਸਨ। 1982-83 ਦੀ ਐਸਟੀਮੇਟ ਕਮੇਟੀ ਦੀ ਰਿਪੋਰਟ ਵੀ ਹਾਊਸ ਵਿੱਚ ਅਡਾਪਟ ਹੋ ਚੁਕੀ ਹੈ। ਇਸ ਦੇ ਵਿਚ ਜਿੰਨੇ ਵੀ ਪੈਸੇ ਦਿਤੇ ਗਏ ਹਨ ਉਹ ਸਾਰੀ ਦੀ ਸਾਰੀ ਐਮਬੈਜ਼ਲਮੈਂਟ ਫੜੀ ਗਈ ਹੈ। ਇਹ ਕੋਈ ਤਕਰੀਬਨ 22 ਲੱਖ ਰੁਪਏ ਦੀ ਅਮਾਊਂਟ ਸੀ, ਇਸ ਦੇ ਲਈ ਕੀ ਮਨਿਸਟਰ ਸਾਹਿਬ ਦੱਸਣਗੇ ਕਿ ਇਨ੍ਹਾਂ ਨੇ ਕੋਈ ਐਕਸ਼ਨ ਲਿਆ ਹੈ ?

**ਮੰਤਰੀ** : ਸਪੀਕਰ ਸਾਹਿਬ, ਇਹ ਸਵਾਲ ਦੀ ਸ਼ਕਲ ਵਿੱਚ ਇਨ੍ਹਾਂ ਨੇ ਦੱਸ ਦਿਤੀ ਹੈ, ਇਸ ਦੀ ਮੈਂ ਪੜਤਾਲ ਕਰਵਾ ਲਵਾਂਗਾ।

Original with;
Punjab Vidhan Sabha
Digitized by;
Panjab Digital Library

**ਡਾਕਟਰ ਰਤਨ ਸਿੰਘ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੇ ਡਾਕਟਰਜ਼ ਫੈਮਿਲੀ ਪਲੈਨਿੰਗ ਦੇ ਸਿਲਸਿਲੇ ਵਿੱਚ ਚੰਗਾ ਕੰਮ ਕਰਦੇ ਹਨ, ਕੀ ਉਨ੍ਹਾਂ ਨੂੰ ਵੀ ਕੋਈ ਇਨਸੈਂਟਿਵ ਦਿੰਦੇ ਹਨ, ਇਨਾਮ ਦਿੰਦੇ ਹਨ ?

**ਮੰਤਰੀ** : ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਸਾਰਿਆਂ ਨੂੰ ਇਨਸੈਂਟਿਵਜ਼ ਦਿੰਦੇ ਹਨ, ਵੱਡੀਆਂ ਵੱਡੀਆਂ ਵਸਤੂਆਂ ਦਿੰਦੇ ਹਨ । ਬਹੁਤ ਸਾਰੇ ਇਨਾਮ ਦਿਤੇ ਜਾਂਦੇ ਹਨ। ਅਸੀਂ ਡੇਢ ਡੇਢ ਕਰੋੜ ਰੁਪਿਆ ਵੀ ਜਿੱਤਿਆ ਹੈ। ਐਤਕੀ ਵੀ ਅਸੀਂ ਜਿੱਤਿਆ ਹੈ। ਸੀ. ਐਮ. ਸਾਹਿਬ ਤੋਂ ਡੇਟ ਲੈ ਕੇ ਸਾਰੇ ਡਾਕਟਰਾਂ ਨੂੰ ਇਨਾਮ ਦੇਵਾਂਗੇ, ਜਿਹੜੀਆਂ ਦੂਸਰੀਆਂ ਸੰਸਥਾਵਾਂ ਹਨ ਜਿਸ ਤਰ੍ਹਾਂ ਡੀ. ਸੀਜ਼. ਜਾਂ ਹੋਰ ਦੂਸਰੇ ਉਨ੍ਹਾਂ ਨੂੰ ਵੀ ਇਨਾਮ ਦਿੱਤਾ ਜਾਵੇਗਾ

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਪਹਿਲਾਂ ਵੀ ਇਹ ਸਵਾਲ ਕੀਤਾ ਸੀ। ਧਿਆਨ ਵਿਚ ਆਇਆ ਹੈ ਕਿ ਇਸਤਰੀਆਂ ਔਰ ਮਰਦਾਂ ਨੂੰ ਫੈਮਿਲੀ ਪਲੈਨਿੰਗ ਦੇ ਸਿਲਸਿਲੇ ਵਿੱਚ ਬੜੇ ਵੱਡੇ ਵੱਡੇ ਇਨਸੈਂਟਿਵ ਦਿਤੇ ਗਏ ਹਨ, ਕੀ ਕੋਈ ਇਹੋ ਜਿਹਾ ਇਨਸੈਂਟਿਵ ਮਾਨਯੋਗ ਮੈਂਬਰਾਂ ਨੂੰ ਵੀ ਦਿੱਤਾ ਜਾਵੇਗਾ ? (ਹਾਸਾ)

---

**Staff on the Thein Dam**

***216. Sardar Kirpal Singh (Amritsar)** : Will the Chief Minister be pleased to state—

(a) the category-wise strength of the staff working on the Thein Dam as on 1st January, 1986 ;

(b) the number of houses constructed by the Thein Dam Organisation for its officers/officials and workers at the site category-wise?

**ਸਰਦਾਰ ਸੁਰਜੀਤ ਸਿੰਘ ਬਰਨਾਲਾ** : ਲੋੜੀਂਦੀ ਸੂਚਨਾ ਸਦਨ ਦੀ ਮੇਜ਼ ਤੇ ਕ੍ਰਮਵਾਰ ਅਨੁਲੱਗ 1 ਅਤੇ ਅਨੁਲੱਗ 2 ਅਨੁਸਾਰ ਰੱਖੀ ਜਾਂਦੀ ਹੈ।

**ਅਨੁਲੱਗ 1**

ਥੀਨ ਡੈਮ ਤੋਂ ਮਿਤੀ 1 ਜਨਵਰੀ, 1986 ਨੂੰ ਕੰਮ ਕਰਦੇ ਸਟਾਫ ਦੀ ਕੈਟਾਗਰੀ-ਵਾਈਜ਼ ਗਿਣਤੀ ਹੇਠ ਲਿਖੇ ਅਨੁਸਾਰ ਹੈ :—

**ਰੈਗੂਲਰ ਸਟਾਫ**

| ਸ਼੍ਰੇਣੀ | | ਉਸਾਰੀ ਪ੍ਰਬੰਧ | ਡਿਜ਼ਾਇਨ ਪ੍ਰਬੰਧ | ਥੀਨ ਡੈਮ ਉਸਾਰੀ ਬੋਰਡ | ਆਰਚੀ-ਟੈਕਟ ਵਿੰਗ | ਕੁੱਲ |
|---|---|---|---|---|---|---|
| 1. ਮੁੱਖ ਇੰਜੀਨੀਅਰ | ... | 1 | 1 | — | — | 2 |
| 2. ਨਿਗਰਾਨ ਇੰਜੀਨੀਅਰ | ... | 7 | 4 | 1 | 1 | 13 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਸ਼੍ਰੇਣੀ | | ਉਸਾਰੀ ਪ੍ਰਬੰਧ | ਡਿਜ਼ਾਇਨ ਪ੍ਰਬੰਧ | ਥੀਨ ਡੈਮ ਉਸਾਰੀ ਬੋਰਡ | ਆਰਚੀ-ਟੈਕਟ ਵਿੰਗ | ਕੁੱਲ |
|---|---|---|---|---|---|---|
| 3. ਕਾਰਜ ਕਾਰੀ ਇੰਜੀਨੀਅਰ | ... | 37 | 16 | 1 | 2 | 56 |
| 4. ਉਪ ਮੰਡਲ ਅਫਸਰ (ਸਹਾਇਕ ਇੰਜੀਨੀਅਰ) | ... | 110 | 49 | 1 | 2 | 162 |
| 5. ਜੂਨੀਅਰ ਇੰਜੀਨੀਅਰ | ... | 253 | — | — | 1 | 254 |
| 6. ਡਰਾਇੰਗ ਅਮਲਾ | ... | 202 | 59 | — | 9 | 270 |
| 7. ਗੈਰ ਤਕਨੀਕੀ ਜਿਵੇਂ ਸੁਪਰਡੈਂਟ ਸਹਾਇਕ, ਕਲਰਕ ਵਗੈਰਾ | | 470 | 45 | 6 | 8 | 529 |
| 8. ਡਾਕਟਰ ਅਤੇ ਸਬੰਧਤ | ... | 37 | — | — | — | 37 |
| 9. ਫੁਟਕਲ : ਖੋਜ ਲੇਬਾਰਟਰੀ ਸਟਾਫ਼/ ਰੈਵੀ ਨਿਊ ਜਿਉਲਜੀਕਲ | | 28 | — | — | — | 28 |
| 10. ਦਰਜਾ-4 | ... | 294 | 64 | 5 | 6 | 369 |
| ਜੋੜ | ... | 1,439 | 238 | 14 | 29 | 1,720 |

**ਵਰਕਮੈਨ (ਕਾਮੇਂ)**

| | | |
|---|---|---|
| 1. ਸੁਪਰਵਾਇਜ਼ਰੀ | ... | 321 |
| 2. ਸਕਿਲਡ | ... | 2,487 |
| 3. ਸੈਮੀ-ਸਕਿਲਡ | ... | 173 |
| 4. ਅਨ-ਸਕਿਲਡ | ... | 4,511 |
| ਜੋੜ | ... | 7,492 |

Original with;
Punjab Vidhan Sabha
Digitized by;
Panjab Digital Library

**ਅਨੁਲੱਗ 2**

ਥੀਨ ਡੈਮ ਸੰਸਥਾ ਵਲੋਂ ਆਪਣੇ ਅਫਸਰਾਂ/ਕਰਮਚਾਰੀਆਂ ਅਤੇ ਕਾਮਿਆਂ ਲਈ ਡੈਮ ਦੀ ਜਗ੍ਹਾ ਤੇ ਉਸਾਰੇ ਮਕਾਨਾਂ ਦੀ ਕੈਟਾਗਰੀ-ਵਾਈਜ਼ ਗਿਣਤੀ ਹੇਠ ਲਿਖੇ ਅਨੁਸਾਰ ਹੈ :—

1. ਮੁਲਾਜ਼ਮ ਕਾਲੋਨੀ ਸ਼ਾਹਪੁਰ ਕੰਡੀ ਟਾਊਨਸ਼ਿਪ ਵਿਖੇ

| ਟਾਈਪ | ਉਸਰ ਚੁਕੇ | ਉਸਾਰੀ ਅਧੀਨ | ਕੁੱਲ |
|---|---|---|---|
| **ਅਫਸਰਾਂ ਲਈ** | | | |
| 1. ਟੀ-6 ਟਾਈਪ ਮਕਾਨ ਨਿ: ਇੰਜ: ਲਈ ... | 6 | 4 | 10 |
| 2. ਟੀ-5 ਟਾਈਪ ਮਕਾਨ ਕਾ: ਇੰਜੀਨੀਅਰ | 25 | 11 | 36 |
| 3. ਟੀ-4 ਟਾਈਪ ਮਕਾਨ ਉਪ-ਮੰਡਲ ਅਫਸਰ | 130 | -- | 130 |
| 3.ਏ. ਉਪ-ਮੰਡਲ ਅਫਸਰ ਹੋਸਟਲ ... | ਇਸ ਹੋਸਟਲ ਵਿਚ 54 ਸੈਟ ਹਨ। ਇਹ ਉਨ੍ਹਾਂ ਅਧਿਕਾਰੀਆਂ ਨੂੰ ਆਰਜ਼ੀ ਤੌਰ ਤੇ ਦਿਤੇ ਹੋਏ ਹਨ ਜੋ ਟੀ-4 ਟਾਈਪ ਮਕਾਨ ਲੈਣ ਦੇ ਹਕ-ਦਾਰ ਹਨ । | | |
| **ਕਰਮਚਾਰੀਆਂ ਲਈ** | | | |
| 1. ਟੀ-3 ਟਾਈਪ ਮਕਾਨ ਸ਼੍ਰੇਣੀ III ਸੀਨੀਅਰ | 318 | 72 | 390 |
| 1.ਏ-ਐਸ. ਓ. ਹੋਸਟਲ ... | ਇਸ ਹੋਸਟਲ ਵਿਚ 72 ਸੈਟ ਹਨ। ਇਹ ਉਨ੍ਹਾਂ ਕਰਮਚਾਰੀਆਂ ਨੂੰ ਆਰਜ਼ੀ ਤੌਰ ਤੇ ਦਿਤੇ ਗਏ ਹਨ, ਜੋ ਟਾਈਪ-3 ਮਕਾਨ ਲੈਣ ਦੇ ਹੱਕਦਾਰ ਹਨ । | | |
| 2. ਟੀ-2 ਟਾਈਪ ਮਕਾਨ ਕਲਾਸ III ਜੂਨੀ-ਅਰ ... | 316 | 184 | 500 |
| 3. ਟੀ-1 ਟਾਈਪ ਮਕਾਨ ਕਲਾਸ 4 ... | 414 | 158 | 572 |
| **ਕਾਮਿਆਂ ਲਈ** | | | |
| 1. ਟੀ-0 ਟਾਈਪ ਮਕਾਨ ... | 20 | 80 | 100 |

Original with;
Punjab Vidhan Sabha
Digitized by;
Panjab Digital Library

[ਮੁੱਖ ਮੰਤਰੀ]

| ਟਾਈਪ | ਉਸਰ ਚੁਕੇ | ਉਸਾਰੀ ਅਧੀਨ | ਕੁੱਲ |
|---|---|---|---|
| II. ਕਾਮਿਆਂ ਲਈ ਕਲੋਨੀ ਡੈਮ ਸਥਾਨ ਤੇ | | | |
| 1. ਜੂਨੀਅਰ ਕਾਮਿਆਂ ਦੇ ਮਕਾਨ ਟਾਈਪ ਐਸ-I | 1,440 | 274 | 1,714 |
| 2. ਸੀਨੀਅਰ ਕਾਮਿਆਂ ਦੇ ਕੁਆਰਟਰ ਟਾਈਪ ਐਸ-2 | 306 | -- | 306 |
| 3. ਸੀਨੀਅਰ ਕਾਮਿਆਂ ਦੇ ਕੁਆਰਟਰ ਟਾਈਪ ਐਸ-2 ਏ | 120 | 100 | 220 |

**ਸਰਦਾਰ ਕਿਰਪਾਲ ਸਿੰਘ** : ਸਪੀਕਰ ਸਾਹਿਬ, ਜਿਹੜੀ ਲਿਸਟ ਸੀ. ਐਮ. ਸਾਹਿਬ ਵੱਲੋਂ ਮੁਹੱਈਆ ਕੀਤੀ ਗਈ ਹੈ ਉਸ ਦੇ ਮੁਤਾਬਿਕ ਜਿਹੜੇ ਰੈਗੂਲਰ ਮੁਲਾਜ਼ਮ ਹਨ ਉਹ 1720 ਹਨ ਔਰ ਜਿਹੜੇ ਵਰਕਚਾਰਜ ਹਨ ਉਹ 7492 ਹਨ ਅਤੇ ਇਹ ਟੋਟਲ 9212 ਬਣਦੇ ਹਨ ਔਰ ਜਿਹੜੇ ਮਕਾਨ ਬਣ ਚੁੱਕੇ ਹਨ ਉਹ 3888 ਹਨ ਔਰ 838 ਮਕਾਨ ਬਣ ਰਹੇ ਹਨ। ਮੈਂ ਚੀਫ ਮਨਿਸਟਰ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਰਕਾਰ ਇਸ ਤੋਂ ਇਲਾਵਾ ਹੋਰ ਮਕਾਨ ਬਣਾਉਣ ਦਾ ਕੋਈ ਖਿਆਲ ਰਖਦੀ ਹੈ ਜਾਂ ਜਿਹੜੀ ਗੈਰ ਮੁਲਕੀ ਫਰਮ ਆ ਰਹੀ ਹੈ ਉਸ ਦੇ ਨਾਲ ਛਾਂਟੀ ਹੋਣੀ ਹੈ, ਹੋਰ ਮਕਾਨਾਂ ਦੀ ਲੋੜ ਨਹੀਂ ਰਹਿਣੀ, ਕੀ ਸਰਕਾਰ ਐਸਾ ਮਹਿਸੂਸ ਕਰਦੀ ਹੈ ?

**ਮੁੱਖ ਮੰਤਰੀ** : ਸਪੀਕਰ ਸਾਹਿਬ, ਇਸ ਵੇਲੇ ਜਿੰਨੇ ਪੱਕੇ ਕਰਮਚਾਰੀ ਕੰਮ ਕਰਨ ਵਾਲੇ ਹਨ ਉਹ 1720 ਹਨ ਔਰ ਉਸ ਦੇ ਮੁਕਾਬਲੇ ਤੇ 1764 ਮੰਕਾਨ ਜਿਹੜੀ ਸ਼ਾਹਪੁਰਕੰਡੀ ਵਿਚ ਸਟਾਫ ਕਾਲੋਨੀ ਬਣੀ ਹੈ ਉਥੇ ਬਣ ਚੁੱਕੇ ਹਨ ਆਲਰੈਡੀ। ਹੋਰ ਜਿਹੜੀ ਵਰਕਰ ਕਾਲੋਨੀ ਡੈਮ ਸਾਈਡ ਤੇ ਹੈ ਉਥੇ ਵੀ ਕੁਝ ਬਣ ਗਏ ਹਨ ਅਤੇ ਕੁਝ ਬਣ ਰਹੇ ਹਨ। ਜਿਉਂ ਜਿਉਂ ਕਰਮਚਾਰੀਆਂ ਦੀ ਤਾਦਾਦ ਵੱਧਦੀ ਹੈ, ਉਸੇ ਤਰ੍ਹਾਂ ਮਕਾਨਾਂ ਦੀ ਤਾਦਾਦ ਵੀ ਵਧਦੀ ਹੈ। ਦੂਸਰਾ, ਸਪੀਕਰ ਸਾਹਿਬ, ਕੁਝ ਜਿਹੜੇ ਵਰਕਰ ਆਉਂਦੇ ਹਨ ਉਹ ਨੇੜੇ ਤੇੜੇ ਦੇ ਇਲਾਕੇ ਤੋਂ ਆਉਂਦੇ ਹਨ ਅਤੇ ਸਾਰੇ ਵਰਕਰਾਂ ਵਾਸਤੇ ਮਕੋਾਨ ਬਣਾਉਣਾ ਵੀ ਮੁਨਾਸਿਬ ਨਹੀਂ ਹੋਵੇਗਾ ਔਰ ਨਾ ਹੀ ਬਣਾਏ ਜਾ ਸਕਦੇ ਹਨ।

**ਸਰਦਾਰ ਕਿਰਪਾਲ ਸਿੰਘ**: ਸਪੀਕਰ ਸਾਹਿਬ, ਕੀ ਚੀਫ ਮਨਿਸਟਰ ਸਾਹਿਬ ਦੱਸਣਗੇ ਕਿ ਗੈਰ ਮੁਲਕੀ ਫਰਮ ਦੇ ਆਉਣ ਤੋਂ ਬਾਅਦ ਇਸ ਸਟਾਫ ਵਿਚੋਂ ਕਿੰਨੇ ਰੈਗੂਲਰ ਕੰਮ ਕਰਨ ਵਾਲੇ ਰਹਿ ਜਾਣਗੇ ਅਤੇ ਕਿੰਨੇ ਸੜਕਾਂ ਤੇ ਆ ਜਾਣਗੇ ?

**ਮੁੱਖ ਮੰਤਰੀ** : ਗੈਰ ਮੁਲਕੀ ਫਰਮ ਦਾ ਅਜੇ ਇਕ ਖਿਆਲੀ ਜਿਹਾ ਕੰਮ ਚਲ ਰਿਹਾ ਹੈ ਕੋਈ ਕਨਕਰੀਟ ਗੱਲ ਨਹੀਂ ਹੈ। ਕੰਮ ਤਾਂ ਇਨ੍ਹਾਂ ਹੀ ਇੰਜੀਨੀਅਰਾਂ ਅਤੇ ਵਰਕਰਾਂ ਰਾਹੀਂ ਹੀ ਹੋਣਾ ਹੈ। ਗੈਰ ਮੁਲਕੀ ਫਰਮ ਦੀ ਅਜੇ ਤਕ ਕੋਈ ਕੰਨਕਰੀਟ ਸ਼ੇਪ ਨਹੀਂ ਬਣੀ।

Original with;
Punjab Vidhan Sabha
Digitized by;
Panjab Digital Library.

**ਸਰਦਾਰ ਕਰਨੈਲ ਸਿੰਘ ਡੋਡ :** ਕੀ ਮੁੱਖ ਮੰਤਰੀ ਸਾਹਿਬ ਦੱਸਣਗੇ ਕਿ ਜਿਵੇਂ ਇਨ੍ਹਾਂ ਨੇ ਫਰਮਾਇਆ ਹੈ ਕਿ ਥੀਨ ਡੈਮ ਦਾ ਕੰਮ ਗੈਰ ਮੁਲਕੀ ਫਰਮ ਨੂੰ ਸੌਂਪਿਆ ਜਾਣਾ ਹੈ, ਇਹ ਕੰਮ ਉਸ ਫਰਮ ਨੂੰ ਸੌਂਪਣ ਤੋਂ ਬਾਅਦ ਜਿਹੜੇ ਕਰਮਚਾਰੀ ਹਨ ਕੀ ਉਹ ਉਸ ਫਰਮ ਨੂੰ ਸੌਂਪੇ ਜਾਣਗੇ ਜਾਂ ਉਨ੍ਹਾਂ ਲਈ ਕੋਈ ਹੋਰ ਪ੍ਰਬੰਧ ਕੀਤਾ ਜਾਏਗਾ ਤਾਕਿ ਉਹ ਬੇਕਾਰੀ ਦਾ ਸ਼ਿਕਾਰ ਨਾ ਬਣਨ ?

**ਮੁੱਖ ਮੰਤਰੀ :** ਕੱਲ੍ਹ ਵੀ ਇਥੇ ਇਕ ਸੁਆਲ ਦੇ ਜਵਾਬ ਵਿਚ ਕਾਫੀ ਚਰਚਾ ਇਸ ਬਾਰੇ ਹੋਈ ਸੀ ਅਸੀਂ ਕਿਹਾ ਸੀ ਕਿ ਅਜੇ ਉਹ ਪਰਪੋਜ਼ਲ ਜ਼ੇਰੇ ਗੌਰ ਹੈ। ਸੈਂਟਰ ਗੌਰਮਿੰਟ ਨੇ ਅਤੇ ਸਟੇਟ ਗੌਰਮਿੰਟ ਨੇ ਅਜੇ ਕੋਈ ਪੱਕਾ ਫੈਸਲਾ ਨਹੀਂ ਕੀਤਾ। ਜਦ ਤਕ ਫੈਸਲਾ ਨਹੀਂ ਹੋ ਜਾਂਦਾ ਤਦ ਤਕ ਕੋਈ ਜਵਾਬ ਦੇਣਾ ਬੇਮਾਇਨੇ ਹੋ ਜਾਂਦਾ ਹੈ।

**Mr. Speaker** : Question Hour is over. The remaining questions shall be deemed to have been answered under Rule 38 of the Rules of Procedure and Conduct of Business in the Punjab Vidhan Sabha (Punjab Legislative Assembly).

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### Unauthorised Passenger Transport

*237. **Sardar Sant Singh Gill**: Will the Chief Minister be pleased to state whether it is in the notice of the Government that the unauthorised passenger transport is operating in the State; if so, whether the Government proposes to allot them route permits; if not, whether the Government proposes to curb them and the steps taken/proposed to be taken by the Government in that regard ?

**Sardar Surjit Singh Barnala**: Yes Sir, it is proposed to curb plying of unauthorised passenger transport in the State by effective checking. Stage Carriage Permits are granted by the competent authority under the Motor Vehicle Act, under the quasi-judicial process by taking into account the suitability and merits of applicants.

---

### Mini Bus Route Permits

*252. **Shri Mohinder Singh K. P.** : Will the Chief Minister be pleased to state whether the Government proposes to reserve quota in Mini Bus Route Permits, for the Scheduled Castes in the State; if so, the details thereof ?

**Sardar Surjit Singh Barnala** : 25% reservation in mini-bus route permits has already been made for the Scheduled Castes.

---

### Cancellation of auction of condemned Buses of Punjab Roadways, Ludhiana

*131. **Doctor Kewal Krishan** : Will the Chief Minister be pleased to state—

(a) whether it is a fact that the auction of some condemned buses of the Punjab Roadways, Ludhiana Depot was cancelled at

Original with;
Punjab Vidhan Sabha
Digitized by;
Panjab Digital Library

[Doctor Kewal Krishan]

the intervention of the Government in the third week of January, 1986 ;

(b) if the reply to part (a) above be in affirmative, the detailed reasons thereof ?

**Sardar Surjit Singh Barnala**: (a) Yes, Sir.

(b) The auction was cancelled because the whole process of sale of vehicles was vitiated due to the absence of the Divisional Manager who was, as per instruction required to supervise the whole process. Instead the Senior Accounts Officer was sent by him, without the prior approval of the Director, State Transport, Punjab.

---

**Collapsing of roof of the building of Public Health Department at S. A. S. Nagar**

*136. **Doctor Kewal Krishan**: Will the Chief Minister be pleased to state—

(a) whether it is a fact that the roof of the building of Public Health Department in S.A.S. Nagar Phase VI collapsed in which one person was killed in the 3rd week of January, 1986 ;

(b) if the reply of part 'A' above is in affirmative, the reason therefor, steps taken by the Government so that such sad happenings should not re-occur ;

(c) the action taken against the contractor/officers/officials responsible for the incident together with the amount of compensation given to the killed person?

**Sardar Surjit Singh Barnala** : (a) Yes, the roof of the pump chamber which was under construction by a contractor collapsed on 21st January, 1986.

(b) The accident occured due to failure of the shuttering errected by the contractor. To avoid such failure in future, field officers/staff have been directed to exercise stricter technical supervision of works under execution, particularly in respect of casting of slabs and beams.

(c) Compensation of Rs. 5,000 has been paid by the contractor to the mother of the deceased labourer. Reconstruction of the slab/beams has been taken in hand by the contractor at his own cost as per terms and conditions of the agreement.

The concerned Sectional Officer has been placed under suspension. The Executive Engineer as well as the Sub-Divisional Engineer have been chargesheeted for negligence and loose control and an Enquiry Officer has been appointed.

---

**Harassment to Brides due to Dowry Evil**

*105. **Shri Jagjit Singh** : Will the Chief Minister be pleased to state—

(a) whether any cases of harassment being faced by the brides or their parents due to the dowry evil, came to the notice of the

Original with;
Punjab Vidhan Sabha
Digitized by;
Panjab Digital Library

Government in the State during the period from 1-10-1983 to-date, if so; the district-wise details thereof ;

(b) the steps being taken by the Government for the complete abolition of dowry system in the State ?

**Sardar Surjit Singh Barnala** : (a) Yes. During the period 1st October, 1983 to 26th February, 1986, 44 such cases were reported. as per details given in the statement enclosed which is placed on the Table of the house.

(b) The Government strictly enforces the provisions of the Dowry Prohibition Act, 1961 in this behalf.

District-wise number of cases relating to offences connected with dowry for the period 1st October, 1983 to 26th February, 1986 is as under :—

| | | |
|---|---|---|
| 1. | Patiala .. | 3 |
| 2. | Sangrur .. | 5 |
| 3. | Bhatinda .. | 14 |
| 4. | Jalandhar .. | 19 |
| 5. | Ludhiana .. | 3 |
| 6. | Other districts .. | Nil |
| | Total .. | 44 |

## Grant of Loans by Housefed

***248. Giani Kundan Singh Patang** : Will the Chief Minister be pleased to state—

(a) whether the Housefed grants any loan or subsidy for the purchase of plot and /or construction of house in the urban areas in the State and recovery of the loan is made in instalments ;

(b) whether the Housefed proposes to grant the facility of loan for the purchase of plots/construction of houses to the people living in the rural areas of the State also ; if so, the time likely to be taken to do so ?

**Sardar Surjit Singh Barnala** : (a) The Housefed grants loans for construction of houses in urban areas in the State. The recovery of the loan is made in 80 equated quarterly instalments. No subsidy is given for the construction of houses. No loan or subsidy is provided for the purchase of plot.

(b) The Housefed has since approved a scheme for the advancement of loans for construction of houses in the rural areas. The scheme has

Original with;
Punjab Vidhan Sabha
Digitized by;
Panjab Digital Library

[Chief Minister]

been sent to the Life Insurance Corporation of India for their approval as the funds for this purpose are to be provided by LIC. The scheme will be implemented as soon as it is cleared by L.I.C. There is no proposal or scheme for providing loans for the purchase of plots in rural areas.

## CALL ATTENTION NOTICE UNDER RULE 66

(*Serial No. 23*)

**Shri Ram Kishan Kataria :** Sir, I beg to draw the attention of the Government towards a matter of urgent public importance, namely, extremely acute shortage of drinking water in Kandi area of Tehsil Balachaur, District Hoshiarpur. There is grave anxiety prevailing amongst the residents of the area on account of the near famine conditions.

In view of the urgency of the matter, the Government may be asked to make a statement in the House as to the steps it proposes to take for improving the water supply in the area in the immediate future.

**Chief Minister** (Sardar Surjit Singh Barnala) :There are 194 villages in the Balachaur Tehsil. Out of these 8 are becharag. 29 villages of this Tehsil fall in the Kandi area. All the 29 villages are covered by Water Supply Schemes. These schemes were designed on the basis of water allowance of 10 gallons per capita per day. This is the norm fixed by the Government of India for Rural Water Supply Schemes. Recently, the State Government has decided that the new water supply schemes should be designed on the basis of higher water allowance of 15 gallons per head per day so that it is possible to give some individual water connections viz. 10 for 1,000 population.

The problem in the Kandi area is that the schemes were originally designed on the basis of 10 gallons per capita per day which does not take into account the water requirement of cattle. The problem has become more acute as a result of decrease in the yield of water from the underground strata as a result of lowering of water table. In order to meet the situation, Government proposes to instal more tubewells to augment the depleted sources of supply.

**ਸ਼੍ਰੀ ਰਾਮ ਕਿਸ਼ਨ ਕਟਾਰੀਆ :** ਸਰ, ਇਹ ਬਹੁਤ ਅੱਛੀ ਗੱਲ ਹੈ ਕਿ ਹੋਰ ਟਿਊਬਵੈਲਜ਼ ਲਗਾਏ ਜਾਣਗੇ ਔਰ ਕਾਫੀ ਟਿਊਬਵੈਲਜ਼ ਲੱਗ ਜਾਣ ਨਾਲ ਇਹ ਵਾਟਰ ਸਪਲਾਈ ਨਾਰਮਲ ਹੋ ਜਾਏਗੀ, ਪਾਈਪਸ ਆਲਰੇਡੀ ਅੰਡਰਗਰਾਊਂਡ ਪਾਏ ਹੋਏ ਹਨ। ਹੁਣ ਸਮਰ ਸੀਜ਼ਨ ਆ ਰਿਹਾ ਹੈ ਅਤੇ ਪਾਣੀ ਦੀ ਪ੍ਰਾਬਲਮ ਸ਼ੁਰੂ ਹੋ ਜਾਵੇਗੀ ਅਤੇ ਪਿੰਡਾਂ ਵਾਲਿਆਂ ਨੂੰ ਥਲਿਉਂ ਜਾ ਕੇ ਪਾਣੀ ਲਿਆਉਣਾ ਪਏਗਾ, ਦੂਸਰੇ ਪਾਣੀ ਦਾ ਲੈਵਲ ਜਿਹੜਾ ਹੈ ਉਹ ਨੀਚਾ ਹੈ ਅਤੇ ਚੜ੍ਹਾਈ ਤਕ ਨਹੀਂ ਪਹੁੰਚਦਾ। ਕੀ ਕੋਈ ਬੂਸਟਰ ਲਗਾ ਕੇ ਪਾਣੀ ਨੂੰ ਉਪਰ ਬੂਸਟ ਕਰਨ ਦੇ ਉਪਰਾਲੇ ਕੀਤੇ ਜਾਣਗੇ ਤਾਂਕਿ ਲੋਕਾਂ ਨੂੰ ਪਾਣੀ ਦੀ ਪ੍ਰਾਬਲਮ ਨਾ ਆਵੇ ਕਿਉਂਕਿ ਵਿਆਹ ਸ਼ਾਦੀਆਂ ਵਿਚ ਲੋਕਾਂ ਨੂੰ ਰੇਹੜੀਆਂ. ਗੱਡਿਆਂ ਤੇ ਪਾਣੀ ਲਿਆਉਣਾ ਪੈਂਦਾ ਹੈ, ਦੂਸਰੇ ਇਹ ਕੋਈ ਸਮਾਂ ਨਿਸਚਿਤ ਕਰਨਗੇ ਕਿ ਕਦ ਤਕ ਉਹ ਟਿਊਬਵੈਲਜ਼ ਲੱਗ ਜਾਣਗੇ ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਬੂਸਟਰਜ਼ ਨਾਲ ਅਗਰ ਮੁਸ਼ਕਲ ਹੱਲ ਹੋ ਸਕਦੀ ਹੈ ਤਾਂ ਜ਼ਰੂਰ ਐਗਜਾਮਿਨ ਕਰ ਲਵਾਂਗੇ ਔਰ ਐਗਜ਼ਾਮਿਨ ਕਰਨ ਦੀ ਕੋਸ਼ਿਸ਼ ਕਰਾਂਗੇ। ਜਿੱਥੋਂ ਤਕ ਸਾਰੀਆਂ

Original with;
Punjab Vidhan Sabha
Digitized by;
Panjab Digital Library

ਸਕੀਮਾਂ ਚਾਲੂ ਕਰਨ ਦੀ ਗੱਲ ਹੈ ਇਹ ਕੁਲ 6 ਸਕੀਮਾਂ ਹਨ ਜਿਹੜੀਆਂ 29 ਪਿੰਡਾਂ ਨੂੰ ਕਵਰ ਕਰਨ-ਗੀਆਂ ਐਰ 15 ਗੈਲਨ ਪਾਣੀ ਪਰ ਹੈਡ ਦਿੱਤਾ ਜਾ ਸਕੇਗਾ। ਇਨ੍ਹਾਂ ਸਕੀਮਾਂ ਤੇ 1.27 ਕਰੋੜ ਰੁਪਿਆ ਖਰਚ ਹੋਣਾ ਹੈ। ਜੇਕਰ ਅੱਜ ਇਹ ਸ਼ੁਰੂ ਕਰੀਏ ਤਾਂ ਕੋਈ 2 ਸਾਲ ਕੰਪਲੀਟ ਹੋਣ ਵਿਚ ਲੱਗ ਜਾਣਗੇ। ਇਸ ਲਈ ਨਹੀਂ ਕਿਹਾ ਜਾ ਸਕਦਾ ਕਿ ਬਹੁਤ ਜਲਦੀ ਜਾਂ ਆਉਣ ਵਾਲੇ ਸੀਜ਼ਨ ਤਕ ਕੋਈ ਲਾਭ ਹੋ ਸਕੇਗਾ। ਜਿਹੜਾ ਇਨ੍ਹਾਂ ਨੇ ਬੂਸਟਰਜ਼ ਦਾ ਜ਼ਿਕਰ ਕੀਤਾ ਹੈ ਉਹ ਜ਼ਰੂਰ ਐਗ-ਜ਼ਾਮਿਨ ਹੋ ਜਾਏਗਾ।

**Shri Ram Kishan Kataria** : Sir, I......

**Mr. Speaker** : Only one question is to be allowed.

## PAPERS LAID ON THE TABLE

**Mr. Speaker** : Papers to be laid.

**Education Minister** (Sardar Sukhjinder Singh) : Sir, I beg to lay on the Table the three Reports viz.—

(i) The Punjab Motor Vehicles (First Amendment) Rules, 1985 as required under Section 133 (3) of the Motor Vehicles Act, 1939.

(ii) The Annual Report on the working of Punjab Public Service Commission for the year 1983-84, as required under Article 323 (2) of the Constitution of India.

(iii) The 11th, 12th and 13th Report of the Punjab State Industrial Development Corporation Limited for the years 1976-77, 1977-78 and 1978-79, as required under section 619 (A) of the Companies Act, 1956.

## SUPPLEMENTARY ESTIMATES (SECOND INSTALMENT) FOR THE YEAR 1985-86

**(i) Discussion on the Estimates of the expenditure charged on revenue of the State.**

**ਸ਼੍ਰੀ ਸਪੀਕਰ** : ਸਪਲੀਮੈਂਟਰੀ ਐਸਟੀਮੇਟਸ, 1985-86 ਦੂਸਰੀ ਕਿਸ਼ਤ ਹਾਊਸ ਦੇ ਸਾਹਮਣੇ ਹੈ ਔਰ (i) Estimates of the expenditure charged on revenues of the State ਤੇ ਡਿਸਕਸ਼ਨ ਹੋਵੇਗੀ। ਜੇਕਰ ਕਿਸੇ ਮੈਂਬਰ ਸਾਹਿਬ ਨੇ ਹਿੱਸਾ ਲੈਣਾ ਹੈ ਤਾਂ ਚਾਰਜਡ ਆਈਟਮ ਦਾ ਜ਼ਿਕਰ ਜ਼ਰੂਰ ਕਰਨਾ ਹੈ।

(Nobody rose to speak on the charged items.)

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਬੋਲਣਾ ਚਾਹਾਂਗਾ। ਸਪੀਕਰ ਸਾਹਿਬ, ਅੱਜ ਜਿਹੜੀ ਪੋਜ਼ੀਸ਼ਨ ਹੈ .........(ਵਿਘਨ)

**ਸ਼੍ਰੀ ਸਪੀਕਰ** : ਤੁਸੀਂ ਕਿਹੜੀ ਚਾਰਜਡ ਆਈਟਮ ਤੇ ਬੋਲ ਰਹੇ ਹੋ ?

Original with;
Punjab Vidhan Sabha
Digitized by;
Panjab Digital Library

ਸਰਦਾਰ ਦਲੀਪ ਸਿੰਘ ਪਾਂਧੀ : ਮੈਂ ਸਾਰੀਆਂ ਆਈਟਮਜ਼ ਤੇ ਬੋਲਾਂਗਾ ਜੀ।

ਸ੍ਰੀ ਸਪੀਕਰ : ਆਈਟਮਜ਼ ਦਾ ਨਾਂ ਲੈ ਦਿਓ।

ਸਰਦਾਰ ਦਲੀਪ ਸਿੰਘ ਪਾਂਧੀ : ਸਰ, ਆਈਟਮ ਨੰ : 1, 3, 4, 6, 11, 13, 19, 21, 35, 36, 38 ਅਤੇ 41।

ਸ੍ਰੀ ਸਪੀਕਰ : ਮੈਨੂੰ ਪਹਿਲਾਂ ਮੂਵ ਕਰ ਲੈਣ ਦਿਓ।

There are 26 Demands for Supplementary Grants which are to be discussed and voted upon today. If the Hon,ble Members agree, all these Demands may be deemed to have been read and moved as per past practice.

(*Voices* : yes, yes)

I will request that while raising discussion, the Demand Number on which the discussion is sought to be raised may please be indicated by the Member concerned.

Under Rule 168 (4) of the Rules of Procedure the guillotine will be applied at 12·00 Noon.

**Demand No. 2**

That a Supplementary sum not exceeding Rs. 7,64,000 on account of Revenue Account be granted to the Governor to defray the charges that will come in course of payments for the year ending 31st March, 1986, in respect of Council of Ministers.

**Demand No. 3**

That a Supplementary sum not exceeding Rs. 32,88,000 on account of Revenue Account be granted to the Governor to defray the charges that will come in course of payments for the year ending 31st March, 1986, in respect of Administration of Justice.

**Demand No. 4**

That a Supplementary sum not exceeding Rs. 37,51,000 on account of Revenue Account be granted to the Governor to defray the charges that will come in course of payments for the year ending 31st March, 1986, in respect of Elections.

**Demand No. 5**

That a Supplementary sum not exceeding Rs. 18,76,92,000 on account of Revenue Account be granted to the Governor to defray the charges that will come in course of payments for the year ending 31st March, 1986 , in respect of Revenue.

**Demand No. 9**

That a Supplementary sum not exceeding Rs. 77,09,000 on account of Revenue Account be granted to the Governor to defray the charges that will come in course of payments for the year ending 31st March, 1986, in respectof Civil Secretariat.

Original with;
Punjab Vidhan Sabha
Digitized by;
Panjab Digital Library

## Demand No. 10

That a Supplementary sum not exceeding Rs. 88,68,000 on account of Revenue Account be granted to the Governor to defray the charges that will come in course of payments for the year ending 31st March, 1986, in respect of District Administration.

## Demand No. 11

That a Supplementary sum not exceeding Rs. 24,80,29,000 on account of Revenue Account be granted to the Governor to defray the charges that will come in course of payments for the year ending 31st March, 1986, in respect of Police.

## Demand No. 12

That a Supplementary sum not exceeding Rs. 48,90,000 on account of Revenue Account be granted to the Governor to defray the charges that will come in course of payments for the year ending 31st March, 1986, in respect of Jails.

## Demand No. 14

That a Supplementary sum not exceeding Rs. 2,28,14,000 on account of Revenue Account be granted to the Governor to defray the charges that will come in course of payments for the year ending 31st March, 1986, in respect of Miscellaneous Services.

## Demand No. 15

That a Supplementary sum not exceeding Rs. 75,000 on account of Revenue Account be granted to the Governor to defray the charges that will come in course of payments for the year ending 31st March, 1986, in respect of Rehabilitation, Relief and Resettlement.

## Demand No. 19

That a Supplementary sum not exceeding Rs. 4,30,17,000 on account of Revenue Account be granted to the Governor to defray the charges that will come in course of payments for the year ending 31st March 1986 in respect of Housing and Urban Development.

## Demand No. 21

That a Supplementary sum not exceeding Rs. 17,25,000 on account of Revenue Account be granted to the Governor to defray the charges that will come in course of payments for the year ending 31st March, 1986, in respect of Tourism and Cultural Affairs.

## Demand No. 22

That a Supplementary sum not exceeding Rs. 3, 24,000 on account of Revenue Account be granted to the Governor to defray the charges that will come in course of payments for the year ending 31st March, 1986, in respect of Labour, Employment and Industrial Training.

## Demand No. 23

That a Supplementary sum not exceeding Rs. 1,24,30,000 on account of Revenue Account be granted to the Governor to defray the charges that will come in course of payments for the year ending 31st March, 1986, in respect of Social Security and Welfare.

Original with;
Punjab Vidhan Sabha
Digitized by;
Panjab Digital Library

[Mr. Speaker]

**Demand No. 26**

That a Supplementary sum not exceeding Rs. 2,00,000 on account of Capital Account be granted to the Governor to defray the charges that will come in course of payments for the year ending 31st March, 1986, in respect of Agriculture.

**Demand No. 27**

That a Supplementary sum not exceeding Rs. 1,06,51,000 on account of Revenue Account be granted to the Governor to defray the charges that will come in course of payments for the year ending 31st March, 1986, in respect of Soil and Water Conservation.

**Demand No. 28**

That a Supplementary, sum not exceeding Rs. 1,34,79,08,000 on account of Capital Account be granted to the Governor to defray the charges that will come in course of payments for the year ending 31st March, 1986, in respect of Food.

**Demand No. 29**

That a Supplementary sum not exceeding Rs. 3,96,76,000 on account of Revenue Account be granted to the Governor to defray the charges that will come in course of payments for the year ending 31st March, 1986, in respect of Animal Husbandry.

**Demand No. 31**

That a Supplementary sum not exceeding Rs. 10,08,000 on account of Revenue Account be granted to the Governor to defrary the charges that will come in course of payments for the year ending 31st March, 1986, in respect of Fisheries.

**Demand No 34**

That a Supplementary sum not exceeding Rs. 68,30,000 on account of Revenue Account be granted to the Governor to defray the charges that will come in course of payments for the year ending 31st March, 1986, in respect of Industries.

**Demand No. 35**

That a Supplementary sum not exceeding Rs. 15,16,000 on account of Revenue Account be granted to the Governor to defray the charges that will come in course of payments for the year ending 31st March, 1986, in respect of Civil Aviation.

**Demand No. 36**

That a Supplementary sum not exceeding Rs. 9,28,95,000 on account of Revenue Account and Rs. 2,46,00,000 on account of Capital Account be granted to the Governor to defray the charges that will come in course of payments for the year ending 31st March, 1986, in respect of Roads and Bridges.

**Demand No. 38**

That a Supplementary sum not exceeding Rs. 3,42,70,000 on account of Capital account be granted to the Governor to defray the charges that will come in course of payments for the year ending 31st March, 19 86, in respect of Multipurpose River Projects.

Original with;
Punjab Vidhan Sabha
Digitized by;
Panjab Digital Library

## Demand No. 39

That a Supplementary sum not exceeding Rs. 8,31,98,000 on account of Revenue Account and Rs. 1,10,87,000 on account of Capital Account be granted to the Governor to defray the charges that will come in course of payments for the year ending 31st March, 1986 in respect of Irrigation, Drainage and Flood Control.

## Demand No. 40

That a Supplementary sum not exceeding Rs. 5,18,35,000 on account of Revenue Account and Rs. 3,64,64,000 on account of Capital Account be granted to the Governor to defray the charges that will come in course of payments for the year ending 31st March, 1986 in respect of Buildings.

## Demand No. 41

That a Supplementary sum not exceeding Rs. 72,92,28,000 on account of Capital Account be granted to the Governor to defray the charges that will come in course of payments for the year ending 31st March, 1986 in respect of Loans and Advances by the State Government.

**ਸਰਦਾਰ ਦਲੀਪ ਸਿੰਘ ਪਾਂਧੀ (ਅਮਲੋਹ, ਐਸ. ਸੀ.)** : ਸਪੀਕਰ ਸਾਹਿਬ, ਇਹ ਜਿਹੜੀਆਂ ਸਪਲੀਮੈਂਟਰੀ ਡਿਮਾਂਡਜ਼ ਹਨ, ਇਹ ਪਿਛਲੇ ਸਮੇਂ ਨਾਲ ਸਬੰਧ ਰਖਦੀਆਂ ਹਨ (ਵਿਘਨ)

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਸਪੀਕਰ ਸਾਹਿਬ, ਡਿਮਾਂਡ ਨੰ: 1 ਮੂਵ ਨਹੀਂ ਹੋਈ।

**ਸ੍ਰੀ ਸਪੀਕਰ** : All the Demands have been read and moved. ਇਹ ਜਿਹੜੀਆਂ 26 ਡਿਮਾਂਡਜ਼ ਹਨ, ਉਨ੍ਹਾਂ ਨਾਲ ਹੀ ਲੈ ਲਵਾਂਗੇ।

**ਸਰਦਾਰ ਦਲੀਪ ਸਿੰਘ ਪਾਂਧੀ** : ਸਪੀਕਰ ਸਾਹਿਬ, ਮੈਂ ਅਰਜ਼ ਕਰ ਰਿਹਾ ਸੀ ਕਿ ਇਹ ਜਿਹੜੀਆਂ ਡਿਮਾਂਡਜ਼ ਹਨ ਇਹ ਪਿਛਲੇ ਸਮੇਂ ਨਾਲ ਸਬੰਧਤ ਹਨ ਔਰ ਸਰਕਾਰ ਨੇ ਬਹੁਤ ਠੀਕ ਕੀਤਾ ਹੈ ਕਿ ਕਾਂਗਰਸੀਆਂ ਦੀਆਂ ਗਲਤੀਆਂ ਔਰ ਉਨ੍ਹਾਂ ਦੇ ਰਾਜ ਦੀਆਂ ਜ਼ਿਆਦਤੀਆਂ ਔਰ ਰੈਕਟੀਫਿਕੇਸ਼ਨ ਕਰ ਦਿਤੀ ਔਰ ਲੋਕਾਂ ਨੂੰ ਰਿਲੀਫ ਦੇ ਦਿਤਾ ਹੈ। ਇਹ ਅਮਾਊਂਟ ਬਕਾਇਆ ਦੇ ਹਨ, ਕੋਈ ਕੋਰਟ ਕੇਸਿਜ਼ ਹੋਏ ਸਨ ਉਨ੍ਹਾਂ ਤੇ ਕੁਝ ਖਰਚੇ ਹੋਏ ਸਨ, ਕੁਝ ਮਨਿਸਟਰ ਦੇ ਖਰਚੇ ਹਨ ਅਤੇ ਕਈ ਹੋਰ ਅਜਿਹੇ ਖਰਚੇ ਸਨ ਇਹ ਸਾਰੇ ਇਥੇ ਲਿਆ ਕੇ ਰੱਖ ਦਿਤੇ । ਮੈਂ ਸਮਝਦਾ ਹਾਂ ਕਿ ਬਜਟ ਤੇ ਸਪੀਚਾਂ ਹੋਣੀਆਂ ਹਨ ਮੈਂ ਇਨ੍ਹਾਂ ਤੇ ਬਹੁਤਾ ਸਮਾਂ ਨਹੀਂ ਲੈਣਾ ਹੈ ਔਰ ਬੇਨਤੀ ਕਰਾਂਗਾ ਕਿ ਇਹ ਸਰਬ ਸੰਮਤੀ ਨਾਲ ਪਾਸ ਕਰ ਦਿੱਤੀਆਂ ਜਾਣ।

*

*10.06 ਸਵੇਰੇ) (ਇਸ ਸਮੇਂ ਸ੍ਰੀ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ)।

ਡਿਪਟੀ ਸਪੀਕਰ ਸਾਹਿਬ, ਜੇਕਰ ਪਿਛਲੇ ਸਮੇਂ ਨੂੰ ਘੋਖੀਏ ਤਾਂ ਪਤਾ ਲਗਦਾ ਹੈ ਕਿ ਇਕ ਬੜਾ ਭਾਰੀ ਇਤਿਹਾਸ ਰਿਹਾ ਹੈ। ਕਾਂਗਰਸ ਸਰਕਾਰ ਨੇ ਸਕੂਲ ਖੋਲ੍ਹੇ, ਨਹੀਂ, ਸੜਕਾਂ ਬਣਾਈਆਂ ਨਹੀਂ, ਉਸਾਰੀ ਦਾ ਕੋਈ ਕੰਮ ਨਹੀਂ ਕੀਤਾ, ਡਿਵੈਲਪਮੈਂਟ ਦੇ ਕੋਈ ਕੰਮ ਨਹੀਂ ਕੀਤੇ ਅਤੇ ਸਾਰੇ ਰਾਜ ਨੂੰ ਹੋਰ ਪਾਸੇ ਲਾ ਦਿਤਾ। ਆਪ ਪੈਸੇ ਬਣਾਉਣ ਤੇ ਲੱਗ ਗਏ ਸਾਰੇ ਪੰਜਾਬ ਦੀ ਤਰੱਕੀ ਨਹੀਂ ਹੋਈ। ਪੰਜਾਂ ਸਾਲਾਂ ਵਿਚ ਕੋਈ ਸਕੂਲ ਅਪਗਰੇਡ ਨਹੀਂ ਕੀਤਾ, ਭ੍ਰਿਸ਼ਟਾਚਾਰ ਦਾ ਰਾਜ ਰਿਹਾ ਹੈ। ਪਤਾ ਨਹੀਂ ਕਿਸ ਕਰਕੇ ਇਨ੍ਹਾਂ ਨੇ ਕੀਤਾ। ਰੱਬ ਇਨ੍ਹਾਂ ਨੂੰ ਸਜ਼ਾ ਦੇਵੇਗਾ ਨਰਕ ਵਿਚ ਸੁੱਟੇਗਾ। ਪੈਸਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਸਰਕਾਰ ਕੋਲ ਬਿਲਕੁਲ ਨਹੀਂ ਹੈ। ਅੱਜ ਕੱਲ੍ਹ ਪੈਸੇ ਬਿਨਾਂ ਕੋਈ ਗੱਲ ਨਹੀਂ ਹੋ ਸਕਦੀ। ਕੋਈ ਮੰਗ ਕਰੀਏ ਸਰਕਾਰ ਕਹਿੰਦੀ ਹੈ ਕਿ ਕੋਈ ਪੈਸਾ ਨਹੀਂ। ਹਸਪਤਾਲਾਂ ਦੀ ਗੱਲ ਆਈ ਤਾਂ ਵੀ ਉਹੀ ਜਵਾਬ। ਪਿੰਡਾਂ ਵਿਚ 25-ਬੈਡ ਹਸਪਤਾਲ ਇਨ੍ਹਾਂ ਨੇ ਬੰਦ ਕਰ ਦਿੱਤੇ ਦੂਸਰੇ ਇਨ੍ਹਾਂ ਨੇ ਬਦ-ਕਿਸਮਤੀ ਨਾਲ ਫੈਸਲਾ ਬਦਲ ਦਿਤਾ ਤੇ ਉਹ ਸਾਰੇ ਦੇ ਸਾਰੇ ਸਿਵਲ ਸਰਜਨ ਦੇ ਮਾਤਹਿਤ ਕਰ ਦਿਤੇ। ਬਹੁਤ ਸਾਰੇ ਹਸਪਤਾਲਾਂ ਵਿਚ ਕਬੂਤਰ ਬੋਲਦੇ ਹਨ। ਸਾਰਾ ਸਿਸਟਮ ਹੀ ਖਰਾਬ ਕਰ ਦਿਤਾ। ਇਸੇ ਤਰ੍ਹਾਂ ਜਿਹੜੇ ਕਾਲਿਜਿਜ਼ ਵਿਚ ਪ੍ਰੋਫੈਸਰਜ਼ ਹਨ ਉਹ ਪਿੰਡਾਂ ਵਿਚ ਜਾਣ ਨੂੰ ਤਿਆਰ ਨਹੀਂ ਹਨ। ਯੂਨੀਸਫ ਨੇ 11 ਗੱਡੀਆਂ ਦਿਤੀਆਂ ਸਨ, ਉਹ ਮੋਬਾਇਲ ਸਨ ਪਰ ਇਨ੍ਹਾਂ ਨੇ ਉਨ੍ਹਾਂ ਦੇ ਟਰੱਕ ਬਣਾ ਲਏ। ਸਾਰਾ ਪ੍ਰੋਗਰਾਮ ਦਰਹਮ ਬਰਹਮ ਹੋ ਗਿਆ ਸੀ। ਮੁੜ ਕੇ ਪੰਜਾਬ ਦੀ ਜਨਤਾ ਨੇ ਫੈਸਲਾ ਕੀਤਾ ਇਨ੍ਹਾਂ ਨੂੰ ਬਦਲ ਕੇ ਦੂਜੇ ਪਾਸੇ ਲਿਆ ਕੇ ਬਿਠਾ ਦਿਤਾ। ਡਿਪਟੀ ਸਪੀਕਰ ਸਾਹਿਬ, ਜੋ ਮੁਲਕ ਦੇ ਹਾਲਾਤ ਹਨ, ਸਟੇਟ ਦੇ ਹਾਲਾਤ ਹਨ ਉਹ ਬਹੁਤ ਮਾੜੇ ਹਨ। ਇਨ੍ਹਾਂ ਨੇ ਲੋਕਾਂ ਦੀ ਬੜੀ ਡੀਮਾਰੇਲਾਈਜ਼ੇਸ਼ਨ ਕੀਤੀ। ਪੁਲਿਸ ਨੂੰ ਇਨ੍ਹਾਂ ਨੇ ਆਪਣੇ ਪਰਪਜ਼ ਲਈ ਵਰਤਿਆ, ਆਮ ਲੋਕਾਂ ਨੂੰ ਨੈਸ਼ਨਲ ਸਿਕਿਉਰਿਟੀ ਐਕਟ ਥਲੇ ਜੇਲ੍ਹਾਂ ਵਿਚ ਭੇਜ ਦਿਤਾ, ਲੋਕਾਂ ਨੂੰ ਮਾਰ ਦਿਤਾ, ਕਤਲੇਆਮ ਕਰ ਦਿਤਾ। ਬਲਿਊ ਸਟਾਰ ਦਾ ਕਿਸਾ ਸਾਡੇ ਸਾਹਮਣੇ ਹੈ, ਜੋ ਜਿਆਦਤੀ ਕੀਤੀ। ਦਿੱਲੀ ਵਿਚ ਲੋਕਾਂ ਤੇ ਜੋ ਤਸ਼ੱਦਦ ਹੋਇਆ ਕੋਈ ਰਿਲੀਫ ਹਾਲੇ ਤਕ ਨਹੀਂ ਮਿਲ ਰਿਹਾ। ਸਰਦਾਰ ਕਿਰਪਾਲ ਸਿੰਘ ਨੇ ਕਲ੍ਹ ਇਥੇ ਕਾਨ੍ਹਪੁਰ ਦੀ ਗੱਲ ਕੀਤੀ ਕਿੰਨੀ ਦਰਦਨਾਕ ਸੀ। ਜੇਕਰ ਪੁਰਾਣੀ ਗੱਲ ਕਰੀਏ ਤਾਂ ਪਿੰਡਾਂ ਦੀ ਤਰੱਕੀ ਦੀ ਗੱਲ ਅਤੇ ਲੋਕਾਂ ਦੀ ਤਰੱਕੀ ਦੀ ਗੱਲ ਰਹਿ ਜਾਣੀ ਹੈ ਜਿਵੇਂ ਜਸਟਿਸ ਬੈਂਸ ਨੇ ਰਿਪੋਰਟ ਦੇ ਕੇ ਆਪਣੀ ਪਰਵਾਨਗੀ ਦੇ ਦਿਤੀ ਲੇਕਿਨ ਸਾਰਾ ਕੰਮ ਹੀ ਜਾਲ੍ਹੀ ਕੀਤਾ ਗਿਆ ਸੀ, ਸਾਰਾ ਰਿਕਾਰਡ ਹੀ ਉਨ੍ਹਾਂ ਦਾ ਜਾਲ੍ਹੀ ਬਣਾਇਆ ਗਿਆ ਸੀ। ਜਦੋਂ ਲੇਟ ਪ੍ਰਾਈਮ ਮਨਿਸਟਰ ਦੀ ਡੈਥ ਹੋਈ ਤਾਂ ਮੈਨੂੰ ਉਸੇ ਦਿਨ ਹੀ ਫੜ ਕੇ ਲੈ ਗਏ. ਅੰਦਰ ਦੇ ਦਿੱਤਾ ਕਿ ਲੱਡੂ ਵੰਡੇ ਗਏ। ਮੈਨੂੰ ਖੁਸ਼ੀ ਹੋਈ, ਮੈਂ ਲੱਡੂ ਵੰਡਦਾ ਸੀ, ਇਸ ਕਰਕੇ ਮੈਨੂੰ ਅੰਦਰ ਦੇ ਦਿਤਾ। ਫਿਰ ਮੈਂ ਜੇਲ੍ਹ ਦੇ ਅੰਦਰੋਂ ਹਜ਼ਾਰਾਂ ਦਰਖਾਸਤਾਂ ਦਿਤੀਆਂ ਕਿ ਅਗਰ ਮੇਰੇ ਵਰਗੇ ਕਿਰਦਾਰ ਦਾ ਬੰਦਾ, ਜਿਸਦੀ ਸਾਰੀ ਜ਼ਿੰਦਗੀ ਤੁਸੀਂ ਆਪ ਜਾਣਦੇ ਹੋ ਔਰ ਮੈਂ ਇਸ ਅਸੂਲ ਦਾ ਹਾਂ ਕਿ ਜਿਹੜਾ ਜ਼ੁਲਮ ਕਰੇ ਉਸਨੂੰ ਸਜ਼ਾ ਮਿਲਣੀ ਚਾਹੀਦੀ ਹੈ, ਜੇਲ੍ਹ ਵਿਚ ਦਿਤਾ ਜਾ ਸਕਦਾ ਹੈ ਔਰ ਮੇਰੇ ਵਰਗੇ ਬੰਦੇ ਤੇ ਇਸਤਰ੍ਹਾਂ ਦਾ ਕੇਸ ਬਣਾਇਆ ਜਾ ਸਕਦਾ ਹੈ ਔਰ ਸਜ਼ਾ ਦਿਤੀ ਜਾ ਸਕਦੀ ਹੈ ਤਾਂ ਫਿਰ ਆਮ ਲੋਕਾਂ ਦਾ ਕੀ ਹਾਲ ਹੋਵੇਗਾ। ਮੈਂ ਕੋਈ ਅਫਸਰ ਨਹੀਂ ਛੱਡਿਆ ਜਿਸਨੂੰ ਮੈਂ ਚਿੱਠੀ ਨਾ ਲਿਖੀ ਹੋਵੇ। ਮੇਰਾ ਕੇਸ ਚਲਿਆ। ਮੈਨੂੰ ਹਾਈਕੋਰਟ ਨੇ ਰਿਲੀਜ਼ ਕਰ ਦਿਤਾ ਲੇਕਿਨ ਉਸ ਤੋਂ ਬਾਅਦ ਫਿਰ ਮੈਨੂੰ ਪੁਲੀਸ ਨੇ ਫੜ ਕੇ ਕੇਸ ਬਣਾ ਦਿਤਾ ਔਰ ਫਿਰ ਅੰਦਰ ਦੇ ਦਿਤਾ। ਇਥੇ ਰੂਲ ਆਫ ਜੰਗਲ. ਰੂਲ ਆਫ ਮਨਮਾਨੀ ਚਲਦਾ ਰਿਹਾ। ਕਿਸੇ ਨੂੰ ਕੋਈ ਪੁੱਛਦਾ ਨਹੀਂ ਸੀ ਔਰ ਉਸਦੀ ਰਿਜ਼ੈਂਟਮੈਂਟ ਕਾਰਨ ਹੀ ਇਥੇ ਅਜ ਇਹ ਹਾਲ ਹੋ ਰਿਹਾ ਹੈ। ਇਥੇ ਅਫਸਰ ਮਨ ਮਾਨੀਆਂ ਕਰਦੇ ਰਹੇ, ਅਫਸਰ ਸ਼ਾਹੀ ਹੁੰਦੀ ਰਹੀ, ਕੋਈ ਰੂਲ ਨਾ ਰਿਹਾ, ਰੂਲ ਨਾ ਹੋਣ ਕਰਕੇ ਸਟੇਟ ਵਿਚ ਬੜੀ ਬਦਅਮਨੀ ਫੈਲੀ। ਹਾਲਾਤ ਬਹੁਤ ਗੰਭੀਰ ਹੋ ਗਏ। ਇਸਦੀ ਸਾਰੀ ਜ਼ਿੰਮੇਵਾਰੀ ਇਨ੍ਹਾਂ (ਕਾਂਗਰਸ ਵਲ ਇਸ਼ਾਰਾ) ਤੇ ਜਾਂਦੀ ਹੈ. ਜਿਹੜੀ ਪਾਰਟੀ ਦਿੱਲੀ ਵਿਚ ਰਾਜ ਕਰ ਰਹੀ ਹੈ ਉਨ੍ਹਾਂ ਤੇ ਜਾਂਦੀ ਹੈ। ਮੈਂ ਸਮਝਦਾ ਹਾਂ ਕਿ ਇਥੇ ਕੋਈ ਹਿੰਦੂ ਸਿਖ ਦਾ ਫਸਾਦ ਨਹੀਂ ਸੀ। ਪਰ ਉਨ੍ਹਾਂ ਨੇ ਸਿੱਖਾਂ ਦੀ ਉਹ ਦੁਰਦਸ਼ਾ ਕੀਤੀ, ਜਿਸ ਦਾ ਜ਼ਿਕਰ 'ਇਲੱਸਟ੍ਰੇਟਿਵ ਵੀਕਲੀ' ਵਿਚ ਛਪਿਆ ਹੈ। ਇਕ ਵਿਰੋਧੀ ਧਿਰ ਦੀ ਜ਼ਨਾਨੀ ਇਥੋਂ ਤਕ ਕਹਿੰਦੀ ਹੈ ਕਿ ਮੈਂ ਪੰਜਾਬੀ ਜਾਣ ਕੇ ਨਹੀਂ ਬੋਲਦੀ ਕਿ ਕਿਤੇ ਮੈਨੂੰ ਮਾਰ ਨਾ ਦਿਤਾ ਜਾਵੇ। ਇਹੋ ਜਿਹੇ ਹਾਲਾਤ ਹੋ ਰਹੇ ਹਨ। ਕੋਈ ਬੰਦਾ ਬਾਹਰ ਰਹਿਣ ਨੂੰ ਤਿਆਰ ਨਹੀਂ ਸਾਰੇ

Original with;
Punjab Vidhan Sabha
Digitized by;
Panjab Digital Library

ਦੇ ਸਾਰੇ ਇਥੇ ਆਕੇ ਜਮ੍ਹਾਂ ਹੋ ਰਹੇ ਹਨ। ਜੇ ਉਹ ਸਾਰੇ ਇਥੇ ਆ ਕੇ ਜਮ੍ਹਾਂ ਹੋ ਜਾਣਗੇ ਤਾਂ ਸਾਡੀ ਫਾਈਨਾਂਸ਼ੀਅਲ ਹਾਲਤ ਪਹਿਲੇ ਹੀ ਕਮਜ਼ੋਰ ਹੈ ਬੜੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪੈਸਾ ਸਾਡੇ ਕੋਲ ਹੈ ਨਹੀਂ, ਇਨਕਮ ਟੈਕਸ ਐਕਸਾਈਜ਼ ਟੈਕਸ ਰੇਲਵੇ ਆਦਿ ਦਾ ਜਿੰਨਾ ਪੈਸਾ ਹੈ ਸਾਰੇ ਦਾ ਸਾਰਾ ਸੈਂਟਰ ਲੈ ਜਾਂਦੀ ਹੈ। ਪੰਜਾਬ ਦਾ ਸਾਰਾ ਪੈਸਾ ਦਿੱਲੀ ਦੀ ਸਰਕਾਰ ਲੈ ਜਾਂਦੀ ਹੈ ਸਾਨੂੰ ਉਸ ਵਿਚੋਂ ਖਰਚਾ ਦਿੰਦੀ ਹੈ ਪਰ ਉਹ ਬਹੁਤ ਥੋੜ੍ਹਾ ਹੈ ਉਸ ਨਾਲ ਗੁਜ਼ਾਰਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ। ਜੇ ਇਹ ਥੇਂਈਂ ਡੈਮ 20 ਸਾਲ ਪਹਿਲੇ ਬਣ ਜਾਂਦਾ ਤਾਂ ਪੈਸਾ ਬਹੁਤ ਥੋੜਾ ਲਗਦਾ। ਲੇਕਿਨ ਦਿਲੀ ਦੀ ਸਰਕਾਰ ਨੇ ਪਰਵਾਨਗੀ ਉਸ ਵੇਲੇ ਨਹੀਂ ਦਿਤੀ, ਪਰ 1970 ਵਿਚ 100 ਕਰੋੜ ਰੁਪਿਆ ਪਾਕਿਸਤਾਨ ਨੂੰ ਪਾਣੀ ਦੇ ਮੁਆਵਜ਼ੇ ਵਜੋਂ ਦੇ ਦਿਤਾ। ਇਹ ਇਸ ਕਰਕੇ ਦਿਤਾ ਸੀ ਕਿ ਪਾਣੀ ਬੰਦ ਕਰ ਦਿਆਂਗੇ ਪਰ ਅੱਜ ਤਕ ਉਥੇ ਪਾਣੀ ਵੀ ਜਾ ਰਿਹਾ ਹੈ ਅਤੇ ਥੇਂਈਂ ਡੈਮ ਵੀ ਨਹੀਂ ਬਣ ਸਕਿਆ। ਸਾਡੇ ਕੋਲ ਪੈਸਾ ਹੈ ਨਹੀਂ, ਅਫਸਰ ਠੀਕ ਤਰ੍ਹਾਂ ਕੰਮ ਨਹੀਂ ਕਰਦੇ ਕੋਈ ਸੀਮਿੰਟ ਲੈ ਜਾਂਦਾ ਹੈ, ਕੋਈ ਇੱਟਾਂ ਲੈ ਜਾਂਦਾ ਹੈ ਕੋਈ ਪੱਥਰ ਲੈ ਜਾਂਦਾ ਹੈ ਸਾਰੇ ਦਾ ਸਾਰਾ ਸਿਸਟਮ ਹੀ ਵਿਗੜਿਆ ਹੋਇਆ ਹੈ ਕੋਈ ਬਾਹਰਲੇ ਦੇਸ਼ ਦੀ ਅਫਸਰਸ਼ਾਹੀ ਇਥੇ ਆਕੇ ਕੰਮ ਕਰੇ ਤਾਂ ਹੀ ਇੰਤਜ਼ਾਮ ਹੋ ਸਕਦਾ ਹੈ। ਤੇ ਮੈਂ ਅਰਜ਼ ਕਰਨੀ ਚਾਹਵਾਂਗਾ ਕਿ ਡਿਵੈਲਪਮੈਂਟ ਵਾਸਤੇ ਸਰਕਾਰ ਨੂੰ ਪੂਰੀ ਤਵੱਜੋ ਦੇਣੀ ਚਾਹੀਦੀ ਹੈ ਥੇਈਂ ਡੈਮ ਜਲਦੀ ਬਣਾਉਣਾ ਚਾਹੀਦਾ ਹੈ ਤਾਂ ਹੀ ਸਾਡੇ ਕੋਈ ਮਸਲੇ ਹੱਲ ਹੋ ਸਕਦੇ ਹਨ। ਥਰਮਲ ਪਲਾਂਟ ਲਾ ਦਿਤਾ ਪਰ ਕੋਲਾ ਬਾਹਰੋਂ ਮੰਗਵਾਉਣਾ ਪੈਂਦਾ ਹੈ, ਭਾਖੜਾ ਇਥੇ ਬਣਾਇਆ ਪਰ ਇਸ ਦਾ ਪਾਣੀ ਔਰ ਬਿਜਲੀ ਤਾਂ ਪਹਿਲੇ ਹੀ ਹੋਰ ਸਟੇਟਾਂ ਵਿਚ ਵੰਡ ਦਿਤੀ। ਕੋਈ ਰਾਜਸਥਾਨ ਨੂੰ ਦੇ ਦਿਤੀ, ਕੋਈ ਹਰਿਆਣੇ ਨੂੰ ਦੇ ਦਿਤੀ, ਪਾਣੀ ਹੋਰ ਸਟੇਟਾਂ ਨੂੰ ਵੰਡ ਦਿਤਾ। ਸਾਡੀ ਰਿਪੇਰੀਅਨ ਸਟੇਟ ਹੈ ਸਾਡਾ ਪਾਣੀ ਤੇ ਹੱਕ ਬਣਦਾ ਹੈ ਸਾਨੂੰ ਪਾਣੀ ਮਿਲਣਾ ਚਾਹੀਦਾ ਹੈ ਪਰ ਮਿਲਦਾ ਨਹੀਂ ਹੈ। ਇਸ ਵਾਸਤੇ ਕਮਿਸ਼ਨ ਵੀ ਬੈਠਾ ਪਰ ਮੈਂ ਸਮਝਦਾ ਹਾਂ ਕਿ ਭਾਰਤ ਸਰਕਾਰ ਪੰਜਾਬ ਨਾਲ ਬਿਲਕੁਲ ਸਿਨਸਿਅਰ ਨਹੀਂ ਹੈ ਉਨ੍ਹਾਂ ਦੀ ਇਹ ਮਨਸ਼ਾ ਨਹੀਂ ਹੈ ਕਿ ਸਟੇਟ ਆਪਣੇ ਆਪ ਤਰੱਕੀ ਕਰ ਸਕੇ। ਦਿੱਲੀ ਦੀ ਸਰਕਾਰ ਪੱਖ ਪਾਤ ਤੋਂ ਕੰਮ ਲੈਂਦੀ ਹੈ ਜਿਹੜਾ ਹੱਕ ਸਾਨੂੰ ਮਿਲਣਾ ਚਾਹੀਦਾ ਹੈ ਉਹ ਸਾਨੂੰ ਹੱਕ ਨਹੀਂ ਦਿਤਾ ਜਾਂਦਾ ਸਾਨੂੰ ਪੈਸਾ ਘੱਟ ਦਿਤਾ ਜਾਂਦਾ ਹੈ ਕਿਉਂਕਿ ਬਾਕੀ ਸਟੇਟਾਂ ਵਿਚ ਜ਼ਿਆਦਾ ਪਰਾਬਲਮ ਹੈ। ਇਸ ਕਰਕੇ ਸਾਡੇ ਮਸਲੇ ਹੱਲ ਨਹੀਂ ਹੁੰਦੇ। ਗਰੀਬ ਔਰ ਲੈਂਡਲੈਸ ਲੋਕਾਂ ਦੀਆਂ ਪਰਾਬਲਮਜ਼ ਹੱਲ ਨਹੀਂ ਹੁੰਦੀਆਂ। ਸ਼ਹਿਰਾਂ ਵਿਚ ਇੰਡਸਟਰੀ ਨਹੀਂ। ਜੇ ਇੰਡਸਟਰੀ ਮੰਗਦੇ ਹਾਂ ਤਾਂ ਮਿਲਦੀ ਨਹੀਂ। ਇਸ ਕਰਕੇ ਸਾਰਾ ਕੰਮ ਸਟੈਂਡ ਸਟਿਲ ਹੋ ਰਿਹਾ ਹੈ ਔਰ ਲੋਕਾਂ ਵਿਚ ਬੜੀ ਰਿਜ਼ੈਂਟਮੈਂਟ ਹੈ। ਜੇ ਕੋਈ ਨੌਕਰੀ ਮੰਗਦਾ ਹੈ ਤਾਂ ਨੌਕਰੀ ਮਿਲਦੀ ਨਹੀਂ। ਇਹ ਹਾਲਾਤ ਇਨ੍ਹਾਂ ਨੇ ਕਰ ਦਿਤੇ ਹਨ ਨੌਜਵਾਨ ਪੜ੍ਹਕੇ ਡਿਗਰੀ ਲੈ ਕੇ ਬੇਕਾਰ ਹੋ ਜਾਂਦਾ ਹੈ ਨੌਕਰੀ ਉਸ ਨੂੰ ਮਿਲਦੀ ਨਹੀਂ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਨੌਕਰੀ ਦਾ ਇਹ ਹਾਲ ਹੈ ਕਿ ਸਿਪਾਹੀ ਦੇ ਵਾਸਤੇ 30–30 ਹਜ਼ਾਰ ਰੁਪਿਆ ਦੇਣਾ ਪੈਂਦਾ ਹੈ। ਇਸੇ ਤਰ੍ਹਾਂ ਪਬਲਿਕ ਸਰਵਿਸ ਕਮਿਸ਼ਨ ਵਿਚ, ਸੁਬਾਰਡੀਨੇਟ ਸਿਲੈਕਸ਼ਨ ਬੋਰਡ ਵਿਚ ਪੈਸੇ ਬਗੈਰ ਨੌਕਰੀ ਨਹੀਂ ਮਿਲਦੀ, ਪਹਿਲਾ ਚੇਅਰਮੈਨ ਬਹੁਤ ਪੈਸਾ ਕਮਾ ਕੇ ਚਲਾ ਗਿਆ ਹੈ। ਛੋਟੀ ਛੋਟੀ ਨੌਕਰੀ ਵਾਸਤੇ ਇਹ ਹਾਲ ਹੋ ਗਿਆ ਹੈ। ਮੇਰੀ ਅਰਜ਼ ਹੈ ਕਿ ਨੌਜਵਾਨਾਂ ਨੂੰ ਚੰਗੀ ਐਜੂਕੇਸ਼ਨ ਦੇਣੀ ਚਾਹੀਦੀ ਹੈ ਔਰ ਉਨ੍ਹਾਂ ਨੂੰ ਸਰਵਿਸ ਔਰ ਕੰਮ ਕਾਜ ਕਰਨ ਜੋਗਾ ਬਣਾਉਣਾ ਚਾਹੀਦਾ ਹੈ। ਜਿਹੜੀ ਸਰਕਾਰ ਉਨ੍ਹਾਂ ਨੂੰ ਨੌਕਰੀ ਨਹੀਂ ਦੇ ਸਕਦੀ, ਕੰਮ ਕਾਜ ਕਰਨ ਲਾਇਕ ਨਹੀਂ ਬਣਾ ਸਕਦੀ ਉਹ ਨਾਅਹਿਲ ਸਰਕਾਰ ਰਹੀ ਹੈ। ਚੰਗੀ ਸਰਕਾਰ ਦਾ ਕੰਮ ਹੈ ਕਿ ਲੋਕਾਂ ਨੂੰ ਰੋਜ਼ਗਾਰ ਦੇਣਾ ਔਰ ਉਨ੍ਹਾਂ ਨੂੰ ਸੰਤੁਸ਼ਟ ਕਰਨਾ ਹੈ। ਇਹ ਸਰਕਾਰ ਦਾ ਫਰਜ ਬਣਦਾ ਹੈ। ਇਸੇ ਤਰ੍ਹਾਂ ਹੀ ਦਿੱਲੀ ਦੀ ਸਰਕਾਰ ਨੂੰ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਦਿਲ ਖੁਲ੍ਹਾ ਰੱਖਣਾ ਚਾਹੀਦਾ ਹੈ ਤਾਂਕਿ ਸਟੇਟ ਨੂੰ ਕੋਈ ਮੱਦਦ ਦੀ ਲੋੜ ਪਵੇ ਤਾਂ ਉਹ ਦੇ ਸਕੇ। ਸਾਡੀ ਇਥੇ ਸੜਕਾਂ ਦੀ ਪਰਾਬਲਮ ਹੈ, ਰੇਲਵੇ ਲਾਈਨ ਦੀ ਪਰਾਬਲਮ ਹੈ, ਲੁਧਿਆਣੇ ਤੋਂ ਚੰਡੀਗੜ੍ਹ ਰਾਜਪੁਰਾ ਦੀ ਲਾਈਨ ਹੋਣੀ ਚਾਹੀਦੀ ਹੈ। ਲੇਕਿਨ ਸਾਡੇ ਕੋਲ ਪੈਸਾ ਨਹੀਂ ਹੈ। ਇਹ ਸਰਕਾਰ ਗੱਲਾਂ ਬਾਤਾਂ ਦੀ ਸਰਕਾਰ ਹੈ। ਇਸ ਕੋਲ ਪੈਸਾ ਨਹੀਂ ਹੈ ਸੜਕਾਂ ਦਾ, ਸਕੂਲਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਨੌਜਵਾਨ ਪੜ੍ਹ ਜਾਂਦਾ ਹੈ ਤਾਂ ਉਸ ਨੂੰ ਸਰਵਿਸ ਦੇਣੀ ਚਾਹੀਦੀ ਹੈ। The Government should provide resources for employment to the youth and work to the satisfaction of all the people.

ਇਸ ਕਰਕੇ ਮੈਂ ਅਰਜ਼ ਕਰਨੀ ਚਾਹਵਾਂਗਾ ਕਿ ਇਸ ਵਾਸਤੇ ਸਾਨੂੰ ਪੈਸਾ ਮਿਲਣਾ ਚਾਹੀਦਾ ਹੈ ਔਰ ਜਿਹੜੀ ਸਟੇਟ ਤਰੱਕੀ ਕਰਨਾ ਚਾਹੁੰਦੀ ਹੈ, ਜਿਸ ਕੋਲ ਸਾਧਨ ਹਨ ਉਨ੍ਹਾਂ ਨੂੰ ਖਾਸ ਰਿਆਇਤ ਦੇਣੀ ਚਾਹੀਦੀ ਹੈ। ਪਰ ਅਫਸੋਸ ਦੀ ਗੱਲ ਹੈ ਕਿ ਸਾਡੀ ਬਾਰਡਰ ਸਟੇਟ ਹੈ ਪਾਕਿਸਤਾਨ ਵੱਖਰਾ ਬਣਾ ਦਿਤਾ ਪਰ ਤਸ਼ਕਰੀ ਹਾਲੇ ਵੀ ਚਲਦੀ ਪਈ ਹੈ ਹਰ ਤਰ੍ਹਾਂ ਦਾ ਸਮਾਨ ਰਾਤੋਰਾਤ ਵਿਚ ਇਥੇ ਆ ਜਾ ਸਕਦਾ ਹੈ। ਮੈਂ ਦਸਦਾ ਹਾਂ ਕਿ ਮੈਂ ਪਟਿਆਲੇ ਜੇਲ੍ਹ ਵਿਚ ਸੀ ਤਾਂ ਉਥੇ ਮੈਨੂੰ ਇਕ ਮੁਸਲਮਾਨ ਮਿਲਿਆ ਉਹ ਕਹਿਣ ਲੱਗਾ ਕਿ ਜਿੰਨੇ ਮਰਜ਼ੀ ਆਏ ਹਥਿਆਰ ਲੈ ਲਓ, ਤੁਹਾਡੇ ਘਰ ਪਹੁੰਚਾ ਸਕਦੇ ਹਾਂ। ਹੋਰ ਚਰਸ ਅਫੀਮ ਵਗੈਰਾ ਜੋ ਚਾਹੀਦਾ ਹੈ ਸਭ ਦੀ ਸਮੱਗਲਿੰਗ ਹੋ ਰਹੀ ਹੈ ਔਰ ਉਹ ਮਿਲ ਸਕਦਾ ਹੈ। ਮੇਰੀ ਅਰਜ਼ ਹੈ ਕਿ ਸਰਕਾਰ ਨੂੰ ਉਨ੍ਹਾਂ ਲੋਕਾਂ ਨੂੰ ਜਿਹੜੇ ਸਮੱਗਲਿੰਗ ਕਰਦੇ ਹਨ ਉਨ੍ਹਾਂ ਨੂੰ ਪਰਾਸੀਕਿਊਟ ਕਰਨਾ ਚਾਹੀਦਾ ਹੈ ਔਰ ਜੇਲ੍ਹ ਦੇ ਅੰਦਰ ਦੇ ਦੇਣਾ ਚਾਹੀਦਾ ਹੈ ਪਰ ਸਾਡੇ ਇਥੇ ਪੱਖਪਾਤ ਤੋਂ ਕੰਮ ਲਿਆ ਜਾਂਦਾ ਹੈ। ਇਕ ਪ੍ਰਾਈਮ ਮਨਿਸਟਰ ਦੀ ਡੈਥ ਹੋ ਗਈ, ਜਿਵੇਂ ਕੋਈ ਪੁਰਾਣਾ ਦਰਖਤ ਡਿਗ ਪਿਆ ਹੋਵੇ ਪਰ ਹਾਲਾਤ ਇਤਨੇ ਵਿਗਾੜ ਦਿੱਤੇ ਕਿ ਅਸੀਂ ਹਰਿਆਣੇ ਨੂੰ ਕਰਾਸ ਨਹੀਂ ਕਰ ਸਕਦੇ, ਲੋਕਾਂ ਦੀ ਉਹ ਦੁਰਦਸ਼ਾ ਹੋਈ, ਉਹ ਮਾਰਿਆ ਕੁਟਿਆ ਗਿਆ, ਜਿਸ ਦਾ ਸਾਰਾ ਬਿਆਨ ਇਲੱਸਟ੍ਰੇਟਡ ਵੀਕਲੀ ਨੇ ਕੀਤਾ ਹੈ ਉਸ ਵਿਚ ਦਸਿਆ ਹੈ ਕਿ ਜਿਨ੍ਹਾਂ ਨੇ ਅਜਿਹੇ ਕੰਮ ਕੀਤੇ ਉਨ੍ਹਾਂ ਨੂੰ ਮਨਿਸਟਰ ਬਣਾਇਆ ਗਿਆ, ਐਮ. ਪੀ. ਬਣਾਇਆ ਗਿਆ। ਜਨਤਾ ਪਾਰਟੀ ਵੇਲੇ ਯੂ. ਪੀ. ਦੇ ਪਾਂਡੇ ਨੇ ਜਿਸ ਜਹਾਜ ਨੂੰ ਅਗਵਾ ਕੀਤਾ, ਉਸ ਨੂੰ ਇਲੈਕਸ਼ਨਾਂ ਵਿਚ ਇਨ੍ਹਾਂ ਨੇ ਟਿਕਟ ਦੇ ਦਿਤੀ। ਮੈਂ ਕਹਿੰਦਾ ਹਾਂ ਕਿ ਅਜਿਹੇ ਲੋਕਾਂ ਨੂੰ ਸਜ਼ਾ ਦੇਣੀ ਚਾਹੀਦੀ ਹੈ। ਜਿਨ੍ਹਾਂ ਨੇ ਮਾਰ ਕੁਟਾਈ ਕੀਤੀ ਔਰ ਜਿਹੜੇ ਉਜੜੇ ਹਨ ਉਨ੍ਹਾਂ ਨੂੰ ਰੀਸੈਟਲ ਕਰਨਾ ਚਾਹੀਦਾ ਹੈ।

ਦਿੱਲੀ ਵਿਚ ਕਰੋੜਾਂ ਰੁਪਏ ਦਾ ਨੁਕਸਾਨ ਹੋਇਆ ਅਤੇ ਸਿੱਖਾਂ ਨੂੰ ਮਾਰਿਆ ਗਿਆ ਅਤੇ ਗਲਿਆਂ ਦੇ ਵਿਚ ਟਾਇਰ ਪਾ ਕੇ ਸਾੜਿਆ ਗਿਆ ਇਸ ਦੀ ਇਨਕੁਆਇਰੀ ਲਈ ਇਕ ਕਮਿਸ਼ਨ ਮੁਕਰੱਰ ਕੀਤਾ ਗਿਆ ਪਰ ਉਥੇ ਕਮਿਸ਼ਨ ਦੇ ਕੋਲ ਲੋਕ ਜਾਣਾ ਚਾਹੁੰਦੇ ਹਨ ਅਤੇ ਕਮਿਸ਼ਨ ਦੇ ਅਗੇ ਦੱਸਣਾ ਚਾਹੁੰਦੇ ਹਨ ਪਰ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਨੂੰ ਗੁੰਡਿਆਂ ਰਾਹੀਂ ਰੋਕਿਆ ਜਾ ਰਿਹਾ ਹੈ ਤਾਂਕਿ ਕਮਿਸ਼ਨ ਆਪਣਾ ਕੋਈ ਮੈਨਡੇਟ ਨਾ ਦੇਵੇ ਜਿਸ ਦੇ ਵਿਚ ਇਹ ਨਾ ਆ ਜਾਵੇ ਕਿ ਨਵੰਬਰ ਰਾਇਟਿਸ ਵਿਚ ਦਿੱਲੀ ਦੀ ਸਰਕਾਰ ਦਾ ਹੱਥ ਸੀ ਅਤੇ ਇਹ ਦੱਸਣਾ ਚਾਹੁੰਦੇ ਹਨ ਕਿ ਕਮਿਸ਼ਨ ਕਹੇ ਕਿ ਇਹ ਸਭ ਕੁਝ ਲੋਕਾਂ ਨੇ ਆਪਸ ਵਿਚ ਕੀਤਾ ਹੈ ਅਤੇ ਸਰਕਾਰ ਦਾ ਹੱਥ ਨਹੀਂ ਸੀ ਪਰ ਉਥੇ ਹਿੰਦੂਆਂ ਅਤੇ ਮੁਸਲਮਾਨਾਂ ਨੇ ਸਿੱਖਾਂ ਦਾ ਬਹੁਤ ਸਾਥ ਦਿਤਾ ਸੀ। ਸੈਂਟਰ ਦੀ ਸਰਕਾਰ ਦੀ ਇਹ ਪਾਲਿਟਿਕਸ ਹੈ ਕਿ ਪਾਕਿਸਤਾਨ ਦੇ ਉਤੇ ਕਿਸੇ ਬਹਾਨੇ ਨਾਲ ਹਮਲਾ ਕੀਤਾ ਜਾਵੇ ਅਤੇ ਲੜਾਈ ਉਨ੍ਹਾਂ ਵਲੋਂ ਦਿਖਾ ਕੇ ਚੰਡੀਗੜ੍ਹ ਉਤੇ ਬੰਬ ਸੁਟਿਆ ਜਾਵੇ ਜਿਸ ਦੇ ਨਾਲ ਅਸੀਂ ਸਾਰੇ ਮਰ ਜਾਈਏ। ਇਹ ਦਿਲੀ ਦੀ ਸਰਕਾਰ ਦੀ ਇਕ ਚਾਲ ਹੈ ਜਿਸ ਤਰ੍ਹਾਂ ਇਨ੍ਹਾਂ ਨੇ ਪਾਕਿਸਤਾਨ ਦੇ ਵਿਚੋਂ ਬੰਗਲਾ ਦੇਸ਼ ਬਣਾਇਆ

Original with;
Punjab Vidhan Sabha
Digitized by;
Panjab Digital Library

ਸੀ ਅਤੇ ਇਹ ਗੁੱਸਾ ਪਾਕਿਸਤਾਨ ਦੇ ਦਿਲ ਵਿਚੋਂ ਕਿਸ ਤਰ੍ਹਾਂ ਜਾ ਸਕਦਾ ਹੈ ਅਤੇ ਆਪਣੇ ਉਸ ਗੁਸੇ ਨੂੰ ਕਿਸੇ ਨਾ ਕਿਸੇ ਤਰੀਕੇ ਨਾਲ ਕੱਢਣਗੇ। ਇਨ੍ਹਾਂ ਨੂੰ ਕਿਸੇ ਨੇ ਕਿਹਾ ਸੀ ਕਿ ਬੰਗਲਾ ਦੇਸ਼ ਬਣਾਇਆ ਜਾਵੇ। ਇਹ ਬੰਗਲਾਦੇਸ਼ ਇਨ੍ਹਾਂ ਨੇ ਕਰੀਏਟ ਕੀਤਾ ਸੀ। ਪਾਕਿਸਤਾਨ ਸਾਡੇ ਨਾਲ ਹੁਣ ਦੁਸ਼ਮਣੀ ਕਰ ਰਿਹਾ ਹੈ ਅਤੇ ਇਹ ਉਸ ਉਤੇ ਕਿਸੇ ਬਹਾਨੇ ਲੜਾਈ ਕਰਨਾ ਚਾਹੁੰਦੇ ਹਨ। ਡਿਪਟੀ ਸਪੀਕਰ ਸਾਹਿਬ, ਜਦੋਂ ਸਾਡਾ ਮੋਰਚਾ ਚੱਲ ਰਿਹਾ ਸੀ ਤਾਂ ਮੇਰਾ ਪਾਸਪੋਰਟ ਹਿੰਦ ਦੀ ਸਰਕਾਰ ਨੇ ਜ਼ਬਤ ਕਰ ਲਿਆ। ਮੈਂ ਇਸ ਬਾਰੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਚਿੱਠੀ ਵੀ ਲਿਖੀ ਸੀ ਕਿ ਮੇਰੇ ਵਰਗੇ ਬੰਦੇ ਦਾ ਪਾਸਪੋਰਟ ਕਿਉਂ ਜ਼ਬਤ ਕੀਤਾ ਗਿਆ ਹੈ ਮੈਂ ਕੋਈ ਟੈਰੋਰਿਸਟ ਨਹੀਂ ਹਾਂ ਪਰ ਮਰੀ ਚਿੱਠੀ ਦਾ ਉਨ੍ਹਾਂ ਜਵਾਬ ਤੱਕ ਨਹੀਂ ਭੇਜਿਆ ਅਤੇ ਨਾ ਹੀ ਮੇਰੀ ਚਿੱਠੀ ਦੀ ਐਕਨੌਲਜਮੈਂਟ ਭੇਜੀ ਗਈ (ਸ਼ੇਮ ਸ਼ੇਮ) ਉਸ ਮੋਰਚੇ ਦੇ ਦੌਰਾਨ ਪੰਜਾਬ ਸਰਕਾਰ ਨੇ ਕਿੰਨੇ ਝੂਠੇ ਇਨਕੌਂਟਰਜ਼ ਕਰਵਾਏ ਅਤੇ ਇਸ ਬਾਰੇ ਫਾਈਂਡਿੰਗਜ਼ ਆਈ ਅਤੇ ਪਟਿਆਲਾ ਜੱਜ ਨੇ ਆਪਣੀ ਇਨਕੁਆਇਰੀ ਵਿਚ ਇਨ੍ਹਾਂ ਜੇਲ੍ਹ ਅਧਿਕਾਰੀਆਂ ਨੂੰ ਦੋਸ਼ੀ ਪਾਇਆ ਸੀ। ਨਾਭਾ ਜੇਲ੍ਹ ਦੇ ਸੁਪਰਡੰਟ ਨੇ ਲੋਕਾਂ ਨੂੰ ਜੇਲ੍ਹਾਂ ਦੇ ਵਿਚ ਬਹੁਤ ਹੀ ਤੰਗ ਕੀਤਾ ਅਤੇ ਉਥੇ ਜਿਹੜੇ ਟੈਰੋਰਿਸਟ ਐਕਟ ਅਧੀਨ ਫੜੇ ਜਾਂਦੇ ਸਨ ਉਨ੍ਹਾਂ ਦੇ ਨਾਲ ਬੜੇ ਗਲਤ ਸਲੂਕ ਕੀਤੇ ਜਾਂਦੇ ਹਨ ਅਤੇ ਉਸ ਸੁਪਰਡੰਟ ਨੂੰ ਸਰਕਾਰ ਨੇ ਪਰਮੋਟ ਕਰਕੇ ਅੰਮ੍ਰਿਤਸਰ ਭੇਜ ਦਿਤਾ ਹੈ ਜਦ ਕਿ ਉਸਦੇ ਖਿਲਾਫ ਕੁਰੱਪਸ਼ਨ ਦੇ ਚਾਰਜਿਜ਼ ਸਨ। ਸਾਡੇ ਆਈ. ਜੀ. ਜੇਲਜ਼ ਕੁਰੱਪਟ ਹਨ। ਇਸ ਦੀ ਇਨਕੁਆਇਰੀ ਲਈ ਇਹ ਹਾਊਸ ਦੀ ਇਕ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਤਾਂਕਿ ਉਹ ਇਸਦੀ ਇਨਕੁਆਇਰੀ ਕਰੇ। ਉਹ ਜਿਸ ਨੂੰ ਚਾਹੁੰਦਾ ਹੈ ਛੱਡ ਦਿੰਦਾ ਹੈ ਅਤੇ ਜਿਸ ਨੂੰ ਮਰਜੀ ਚਾਹੇ ਬੰਦ ਕਰ ਦਿੰਦਾ ਹੈ। ਇਹ ਆਈ ਜੀ. ਜੇਲ੍ਹ ਬਾਹਰਲੀ ਸਟੇਟ ਦਾ ਹੈ। ਨਾਭੇ ਦੀ ਲੱਢਾ ਕੋਠੀ ਵਿਚ ਜੋ ਨੌਜਵਾਨਾਂ ਨਾਲ ਕੀਤਾ ਗਿਆ ਅਤੇ ਤਸ਼ੱਦਦ ਕੀਤਾ ਗਿਆ ਅਤੇ ਜੇਲ੍ਹਾਂ ਦੇ ਅਧਿਕਾਰੀਆਂ ਨੇ ਕੀਤਾ ਇਸ ਬਾਰੇ ਹਾਈ ਕੋਰਟ ਨੇ ਆਪਣੀ ਡਾਇਰੈਕਸ਼ਨ ਤੇ ਇਨ-ਕੁਆਇਰੀ ਕਰਵਾਈ ਸੀ ਇਸ ਲੱਢਾ ਕੋਠੀ ਵਿਚ ਮਿਲਟਰੀ ਵਾਲੇ ਇਨਵੈਸਟੀਗੇਸ਼ਨ ਕਰਦੇ ਰਹੇ ਹਨ ਅਤੇ ਨੌਜਵਾਨਾਂ ਉਤੇ ਤਸ਼ੱਦਦ ਕਰਦੇ ਰਹੇ ਹਨ ਅਤੇ ਪਟਿਆਲੇ ਦੇ ਸੈਸ਼ਨ ਜੱਜ ਨੇ ਇਸ ਦੀ ਇਨ-ਕੁਆਇਰੀ ਕਰ ਕੇ ਆਪਣੀ ਫਾਈਂਡਿੰਗਜ਼ ਸਰਕਾਰ ਨੂੰ ਦਿਤੀ ਸੀ ਪਰ ਜਿਨ੍ਹਾਂ ਅਫਸਰਾਂ ਦੇ ਖਿਲਾਫ ਰਿਪੋਰਟ ਆਈ ਸੀ, ਉਨ੍ਹਾਂ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ ਅਤੇ ਇਸ ਤੋਂ ਬਾਅਦ ਜਸਟਿਸ ਬੈਂਸ ਕਮੇਟੀ ਦੀ ਰਿਪੋਰਟ ਆਈ ਅਤੇ ਇਨ੍ਹਾਂ ਅਫਸਰਾਂ ਨੂੰ ਰਿਪੋਰਟ ਦੇ ਵਿਚ ਦਾਗੀ ਪਾਇਆ ਗਿਆ ਹੈ ਜਿਨ੍ਹਾਂ ਨੇ ਝੂਠੇ ਇਨਕਾਊਂਟਰਜ਼ ਸ਼ੋ ਕੀਤੇ ਸਨ ਅਤੇ ਨੌਜਵਾਨਾਂ ਨੂੰ ਮਾਰਿਆ ਸੀ ਫਿਰ ਇਹ ਕਹਿੰਦੇ ਹਨ ਕਿ ਪੰਜਾਬ ਦੇ ਹਾਲਾਤ ਠੀਕ ਨਹੀਂ ਹੋ ਰਹੇ। ਅਗਰ ਅਸੀਂ ਸੇਮ ਦੀ ਗੱਲ ਕਰਦੇ ਹਾਂ ਤਾਂ ਸਰਕਾਰ ਕਹਿ ਦਿੰਦੀ ਹੈ ਕਿ ਸਾਡੇ ਕੋਲ ਪੈਸੇ ਨਹੀਂ ਹਨ। ਪਟਿਆਲੇ ਵਿਚ ਇਕ ਪਟਿਆਲੇ ਕੀ ਰੌਂ ਸੜਕ ਸੀ ਜਿਸਨੂੰ ਚੌੜਾ ਕਰਨਾ ਸੀ ਪਰ ਉਹ ਹਾਲੇ ਤੱਕ ਸੜਕ ਚੌੜੀ ਨਹੀਂ ਕੀਤੀ ਗਈ ਇਹ ਕਹਿੰਦੇ ਹਨ ਕਿ ਸਰਕਾਰ ਪਾਸ ਪੈਸੇ ਨਹੀਂ ਹਨ ਅਤੇ ਇਸੇ ਤਰ੍ਹਾਂ ਸਰਹਿੰਦ ਸੜਕ ਦੇ ਬਾਰੇ ਵੀ ਹੈ। ਪਹਿਲੇ ਮਾਰਕਿਟ ਕਮੇਟੀਜ਼ ਪੈਸਾ ਇਕੱਠਾ ਕਰਕੇ ਮਾਰਕਿਟਿੰਗ ਬੋਰਡ ਪਿੰਡਾਂ ਦੀਆਂ ਸੜਕਾਂ ਬਣਾਉਣ ਵਾਸਤੇ ਪੈਸਾ ਦਿੰਦਾ ਸੀ ਪਰ 1974 ਵਿਚ ਸੁਪਰੀਮ ਕੋਰਟ ਦੀ ਜੱਜਮੈਂਟ ਤੇ ਇਹ ਸਾਰਾ ਕੰਮ ਰੁਕ ਗਿਆ ਹੈ ਅਤੇ ਅਗਰ ਇਸ ਪੈਸੇ ਨੂੰ ਸਰਕਾਰ ਯੂਟੇਲਾਈਜ਼ ਕਿਸੇ ਤਰੀਕੇ ਨਾਲ ਕਰਨਾ ਚਾਹੇ ਤਾਂ ਕਰ ਸਕਦੀ ਹੈ ਜਿਸ ਤਰ੍ਹਾਂ ਆਂਧਰਾ ਪ੍ਰਦੇਸ਼ ਦੀ ਸਰਕਾਰ ਨੇ ਪੈਸਾ ਖਰਚ ਕਰਨਾ ਸ਼ੁਰੂ ਕਰ ਦਿਤਾ ਹੈ ਪਰ ਸਾਡੇ ਫਾਈਨੈਂਸ ਡਿਪਾਰਟਮੈਂਟ ਵਾਲੇ 6-6 ਮਹੀਨੇ ਲੈਟਰ ਆਫ ਕਰੈਡਿਟ ਇਸ਼ੂ ਤਕ ਨਹੀਂ ਕਰਦੇ ਹਨ ਅਤੇ ਪਿੰਡਾਂ ਦੀਆਂ ਸੜਕਾਂ ਦੀ ਹਾਲਤ ਮਾੜੀ ਹੁੰਦੀ ਜਾ ਰਹੀ ਹੈ ਅਤੇ ਇਸਦੀ ਦੇਖ ਭਾਲ ਹੋਣੀ ਚਾਹੀਦੀ ਹੈ। ਇਸ ਦੇ ਨਾਲ ਹੀ ਸਾਡੀ ਬੱਸ ਸਰਵਿਸ ਬੜੀ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਨਾਕਾਸ ਹੈ ਅਤੇ ਨਾ ਸਾਡੀ ਕੋਈ ਟਰਾਂਸਪੋਰਟ ਪਾਲਿਸੀ ਹੈ। ਜਿਹੜਾ ਮਰਜ਼ੀ ਜਿਥੇ ਚਾਹੇ ਬੱਸ ਚਲਾ ਸਕਦਾ ਹੈ ਅਤੇ ਜਿਥੇ ਚਾਹੇ ਬੱਸ ਖੜ੍ਹੀ ਕਰ ਸਕਦਾ ਹੈ ਬਿਨਾਂ ਰੋਕ ਟੋਕ ਤੋਂ। ਇਸ ਦੇ ਲਈ ਵਿਧਾਨ ਸਭਾ ਦੀ ਇਕ ਕਮੇਟੀ ਬਣਾਈ ਜਾਣੀ ਚਾਹੀਦੀ ਹੈ ਜਿਹੜੀ ਇਨ੍ਹਾਂ ਸਾਰੀਆਂ ਗੱਲਾਂ ਦੀ ਇਨ-ਕੁਆਇਰੀ ਕਰੇ ਅਤੇ ਆਪਣੀ ਰਿਪੋਰਟ ਸਰਕਾਰ ਨੂੰ ਦੇਵੇ ਤਾਂ ਕਿ ਲੋਕਾਂ ਨੂੰ ਸਹੂਲਤਾਂ ਵੱਧ ਤੋਂ ਵੱਧ ਮਿਲ ਸਕਣ। ਸਾਰੇ ਪਿੰਡਾਂ ਦੀਆਂ ਗਲੀਆਂ ਅਤੇ ਨਾਲੀਆਂ ਨੂੰ ਪੱਕਾ ਕੀਤਾ ਜਾਣਾ ਚਾਹੀਦਾ ਹੈ ਇਸ ਦੇ ਲਈ ਸਰਕਾਰ ਕੋਲ ਪੈਸਾ ਨਹੀਂ ਹੈ ਅਤੇ ਇਹ ਸਾਧਨ ਸਰਕਾਰ ਨੇ ਪੈਦਾ ਕਰਨੇ ਹਨ। ਇਸ ਦੇ ਨਾਲ ਹੀ ਸਰਕਾਰ ਨੂੰ ਪਿੰਡਾਂ ਦੇ ਵਿਚ ਵੀਕਰ ਸੈਕਸ਼ਨ ਦੇ ਪ੍ਰਾਇਮਰੀ ਸਕੂਲ, ਮਿਡਲ ਸਕੂਲ, ਹਸਪਤਾਲ ਅਤੇ ਸੜਕਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ ਅਤੇ ਪਿਛੇ ਸਾਡੀ ਸਰਕਾਰ ਸਮੇਂ ਤੋਂ ਪੱਟੀ ਦਾਰ ਜਾਤਾਂ ਲਈ ਰਿਜ਼ਰਵੇਸ਼ਨ ਐਕਟ ਬਹੁਤ ਚਿਰ ਤੋਂ ਚਲਿਆ ਆ ਰਿਹਾ ਹੈ ਇਸਨੂੰ ਪੂਰੀ ਤਰ੍ਹਾਂ ਅਡਾਪਟ ਕਰ ਲੈਣਾ ਚਾਹੀਦਾ ਹੈ ਅਤੇ ਇਸ ਦੇ ਲਈ ਰਿਜ਼ਰਵੇਸ਼ਨ ਐਕਟ ਅਧੀਨ ਪਰਮੋਸ਼ਨ ਦੇਣੀ ਚਾਹੀਦੀ ਹੈ। ਸਾਡੀ ਸਰਕਾਰ ਨੇ ਸ਼ੈਡਿਊਲਡ ਕਾਸਟ ਫਾਈਨੈਂਸ ਕਾਰਪੋਰੇਸ਼ਨ ਅਤੇ ਬੈਕਵਰਡ ਕਲਾਸਿਜ਼ ਫਾਈਨੈਂਸ ਕਾਰਪੋਰੇਸ਼ਨ ਬਣਾਈਆਂ ਸਨ ਤਾਕਿ ਵੀਕਰ ਸੈਕਸ਼ਨ ਦੇ ਲੋਕ ਇਥੋਂ ਲੋਨਜ਼ ਵਗੈਰਾ ਅਤੇ ਸਹਾਇਤਾ ਲੈ ਸਕਣ ਪਰ ਇਨ੍ਹਾਂ ਕਾਰਪੋਰੇਸ਼ਨ ਦੇ ਕੋਲ ਪੈਸਾ ਹੀ ਅਗਰ ਨਹੀਂ ਹੈ ਤਾਂ ਉਹ ਇਨ੍ਹਾਂ ਵੀਕਰ ਸੈਕਸ਼ਨ ਦੇ ਲੋਕਾਂ ਦੀ ਮੱਦਦ ਕੀ ਕਰਨਗੇ ? ਸਰਕਾਰ ਨੂੰ ਇਨ੍ਹਾਂ ਕਾਰ-ਪੋਰੇਸ਼ਨਾਂ ਲਈ ਪੈਸਾ ਰਖਣਾ ਚਾਹੀਦਾ ਹੈ। ਹੁਣ ਇਹ ਕਾਰਪੋਰੇਸ਼ਨ ਇਨ੍ਹਾਂ ਦੇ ਕੇਸਿਜ਼ ਨੂੰ ਬੈਂਕਾਂ ਕੋਲ ਰੈਫਰ ਕਰ ਦਿੰਦੀ ਹੈ ਪਰ ਬੈਂਕਾਂ ਵਾਲੇ ਉਨ੍ਹਾਂ ਗਰੀਬਾਂ ਨੂੰ ਪੈਸੇ ਨਹੀਂ ਦਿੰਦੇ ਹਨ ਅਤੇ ਨਾ ਹੀ ਸਮੇਂ ਸਿਰ ਉਨ੍ਹਾਂ ਨੂੰ ਬੈਂਕਾਂ ਤੋਂ ਪੈਸੇ ਮਿਲਦੇ ਹਨ ਅਤੇ ਜਿਸ ਕਰਕੇ ਉਨ੍ਹਾਂ ਦੀ ਇਕਨਾਮਿਕ ਅੱਪ-ਲਿਫਟਮੈਂਟ ਨਹੀਂ ਹੋ ਰਹੀ ਹੈ ਅਤੇ ਇਸੇ ਤਰ੍ਹਾਂ ਪਿੰਡਾਂ ਦੀਆਂ ਸੜਕਾਂ ਹਰ ਥਾਂ ਤੋਂ ਟੁੱਟੀਆਂ ਹੋਈਆਂ ਹਨ ਅਤੇ ਆਉਣ ਜਾਣ ਵਿਚ ਕਿਸਾਨਾਂ ਨੂੰ ਬੜੀ ਮੁਸ਼ਕਿਲ ਹੁੰਦੀ ਹੈ। ਇਸ ਵੱਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਪਿੰਡਾਂ ਵਿਚ ਸਕੂਲ, ਹਸਪਤਾਲ ਦੇਣੇ ਚਾਹੀਦੇ ਹਨ ਅਤੇ ਪੜ੍ਹੇ ਲਿਖੇ ਨੌਜਵਾਨਾਂ ਨੂੰ ਇਮਪਲਾਇਮੈਂਟ ਦੇ ਸਾਧਨ ਮੁਹੱਈਆ ਕਰਨੇ ਚਾਹੀਦੇ ਹਨ ਅਤੇ ਜਿਨ੍ਹਾਂ ਨੂੰ ਨੌਕਰੀਆਂ ਨਹੀਂ ਦਿਤੀਆਂ ਗਈਆਂ ਹਨ ਉਨ੍ਹਾ ਨੂੰ ਸਰਕਾਰ ਵਲੋਂ ਅਨ-ਇੰਪਲਾਇਮੈਂਟ ਅਲਾਊਂਸ ਦਿਤਾ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਦੇ ਰੁਜ਼ਗਾਰ ਦੇ ਲਈ ਸਰਕਾਰ ਵਲੋਂ ਸਾਧਨ ਕਰੀਏਟ ਕੀਤੇ ਜਾਣੇ ਚਾਹੀਦੇ ਹਨ। ਸਾਡੀ ਐਡਮਨਿਸਟਰੇਸ਼ਨ ਬੜੀ ਟਾਪ ਹੈਵੀ ਐਡਮਨਿਸਟਰੇਸ਼ਨ ਹੋ ਗਈ ਹੈ ਅਤੇ ਸੈਕਰੀਟੇਰੀਏਟ ਦੇ ਵਿਚ ਕਮਿਸ਼ਨਰਜ਼ ਹੀ ਬੈਠੇ ਹੋਏ ਹਨ ਅਤੇ ਸੈਕਟਰੀਜ਼ ਹਨ ਅਤੇ ਇਨ੍ਹਾਂ ਨੂੰ ਪਿਛਲੀ ਸਰਕਾਰ ਸਰਕਾਰੀ ਕਾਰਾਂ ਪ੍ਰਾਈਵੇਟ ਤੌਰ ਤੇ ਯੂਜ਼ ਕਰਨ ਦੀ ਇਜਾਜ਼ਤ ਦੇ ਗਈ ਸੀ ਅਤੇ ਇਹ ਫੋਰਥ ਕਲਾਸ ਮੁਲਾਜ਼ਮਾਂ ਤੋਂ ਘਰਾਂ ਦੇ ਕੰਮ ਲੈਂਦੇ ਹਨ। ਮੇਰੇ ਖਿਆਲ ਵਿਚ ਸੈਕਰੀਟੇਰੀਏਟ ਦੀ ਐਡਮਨਿਸਟਰੇਸ਼ਨ ਨੂੰ ਇਕ ਤਿਹਾਈ ਘਟਾਇਆ ਜਾ ਸਕਦਾ ਹੈ ਅਤੇ ਅਫਸਰਾਂ ਦੇ ਵਿਚ ਅਫਸਰਸ਼ਾਹੀ ਪੈ ਗਈ ਹੈ ਕੋਈ ਕੰਮ ਕਰਕੇ ਰਾਜ਼ੀ ਨਹੀਂ ਹੈ ਅਤੇ ਮੈਂਬਰ ਸਾਹਿਬਾਨ ਨੇ ਦੇਖਿਆ ਹੋਵੇਗਾ ਕਿ ਇਨ੍ਹਾਂ ਦਾ ਲੰਚ ਆਵਰ ਡੇਢ ਤੋਂ ਦੋ ਵਜੇ ਤੱਕ ਹੁੰਦਾ ਹੈ ਪਰ ਕੋਈ ਅਫਸਰ 3 ਵਜੇ ਚੇਅਰ ਤੇ ਆ ਰਿਹਾ ਹੈ ਕੋਈ 4 ਵਜੇ ਆ ਰਿਹਾ ਹੈ। ਕੋਈ ਉਨ੍ਹਾਂ ਨੂੰ ਪੁੱਛਦਾ ਨਹੀਂ ਹੈ ਅਤੇ ਨਾ ਹੀ ਉਨ੍ਹਾਂ ਉਪਰ ਕੋਈ ਚੈਕ ਹੈ। ਪਹਿਲੇ ਜ਼ਿਲ੍ਹਿਆਂ ਦੇ ਇਕ ਡੀ. ਸੀ. ਅਤੇ ਇਕ ਐਸ. ਪੀ. ਹੋਇਆ ਕਰਦਾ ਸੀ ਪਰ ਹੁਣ ਤਾਂ ਦੋ ਦੋ ਡੀ. ਸੀ. ਅਤੇ 4-4 ਜੀ. ਏ. ਲੱਗੇ ਹੋਏ ਹਨ ਅਤੇ ਐਸ. ਐਸ. ਪੀਜ਼ ਦੇ ਨਾਲ ਕਿੰਨੇ ਐਸ. ਪੀਜ਼ ਅਤੇ ਕਿੰਨੇ ਡੀ. ਐਸ. ਪੀਜ਼ ਲੱਗੇ ਹੋਏ ਹਨ। ਇਤਨੀ ਹੈਵੀ ਐਡਮਨਿਸਟਰੇਸ਼ਨ ਹੋ ਗਈ ਹੈ ਕਿ ਕੰਮ ਫਿਰ ਵੀ ਠੀਕ ਨਹੀਂ ਚੱਲ ਰਿਹਾ ਹੈ ਅਤੇ ਅਫਸਰ ਕੋਈ ਕੰਮ ਕਰਕੇ ਰਾਜ਼ੀ ਨਹੀਂ ਹੈ ਅਤੇ ਅਫਸਰਸ਼ਾਹੀ ਵਿਚ ਪੈ ਗਏ ਹਨ। ਪਹਿਲੇ ਜ਼ਿਲ੍ਹਿਆਂ ਦੇ ਵਿਚ ਇਨ੍ਹਾਂ ਮੋਬਾਈਲ ਵੈਨ ਦਿਤੀਆਂ

Original with;
Punjab Vidhan Sabha
Digitized by;
Panjab Digital Library

ਜਾਂਦੀਆਂ ਸਨ ਤਾਕਿ ਇਹ ਮੁਲਜ਼ਮਾਂ ਨੂੰ ਪਕੜ ਸਕਣ ਪਰ ਹੁਣ ਇਨ੍ਹਾਂ ਨੂੰ ਇਸ ਦੀ ਥਾਂ ਕਾਰਾਂ ਮਿਲ ਗਈਆਂ ਹਨ (ਘੰਟੀ) ਮੁਲਜ਼ਮਾਂ ਕੋਲ ਬੜੇ ਸਫਿਸਟੀਕੇਟਡ ਆਰਮਜ਼ ਹਨ ਉਨ੍ਹਾਂ ਦਾ ਮੁਕਾਬਲਾ ਸਾਡੀ ਪੁਲਿਸ ਨਹੀਂ ਕਰ ਸਕਦੀ ਹੈ ਇਸ ਲਈ ਇਨ੍ਹਾਂ ਨੂੰ ਮੌਡਰਨਾਈਜ਼ ਕਰਨ ਦੀ ਲੋੜ ਹੈ। ਪਿੰਡਾਂ ਦੇ ਵਿਚ ਪਹਿਲੇ ਯੂਨੀਸੈਫ ਦੀਆਂ ਗੱਡੀਆਂ ਹਸਪਤਾਲਾਂ ਦੇ ਵਿਚ ਆਉਂਦੀਆਂ ਸਨ ਅਤੇ ਬਚਿਆਂ ਨੂੰ ਟੀਕਾ ਵਗੈਰਾ ਲਗਾਉਂਦੀਆਂ ਸਨ ਪਰ ਹੁਣ ਇਹ ਨਜ਼ਰ ਨਹੀਂ ਆਉਂਦੀਆਂ ਹਨ। ਮੇਰੇ ਇਲਾਕੇ ਵਿਚ ਇਕ ਰਮੇਸ਼ ਕੌਰ ਦਾ ਫੈਮਲੀ ਪਲੈਨਿੰਗ ਆਪਰੇਸ਼ਨ ਕੀਤਾ ਗਿਆ ਸੀ ਪਰ ਉਹ ਆਪਰੇਸ਼ਨ ਤੋਂ ਮਰ ਗਈ ਸੀ ਉਸ ਦੀ ਇਨਕੁਆਇਰੀ ਕਰਵਾਈ ਗਈ ਸ਼ੀ ਪੌਰ ਜਿਨ੍ਹਾਂ ਦੇ ਖਿਲਾਫ ਰਿਪੋਰਟ ਆਈ ਸੀ ਉਨ੍ਹਾਂ ਦੇ ਖਿਲਾਫ ਐਕਸ਼ਨ ਨਹੀਂ ਹੋਇਆ ਹੈ ਅਤੇ ਇਸੇ ਤਰ੍ਹਾਂ ਇਕ ਐਸ. ਐਚ. ਓ. ਨੇ ਇਨ-ਵੈਸਟੀਗੇਸ਼ਨ ਦੇ ਦੌਰਾਨ ਇਕ ਫੌਜੀ ਨੂੰ ਮਾਰ ਦਿਤਾ ਸੀ। ਉਸ ਦੇ ਖਿਲਾਫ ਵੀ ਹਾਲੇ ਤੱਕ ਕੋਈ ਐਕਸ਼ਨ ਨਹੀਂ ਹੋਇਆ ਹੈ। ਮੇਰੇ ਕਹਿਣ ਦਾ ਭਾਵ ਇਹ ਹੈ ਕਿ ਐਡਮਨਿਸਟਰੇਸ਼ਨ ਬੜੀ ਨਾਕਸ ਹੈ ਅਤੇ ਇਸਦਾ ਪ੍ਰਬੰਧ ਵੀ ਨਾਕਾਸ ਹੈ। ਇਸ ਨੂੰ ਠੀਕ ਕਰਨ ਦੀ ਲੋੜ ਹੈ। ਮੇਰੇ ਖਿਆਲ ਵਿਚ ਸਰਕਾਰ ਨੂੰ ਜ਼ਿਲਿਆਂ ਦੀ ਡੀਮਾਰਕੇਸ਼ਨ ਦੁਬਾਰਾ ਕੀਤੀ ਜਾਵੇ ਅਤੇ ਤਹਿਸੀਲਾਂ ਦੀ ਡੀਮਾਰਕੇਸ਼ਨ ਦਬਾਰਾ ਕੀਤੀ ਜਾਵੇ ਅਤੇ ਸਰਕਾਰ ਨੂੰ ਚਾਹੀਦਾ ਹੈ ਕਿ ਫਤਿਹਗੜ੍ਹ ਸਾਹਿਬ ਅਤੇ ਤਰਨ ਤਾਰਨ ਨੂੰ ਜ਼ਿਲ੍ਹਾ ਬਣਾ ਦੇਣਾ ਚਾਹੀਦਾ ਹੈ ਇਸੇ ਤਰ੍ਹਾਂ ਪਿੰਡਾਂ ਵਿਚ ਸੜਕਾਂ ਨਹੀਂ ਹਨ, ਹਸਪਤਾਲ ਨਹੀਂ ਹਨ ਅਤੇ ਇਨ੍ਹਾਂ ਹਸਪਤਾਲਾਂ ਦੇ ਵਿਚ ਦਵਾਈਆਂ ਨਹੀਂ ਹਨ ਅਤੇ ਲੋਕਾਂ ਨੂੰ ਇਸ ਦਾ ਕੋਈ ਫਾਇਦਾ ਨਹੀਂ ਹੋ ਰਿਹਾ ਹੈ ਅਤੇ ਪਿੰਡਾਂ ਵਿਚ ਪੜ੍ਹਾਈ ਠੀਕ ਤਰ੍ਹਾਂ ਨਹੀਂ ਹੈ ਅਤੇ ਨਾ ਹੀ ਚੰਗੇ ਸਕੂਲ ਹਨ ਜੇਕਰ ਕਿਧਰੇ ਸਕੂਲ ਹਨ ਉਥੇ ਨਾ ਟੀਚਰ ਜਾਂਦਾ ਹੈ ਅਤੇ ਜੇਕਰ ਕੋਈ ਜਾਂਦਾ ਹੈ ਤਾਂ ਉਹ ਬੱਚਿਆਂ ਨੂੰ ਚੰਗੀ ਤਰ੍ਹਾਂ ਪੜ੍ਹਾਉਂਦਾ ਨਹੀਂ ਹੈ ਅਤੇ ਨਾ ਹੀ ਉਥੇ ਚੇਅਰ ਹੈ ਨਾ ਹੀ ਟੇਬਲ ਹਨ ਅਤੇ ਨਾ ਹੀ ਬੱਚਿਆਂ ਦੇ ਬੈਠਣ ਵਾਸਤੇ ਕੋਈ ਸਾਮਾਨ ਹੈ। ਇਹ ਐਜੂਕੇਸ਼ਨ ਦਾ ਢਾਂਚਾ ਹੀ ਮਾੜਾ ਹੈ ਅਤੇ ਇਸ ਦੇ ਵਿਚ ਸਰਕਾਰ ਨੂੰ ਸੁਧਾਰ ਕਰਨ ਦੀ ਲੋੜ ਹੈ। ਇਸ ਤਰ੍ਹਾਂ ਦੀ ਤਾਲੀਮ ਦਾ ਬਚਿਆਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ ਹੈ ਕਿਉਂਕਿ ਚੰਗੇ ਟੀਚਰਜ਼ ਪਿੰਡਾਂ ਵਿਚ ਜਾਣਾ ਪਸੰਦ ਹੀ ਨਹੀਂ ਕਰਦੇ (ਘੰਟੀ) ਬੱਸ, ਡਿਪਟੀ ਸਪੀਕਰ ਸਾਹਬ, ਮੈਂ ਖਤਮ ਕਰਨ ਲੱਗਾ ਹਾਂ ਕਿ ਸੋਸ਼ਲ ਵੈਲਫੇਅਰ ਡਿਪਾਰਟ-ਮੈਂਟ ਨੂੰ ਹੈਂਡੀਕੈਪਡ ਬੱਚਿਆਂ ਨੂੰ ਪੈਨਸ਼ਨ ਦੇਣੀ ਚਾਹੀਦੀ ਹੈ ਅਤੇ ਇਸ ਦਾ ਫਾਇਦਾ ਗਰੀਬ ਬੱਚਿਆਂ ਨੂੰ ਹੋਣਾ ਚਾਹੀਦਾ ਹੈ ਤਾਂ ਕਿ ਉਹ ਪੜ੍ਹਾਈ ਜਾਰੀ ਰੱਖ ਸਕਣ ਅਤੇ ਜਿਸ ਤਰ੍ਹਾਂ ਬਿਜਲੀ ਬੋਰਡ ਵਿਚ ਹੈਂਡੀਕੈਪਡ ਬੱਚਿਆਂ ਨੂੰ ਰਿਆਇਤਾਂ ਦਿੱਤੀਆਂ ਜਾਂਦੀਆਂ ਹਨ ਅਤੇ ਬੋਰਡ ਇੰਡੀਅਨ ਟੈਲੀਗਰਾਫ ਐਕਟ ਮੁਤਾਬਿਕ ਕਰ ਰਿਹਾ ਹੈ ਅਤੇ ਇਸੇ ਤਰ੍ਹਾਂ ਸਰਕਾਰ ਨੂੰ ਇਸਨੂੰ ਲਾਗੂ ਕਰਨਾ ਚਾਹੀਦਾ ਹੈ। ਬਿਜਲੀ ਬੋਰਡ ਦਾ ਮਹਿਕਮਾ ਰਾਜ ਲਈ ਇਕ ਵਾਈਟ ਐਲੀਫੈਂਟ ਹੈ ਇਸ ਵਿਚ ਕਾਫੀ ਤਾਦਾਦ ਵਿਚ ਚੀਫ ਇੰਜੀਨੀਅਰਜ਼ ਅਤੇ ਇੰਜੀਨੀਅਰਜ਼ ਹਨ ਅਤੇ ਕਾਫੀ ਮਾਤਰਾ ਵਿਚ ਸਟਾਫ ਹੈ।

ਡਿਪਟੀ ਸਪੀਕਰ ਸਾਹਿਬ, ਇਤਨੇ ਦਫਤਰ ਵਧੀਆ ਹਨ। ਬਿਜਲੀ ਬੋਰਡ ਵਾਲਿਆਂ ਨੇ ਬਿਜਲੀ ਪੈਦਾ ਕਰਨੀ ਹੈ ਪਰ ਬਦਕਿਸਮਤੀ ਹੈ ਕਿ ਉਹ ਖਿਡਾਰੀ ਪੈਦਾ ਕਰ ਰਹੇ ਹਨ। ਪਿੰਡਾਂ ਵਿਚ ਗਰੀਬ ਲੋਕਾਂ ਨੂੰ ਬਿਜਲੀ ਮਿਲਦੀ ਨਹੀਂ ਹੈ। ਉਨ੍ਹਾਂ ਨੂੰ ਪੈਸੇ ਨਹੀਂ ਦਿੱਤੇ। ਉਨ੍ਹਾਂ ਗਰੀਬ ਲੋਕਾਂ ਲਈ ਸਰਕਾਰ ਨੂੰ ਕੁਝ ਕਰਨਾ ਪਵੇਗਾ।

**ਸ੍ਰੀ ਡਿਪਟੀ ਸਪੀਕਰ :** ਹੁਣ ਤੁਸੀਂ ਸਮਾਪਤ ਕਰੋ।

**ਸਰਦਾਰ ਦਲੀਪ ਸਿੰਘ ਪਾਂਧੀ :** ਡਿਪਟੀ ਸਪੀਕਰ ਸਾਹਿਬ, ਮੈਂ ਅਰਜ਼ ਕਰਨੀ ਚਾਹਾਂਗਾ ਕਿ ਇਨ੍ਹਾਂ ਨੂੰ ਪੈਸੇ ਨਹੀਂ ਰੱਖਣੇ ਚਾਹੀਦੇ। ਮੈਨੂੰ ਪਤਾ ਹੈ, ਕਿਉਂਕਿ ਮੈਂ ਪੀ. ਏ. ਸੀ. ਦਾ ਮੈਂਬਰ ਰਿਹਾ

Original with;
Punjab Vidhan Sabha
Digitized by;
Panjab Digital Library

[ਸਰਦਾਰ ਦਲੀਪ ਸਿੰਘ ਪਾਂਧੀ]

ਹਾਂ ਅਤੇ ਇਨ੍ਹਾਂ ਨੇ ਬੜਾ ਪੈਸਾ ਦੇਣਾ ਹੈ। ਅਫਸਰਾਂ ਨੂੰ ਵੀ ਚਾਹੀਦਾ ਹੈ ਕਿ ਉਹ ਗਰੀਬ ਲੋਕਾਂ ਨੂੰ ਮਿਲਣ ਉਨ੍ਹਾਂ ਗਰੀਬ ਲੋਕਾਂ ਨੂੰ ਮਿਲਣ ਲਈ ਟਾਈਮ ਦੇਣਾ ਚਾਹੀਦਾ ਹੈ। ਅਫਸਰਸ਼ਾਹੀ ਖਤਮ ਹੋਣੀ ਚਾਹੀਦੀ ਹੈ। They are people's servants and not officers. ਅਜੇ ਵੀ ਡਿਪਟੀ ਸਪੀਕਰ ਸਾਹਿਬ, ਦਫਤਰਾਂ ਵਿਚ ਅਫਸਰਾਂ ਨੂੰ ਸਾਹਿਬ ਕਹਿੰਦੇ ਹਨ। ਇਹ ਅੰਗਰੇਜ਼ਾਂ ਵੇਲੇ ਹੁੰਦਾ ਸੀ। ਉਹ ਸਾਡਾ ਰਾਈਟ ਹੈ, ਉਹ ਸਾਨੂੰ ਮਿਲਣਾ ਚਾਹੀਦਾ ਹੈ। ਲੋਕ ਬੱਸਾਂ ਦੀ ਉਡੀਕ ਵਿਚ ਸੜਕਾਂ ਤੇ ਬੈਠੇ ਰਹਿੰਦੇ ਹਨ। ਬੱਸ ਵਿਚ ਜਗ੍ਹਾ ਨਾ ਹੋਵੇ ਤਾਂ ਬੱਸ ਦੇ ਉਪਰ ਚੜ੍ਹਨ ਲਈ ਮਜ਼ਬੂਰ ਹਨ। ਇੰਦਰਾ ਕਾਂਗਰਸ ਦੇ ਜੋ ਆਦਮੀ ਹਨ ਉਨ੍ਹਾਂ ਤੋਂ ਪੈਸਾ ਲਿਆ ਕੇ ਦੇਣ। ਇਹ ਸਟੇਟ ਲਈ ਵਫਾਦਾਰੀ ਦਾ ਸਬੂਤ ਦੇਣ। ਇਹ ਪੰਜਾਬ ਦੇ ਭਲੇ ਲਈ ਕੁਝ ਕਰਨ। ਜਿਹੜੇ ਸਾਡੇ ਨੌਜਵਾਨ ਹਨ, ਉਨ੍ਹਾਂ ਨੂੰ ਮੇਨ ਸਟਰੀਮ ਲਾਈਨ ਤੇ ਲਿਆਉਣ ਦੀ ਕੋਸ਼ਿਸ਼ ਕਰਨ। ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਕਹਿੰਦਾ ਹਾਂ ਕਿ ਇਹ ਸਰਬਸੰਮਤੀ ਨਾਲ ਪਾਸ ਕਰਨਾ ਚਾਹੀਦਾ ਹੈ।

**ਪੰਡਿਤ ਮੋਹਨ ਲਾਲ (ਹੁਸ਼ਿਆਰਪੁਰ)** : ਡਿਪਟੀ ਸਪੀਕਰ ਸਾਹਿਬ, ਮੈਂ ਸਪਲੀਮੈਂਟਰੀ ਡਿਮਾਂਡ ਨੰ: 5, 11, 12, 18 ਅਤੇ 38 ਬਾਰੇ ਬੋਲਣ ਲੱਗਾ ਹਾਂ। ਜਿਥੋਂ ਤੱਕ ਮੇਰੀ ਯਾਦਦਾਸ਼ਤ ਕੰਮ ਕਰਦੀ ਹੈ, ਇਤਨੇ ਪੈਸੇ ਅਜ ਤਕ ਕਦੇ ਵੀ ਸਪਲੀਮੈਂਟਰੀ ਡਿਮਾਂਡਜ਼ ਤੇ ਨਹੀਂ ਮੰਗੇ ਗਏ ਜਿਤਨੇ ਹੁਣ ਇਨ੍ਹਾਂ ਸਪਲੀਮੈਂਟਰੀ ਡਿਮਾਂਡਜ਼ ਵਿਚ ਮੰਗੇ ਗਏ ਹਨ। ਡਿਪਟੀ ਸਪੀਕਰ ਸਾਹਿਬ, 302 ਕਰੋੜ ਰੁਪਏ ਦੀ ਰਕਮ ਵਿਚੋਂ 83-44 ਲੱਖ ਰੁਪਏ ਰੈਵੇਨਿਊ ਅਕਾਊਂਟ ਹੈ। 218 ਕਰੋੜ ਵਿਚੋਂ 61 ਲੱਖ ਕੈਪੀਟਲ ਅਕਾਊਂਟ ਤੇ ਹੈ। ਡਿਪਟੀ ਸਪੀਕਰ ਸਾਹਿਬ, ਇਹ ਹਵਾਲਾ ਦੇਣ ਦਾ ਇਕ ਮਕਸਦ ਹੈ। ਮੈਂ ਫਾਈਨਾਂਸ ਡਿਪਾਰਟਮੈਂਟ ਅਤੇ ਵਿੱਤ ਮੰਤਰੀ ਜੀ ਨੂੰ ਇਹ ਗੱਲ ਜ਼ਰੂਰ ਕਹਿਣੀ ਚਾਹਾਂਗਾ ਕਿ ਇਸ ਹਾਲਾਤ ਨੂੰ ਜਿਤਨਾ ਧਿਆਨ ਵਿਚ ਰੱਖਣਾ ਚਾਹੀਦਾ ਹੈ, ਉਹ ਉਤਨਾ ਧਿਆਨ ਗੌਰਮਿੰਟ ਦਾ ਨਹੀਂ ਹੈ। ਮੈਂ ਸਮਝਦਾ ਹਾਂ ਕਿ ਇਹ ਇਕ ਸਹੀ ਗੱਲ ਹੈ। ਫਾਈਨਾਂਸਿਜ਼ ਇਸ ਵੇਲੇ ਬਹੁਤ ਮੁਸ਼ਕਿਲ ਦੌਰ ਵਿਚੋਂ ਗੁਜ਼ਰ ਰਿਹਾ ਹੈ। ਫਾਈਨਾਂਸ ਡਿਪਾਰਟਮੈਂਟ ਵਿਚ ਕਦੇ ਵੀ ਢਿਲ ਨਹੀਂ ਹੋਣੀ ਚਾਹੀਦੀ। ਜੇਕਰ ਢਿਲ ਹੋਵੇਗੀ ਤਾਂ ਫਾਈਨਾਂਸ ਡਿਪਾਰਟਮੈਂਟ ਕਦੇ ਵੀ ਠੀਕ ਨਹੀਂ ਹੋ ਸਕਦਾ। ਮੈਂ ਵਿੱਤ ਮੰਤਰੀ ਜੀ ਨੂੰ ਬੇਨਤੀ ਕਰਾਂਗਾ ਕਿ ਕੰਟਰੋਲ ਨੂੰ ਥੋੜ੍ਹਾ ਜਿਹਾ ਹੋਰ ਮਜ਼ਬੂਤ ਕਰਨ। ਫਾਈਨਾਂਸ ਡਿਪਾਰਟਮੈਂਟ ਨੂੰ ਪਹਿਲਾਂ ਦੀ ਤਰ੍ਹਾਂ ਕੰਮ ਕਰਨਾ ਚਾਹੀਦਾ ਹੈ ਅਤੇ ਯਤਨ-ਸ਼ੀਲ ਹੋਣਾ ਚਾਹੀਦਾ ਹੈ ਕਿ ਉਹ ਠੀਕ ਕੰਮ ਕਰੇ। ਇਸ ਵਿਚ ਢਿਲ ਨਹੀਂ ਹੋਣੀ ਚਾਹੀਦੀ। ਡਿਮਾਂਡ ਨੰ: 5 ਵਿਚ ਰੈਵੇਨਿਊ ਅਕਾਊਂਟ ਵਿਚ 18,76,92,000 ਰੁਪਿਆ ਰੱਖਿਆ ਗਿਆ ਹੈ। ਡਿਮਾਂਡ ਨੰ: 11 ਜੋ ਪੁਲਿਸ ਬਾਰੇ ਹੈ ਉਸ ਵਿਚ 24,80,29,000 ਰੁਪਿਆ ਰੱਖਿਆ ਗਿਆ ਹੈ। ਜਿਥੋਂ ਤਕ ਰਲੀਫ ਦਾ ਸਬੰਧ ਹੈ ਇਹ ਅੱਛਾ ਕੰਮ ਹੈ। ਬੜੀ ਅੱਛੀ ਰਕਮ ਰੱਖੀ ਗਈ ਹੈ, ਪਰ ਮੈਨੂੰ ਸਰਕਾਰ ਵਲੋਂ ਦੋ ਚੀਜ਼ਾਂ ਤੇ ਇਤਰਾਜ਼ ਹੈ। ਮੈਨੂੰ ਡਿਪਟੀ ਸਪੀਕਰ ਸਾਹਿਬ, ਬੜੇ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਤਕਸੀਮ ਵਿਚ ਵਿਤਕਰਾ ਹੋਇਆ ਹੈ। ਮੈਂ ਹੁਸ਼ਿਆਰਪੁਰ ਬਾਰੇ ਜਾਤੀ ਤੌਰ ਤੇ ਜਾਣਦਾ ਹਾਂ। ਮੈਂ ਉਥੋਂ ਦੀ ਨੁਮਾਇੰਦਗੀ ਕਰਦਾ ਹਾਂ, ਉਥੇ ਲੋਕ ਹਾਲੇ ਤਕ ਗਰੀਬ ਭਟਕਦੇ ਫਿਰਦੇ ਹਨ। ਕਈ ਪਿੰਡਾਂ ਵਿਚ ਅਸੈਸਮੈਂਟ ਹੋ ਚੁਕੀ ਹੈ ਪਰ ਰਕਮ ਨਹੀਂ ਮਿਲੀ ਔਰ ਕਈ ਪਿੰਡਾਂ ਵਿਚ ਅਸੈਸਮੈਂਟ ਹੋਣ ਵਾਲੀ ਹੈ। ਉਹ ਵਿਚਾਰੇ ਭਟਕਦੇ ਫਿਰਦੇ ਹਨ। ਇਹ ਬਹੁਤ ਮਾੜੀ ਗੱਲ ਹੈ। ਉਨ੍ਹਾਂ ਗਰੀਬਾਂ ਦਾ ਜਿਨ੍ਹਾਂ ਦਾ ਨੁਕਸਾਨ ਹੋਇਆ ਹੈ, ਉਨ੍ਹਾਂ ਲੋਕਾਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ। ਇਸ ਬਾਰੇ ਰੈਵੇਨਿਊ ਮਨਿਸਟਰ ਸਾਹਿਬ ਧਿਆਨ ਦੇਣ। ਮੈਂ ਕੋਈ ਪੁਆਇੰਟ

Original with;
Punjab Vidhan Sabha
Digitized by;
Panjab Digital Library

ਕਟ ਨਹੀਂ ਕਰਦਾ ਪਰ ਇਹ ਹਕੀਕਤ ਹੈ। ਇੱਕ ਗੱਲ ਹੋਰ ਤੁਹਾਡੇ ਧਿਆਨ ਵਿਚ ਲਿਆਉਣੀ ਹੈ। ਉਨ੍ਹਾਂ ਗਰੀਬ ਲੋਕਾਂ ਨੂੰ ਰਿਲੀਫ ਦੀ ਸ਼ਕਲ ਵਿਚ ਜਿਹੜਾ ਪੈਸਾ ਦੇਣਾ ਹੈ, ਉਹ ਪੈਸੇ ਉਨ੍ਹਾਂ ਨੂੰ ਜ਼ਰੂਰ ਮਿਲਣੇ ਚਾਹੀਦੇ ਹਨ। ਇਸ ਬਾਰੇ ਡਿਪਟੀ ਸਪੀਕਰ ਸਾਹਿਬ, ਤੁਸੀਂ ਆਪ ਵੀ ਜਾਣਦੇ ਹੋ। ਅਹਿਲਕਾਰ ਨੂੰ ਭਾਵੇਂ ਘਰੋਂ ਵੀ ਲੈਣਾ ਪਵੇ। ਉਨ੍ਹਾਂ ਗਰੀਬ ਲੋਕਾਂ ਦੀ ਰਕਮ ਮਾਰੀ ਜਾਂਦੀ ਹੈ। ਇਸ ਪਾਸੇ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ। ਇਹ ਨਾ ਹੋਵੇ ਕਿ ਉਸ ਨਾਲ ਕੌਣ ਨੁਮਾਇੰਦਗੀ ਕਰਨ ਆਇਆ ਸੀ ਅਤੇ ਉਹ ਕਿਸ ਪਾਰਟੀ ਨਾਲ ਤੁਅੱਲਕ ਰੱਖਦਾ ਹੈ। ਇਨ੍ਹਾਂ ਗੱਲਾਂ ਨੂੰ ਛੱਡ ਕੇ ਮੈਰਿਟ ਦੇ ਅਧਾਰ ਤੇ ਪੈਸੇ ਉਨ੍ਹਾਂ ਨੂੰ ਦੇਣੇ ਚਾਹੀਦੇ ਹਨ। ਡਿਪਟੀ ਸਪੀਕਰ ਸਾਹਿਬ, ਕੱਲ੍ਹ ਪਰਾਈਮ ਮਨਿਸਟਰ ਸਾਹਿਬ ਨੇ ਐਲਾਨ ਕੀਤਾ ਹੈ ਕਿ ਰਿਲੀਫ ਦੇ ਸਬੰਧ ਵਿਚ ਉਨ੍ਹਾਂ ਨੇ ਹਦਾਇਤਾਂ ਕੀਤੀਆਂ ਹਨ ਕਿ ਭਾਵੇਂ ਕਾਂਗਰਸ ਸਰਕਾਰ ਹੋਵੇ, ਭਾਵੇਂ ਗੈਰ-ਕਾਂਗਰਸ ਸਰਕਾਰ ਹੋਵੇ ਪਰ ਉਨ੍ਹਾਂ ਗਰੀਬ ਲੋਕਾਂ ਨੂੰ ਪੂਰਾ ਪੈਸਾ ਦਿੱਤਾ ਜਾਵੇ। (ਥੰਪਿੰਗ) ਕਿਸੇ ਨਾਲ ਕੋਈ ਵਿਤਕਰਾ ਨਹੀਂ ਕਰਨਾ। ਉਨ੍ਹਾਂ ਨੇ ਇਸ ਗੱਲ ਦਾ ਵਿਸ਼ਵਾਸ ਦਿਵਾਇਆ ਸੀ। ਇਹ ਇਕ ਬਹੁਤ ਹੀ ਚੰਗਾ ਭਲਾਈ ਦਾ ਕੰਮ ਹੈ। ਇਸ ਸਕੀਮ ਨੂੰ ਇਛਾਈ ਨੂੰ ਛੱਡਕੇ ਬੁਰਾਈ ਵਿਚ ਨਾ ਬਦਲਿਆ ਜਾਵੇ। ਅਗਲੀ ਡਿਮਾਂਡ ਪੁਲਿਸ ਦੇ ਮੁਤੱਲਕ ਹੈ। ਇਹ ਡਿਮਾਂਡ ਨੰ: 11 ਹੈ। ਇਸ ਦੇ ਮੁਤੱਲਕ ਇਕ ਗੱਲ ਜ਼ਰੂਰ ਵਾਜ਼ਿਆ ਕਰਨੀ ਚਾਹਾਂਗਾ। ਫਾਈਨਾਂਸ ਮਨਿਸਟਰ ਸਾਹਿਬ ਨੇ ਪੁਲਿਸ ਦੇ ਮੁਤੱਲਕ ਸਫਾ 13 ਤੇ ਚੌਥੀ ਲਾਈਨ ਵਿਚ ਕਿਹਾ ਸੀ ਕਿ:--

> "Over the period 1979-80 to 1985-86, it has more than trebled from Rs. 25 crores to over Rs. 80 crores."

ਡਿਪਟੀ ਸਪੀਕਰ ਸਾਹਿਬ, ਮੈਨੂੰ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਵਾਕਿਆਤ ਨੂੰ ਛੁਪਾ ਕੇ ਗਲਤ ਰੰਗਤ ਦੇ ਕੇ ਇਹ ਚੀਜ਼ ਦੱਸੀ ਗਈ ਹੈ। ਹਾਲਾਂਕਿ ਉਨ੍ਹਾਂ ਦੀ ਆਪਣੀ ਸਪਲੀਮੈਂਟਰੀ ਡਿਮਾਂਡ ਜੋ ਇਸ ਵੇਲੇ ਪੇਸ਼ ਹੋਈ ਹੈ, ਡਿਮਾਂਡ ਨੰ: 11 ਸਫਾ 14 ਦੇ ਉਤੇ, ਉਸਦੇ ਵਿਚ ਉਨ੍ਹਾਂ ਨੇ ਦਿੱਤਾ ਹੈ ਕਿ ਇਸ ਸਾਲ ਦੀ ਓਰੀਜਨਲ ਗਰਾਂਟ ਜੋ ਹੈ, ਉਹ 56 ਕਰੋੜ ਦੀ ਹੈ ਉਸਦੇ ਵਿਚ ਇਹ ਜਿਹੜੀ 25 ਕਰੋੜ ਦੀ ਸਪਲੀਮੈਂਟਰੀ ਗਰਾਂਟ ਹੈ ਉਹ ਮਿਲਾ ਕੇ 80 ਕਰੋੜ ਬਣਦਾ ਹੈ। ਇਹ ਗੱਲ ਸਾਫ ਜ਼ਾਹਰ ਹੁੰਦੀ ਹੈ ਕਿ ਜਿਹੜਾ ਇਨ੍ਹਾਂ ਨੇ ਜ਼ਿਕਰ ਕੀਤਾ ਹੈ ਕਿ 1979-80 ਤੋਂ ਲੈ ਕੇ 1985-86 ਵਿੱਚ ਸਿਰਫ 30 ਕਰੋੜ ਰੁਪਏ ਦਾ ਵਾਧਾ ਹੋਇਆ ਸੀ ਪੁਲਿਸ ਦੇ ਬਜਟ ਵਿਚ ਯਾਨੀ 6 ਸਾਲਾਂ ਵਿੱਚ 5 ਕਰੋੜ ਦੀ ਐਵਰੇਜ ਆਉਂਦੀ ਹੈ ਹਰ ਸਾਲ ਦੀ ਜਦ ਕਿ ਹੁਣ ਸਰਕਾਰ ਨੇ ਸਿਰਫ 5 ਮਹੀਨਿਆਂ ਵਾਸਤੇ ਜਦੋਂ ਤੋਂ ਇਨ੍ਹਾਂ ਨੂੰ ਰਾਜ ਕਰਨ ਦਾ ਮੌਕਾ ਮਿਲਿਆ ਹੈ, 25 ਕਰੋੜ ਮੰਗਿਆ ਹੈ। ਪਿਛਲੇ 6 ਸਾਲਾਂ ਵਿਚ ਸਿਰਫ 30 ਕਰੋੜ ਦਾ ਵਾਧਾ ਹੋਇਆ ਹੈ ਅਤੇ ਤੁਹਾਡੇ ਇਹ 25 ਕਰੋੜ ਪਾ ਕੇ 80 ਕਰੋੜ ਬਣਦਾ ਹੈ। ਇਸ ਸਬੰਧ ਵਿੱਚ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਐਫ. ਐਮ. ਸਾਹਿਬ ਨੇ ਦਰੁਸਤ ਅੰਕੜੇ ਦਰੁਸਤ ਢੰਗ ਨਾਲ ਪੇਸ਼ ਨਹੀਂ ਕੀਤੇ। ਮੈਂ ਫਾਈਨਾਂਸ ਮਨਿਸਟਰੀ ਅਤੇ ਸਰਕਾਰ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਹ 25 ਕਰੋੜ ਜਿਹੜੇ ਤੁਸੀਂ ਪੁਲਿਸ ਨੂੰ ਦੇ ਦਿਤੇ, ਇਸਦਾ ਲੋਕਾਂ ਨੂੰ ਕੀ ਇਵਜ਼ਾਨਾ ਮਿਲਿਆ 5 ਮਹੀਨਿਆਂ ਵਿੱਚ 25 ਕਰੋੜ ਖਰਚ ਕੀਤੇ ਪਰ ਸਮੱਸਿਆ ਤਾਂ ਫੇਰ ਵੀ ਹੱਲ ਨਾ ਹੋਈ। ਪੰਜਾਬ ਵਿਚ ਪੁਲਿਸ ਦੀ ਕੀ ਕਾਰਗੁਜਾਰੀ ਹੈ। ਉਸੇ ਤਰ੍ਹਾਂ ਕਤਲ ਹੁੰਦੇ ਹਨ ਡਾਕੇ ਅਗੇ ਨਾਲੋਂ ਵੱਧ ਗਏ ਹਨ, ਹਰ ਕਿਸਮ ਦੀ ਲਾ-ਕਾਨੂੰਨੀ ਅਤੇ ਬਦ-ਅਮਨੀ ਹੈ, ਲੋਕ ਘਬਰਾਹਟ ਵਿਚ ਘਰ ਛੱਡਣ ਨੂੰ ਫਿਰਦੇ ਹਨ। ਜੋ ਇਸ ਵੇਲੇ ਪੰਜਾਬ ਦੀ ਹਾਲਤ ਹੈ, ਜੋ ਉਸ ਵਿਚ ਬੇਚੈਨੀ ਫੈਲੀ

Original with;
Punjab Vidhan Sabha
Digitized by;
Panjab Digital Library

[ਪੰਡਿਤ ਮੋਹਨ ਲਾਲ]

ਹੋਈ ਹੈ ਅਤੇ ਸਾਰੇ ਹਿੰਦੁਸਤਾਨ ਵਿਚ ਵੀ ਬੇਚੈਨੀ ਫੈਲੀ ਹੋਈ ਹੈ ਪੰਜਾਬ ਦੀ ਸਥਿਤੀ ਬਾਰੇ, ਉਸ ਦੇ ਵਿਚ ਪੁਲਿਸ ਨੇ ਕੀ ਯੋਗਦਾਨ ਪਾਇਆ ਹੈ ਤਾਂਕਿ ਸਥਿਤੀ ਸੁਧਰ ਸਕੇ।

**ਸਰਦਾਰ ਸੁਰਜੀਤ ਸਿੰਘ ਮਿਨਹਾਸ ਐਡਵੋਕੇਟ** : ਆਨ ਏ ਪੁਆਇੰਟ ਆਫ ਆਰਡਰ, ਸਰ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਨੋਟਿਸ ਵਿੱਚ ਲਿਆਉਣਾ ਚਾਹਵਾਂਗਾ ਕਿ ਪੰਡਿਤ ਜੀ ਨੇ ਪੁਲਿਸ ਐਡਮਨਿਸਟਰੇਸ਼ਨ ਤੇ 25 ਕਰੋੜ ਰੁਪਏ ਦੇ ਖਰਚੇ ਦਾ ਜ਼ਿਕਰ ਕੀਤਾ ਹੈ। ਮੈਂ ਤਾਂ ਕਹਿੰਦਾ ਹਾਂ ਕਿ ਪਹਿਲਾਂ ਪੰਜਾਬ ਦੀ ਇਹ ਹਾਲਤ ਨਹੀਂ ਸੀ। ਇਹ ਅਵਸਥਾ ਆਰੰਭ ਇਨ੍ਹਾਂ ਦੀ ਪਾਰਟੀ ਸਮੇਂ ਹੋਈ, ਹਾਲਾਤ ਇਨ੍ਹਾਂ ਦੀ ਪਾਰਟੀ ਨੇ ਵਿਗਾੜੇ ਜਿਸ ਕਰਕੇ ਅੱਜ ਸਾਨੂੰ ਪੁਲਿਸ ਤੇ ਭਾਰੀ ਖਰਚ ਕਰਨਾ ਪੈ ਗਿਆ। ਇਹ ਜਿਹੜੀ ਲਾਅ ਐਂਡ ਆਰਡਰ ਦੀ ਪੁਜੀਸ਼ਨ ਹੈ, ਇਹ ਇਨ੍ਹਾਂ ਦੀ ਹੈਰੀਟੇਜ ਹੈ।

**Pandit Mohan Lal:** It is not a point of order. He can say whatever he likes when his turn comes, but he cannot interrupt me merely in that way. I am speaking relevantly on the issue, that is, Supplementary Demand which is before the House. I am not going off the record. I am not wandering hither and thither as others have done. I am confining myself to my speech.

ਮੈਂ ਤਾਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਜਿਹੜਾ 25 ਕਰੋੜ ਰੁਪਏ ਦਾ ਖਰਚਾ ਪੁਲਿਸ ਤੇ ਕੀਤਾ ਗਿਆ, ਇਸਦਾ ਲੋਕਾਂ ਨੂੰ ਕੀ ਇਵਜ਼ਾਨਾ ਮਿਲਿਆ। ਲੋਕ ਸਮਝਦੇ ਹਨ ਕਿ ਇਹ ਪੈਸਾ ਤੁਸੀਂ ਜ਼ਾਇਆ ਕੀਤਾ ਅਤੇ ਬਿਲਕੁਲ ਜ਼ਾਇਆ ਕੀਤਾ। ਕਿਉਂਕਿ ਲੋਕਾਂ ਨੂੰ ਕੋਈ ਰਾਹਤ ਕਿਸੇ ਕਿਸਮ ਦੀ ਕਿਸੇ ਵੀ ਸ਼ਕਲ ਵਿੱਚ ਨਹੀਂ ਮਿਲੀ। ਹਰ ਕਿਸਮ ਦੇ ਡਾਕੇ ਚੋਰੀਆਂ ਅਤੇ ਕਤਲ ਵੱਧ ਗਏ ਹਨ। ਤੁਸੀਂ ਉਸ ਪੁਲਿਸ ਨੂੰ 25 ਕਰੋੜ ਰੁਪਿਆ ਦੇ ਦਿੱਤਾ ਜਿਸ ਪੁਲਿਸ ਨੂੰ ਅੱਜ ਆਪਣੀ ਹਿਫਾਜ਼ਤ ਕਰਨੀ ਪੈਂਦੀ ਹੈ। ਜਿਸਨੂੰ ਆਪਣੀ ਹਿਫਾਜ਼ਤ ਲਈ ਵੀ ਗਾਰਡ ਚਾਹੀਦੇ ਹਨ। ਜਿਨ੍ਹਾਂ ਦੇ ਉਤੇ ਬਾਹਰ ਵੱਡੇ ਵੱਡੇ ਹਮਲੇ ਹੁੰਦੇ ਹਨ, ਕਤਲ ਹੁੰਦੇ ਹਨ। ਅੱਜ ਕੌਣ ਨਹੀਂ ਜਾਣਦਾ ਜੋ ਕੁਝ ਪਿਛਲੇ 2-3 ਦਿਨਾਂ ਵਿੱਚ ਹੋਇਆ ਹੈ। ਡੀ. ਐਸ. ਪੀ. ਦੇ ਉਤੇ ਕਪੂਰਥਲੇ ਵਿੱਚ ਐਸ. ਐਸ. ਪੀ. ਦੀ ਕੋਠੀ ਦੇ ਸਾਹਮਣੇ ਫਾਇਰਿੰਗ ਕੀਤੀ ਜਾਵੇ। ਉਹ ਤਾਂ ਕਿਸਮਤ ਨਾਲ ਬਚ ਗਿਆ। ਉਸਨੂੰ ਐਸ. ਐਸ. ਪੀ ਦੀ ਕੋਠੀ ਵਿੱਚ ਜਾਣਾ ਪਿਆ। ਤੁਸੀਂ ਆਪ ਅੰਦਾਜ਼ਾ ਲਗਾਓ ਕਿ ਅਗਲੇ ਦਿਨ ਹੀ ਇਨਸਪੈਕਟਰ ਦੇ ਮਕਾਨ ਨੂੰ ਜਲਾ ਦਿੱਤਾ ਗਿਆ। ਕਿਸ ਕਿਸ ਤਰ੍ਹਾਂ ਦੇ ਕਤਲ ਹੋਏ ਹਨ। ਇਹ ਕਿਸ ਤਰ੍ਹਾਂ ਲੋਕਾਂ ਦੀ ਰੱਖਿਆ ਕਰਨਗੇ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਪੁਲਿਸ ਡਾਕੂਆਂ ਅੱਗੇ ਨੱਠਦੀ ਹੈ, ਉਹ ਉਨ੍ਹਾਂ ਤੋਂ ਡਰਦੀ ਹੈ ਅਤੇ ਮੁਕਾਬਲਾ ਕਰਨ ਜੋਗੀ ਨਹੀਂ। ਉਹ ਵੀ ਮੌਕੇ ਸੀ ਜਿਸ ਵੇਲੇਂ ਕਿ ਡਾਕੂ ਪੁਲਿਸ ਦੇ ਅੱਗੇ ਨੱਠਦੇ ਸਨ ਅਤੇ ਪੁਲਿਸ ਜਾ ਕੇ ਉਨ੍ਹਾਂ ਨੂੰ ਪਕੜਦੀ ਹੁੰਦੀ ਸੀ। ਅੱਜ ਉਲਟ ਹੋ ਗਿਆ ਹੈ। ਕਿਸੇ ਵੇਲੇ ਪੰਜਾਬ ਦੀ ਪੁਲਿਸ ਹਿੰਦੁਸਤਾਨ ਵਿੱਚ ਨੰਬਰ ਇਕ ਤੇ ਗਿਣੀ ਜਾਂਦੀ ਸੀ, ਅੱਜ ਉਸਦਾ ਵਕਾਰ ਕਿੱਥੇ ਚਲਾ ਗਿਆ। ਪਹਿਲਾਂ ਹਰ ਮਾਮਲੇ ਵਿਚ ਪੰਜਾਬ ਦੀ ਪੁਲਿਸ ਨੂੰ ਤਲਬ ਕੀਤਾ ਜਾਂਦਾ ਸੀ ਪਰ ਅੱਜ ਅਸੀਂ ਦੇਖਦੇ ਹਾਂ ਕਿ ਪੰਜਾਬ ਦੀ ਪੁਲਿਸ ਹਰ ਸੂਬੇ ਦੀ ਪੁਲਿਸ ਨਾਲੋਂ ਨਕਾਰਾ ਬਣ ਕੇ ਰਹਿ ਗਈ ਹੈ। ਤੁਸੀਂ ਚਾਹੇ 25 ਕਰੋੜ ਦਿਓ ਅਤੇ ਹੋਰ ਚਾਹੇ ਜਿੰਨੇ ਮਰਜੀ ਪੈਸੇ ਦਿਓ ਪਰ ਮੈਂ ਕਹਿੰਦਾ ਹਾਂ ਕਿ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਕਾਬਲ ਸਿੰਘ ਜੀ ਨੂੰ ਵੀ ਪੁਲਿਸ ਨਾ ਬਚਾ ਸਕੀ, ਸਾਡੇ ਸੰਤ ਕਿਰਪਾਲ ਸਿੰਘ ਜੀ, ਜੋ ਇਡੇ ਵੱਡੇ ਧਾਰਮਿਕ ਨੇਤਾ

Original with;
Punjab Vidhan Sabha
Digitized by;
Panjab Digital Library

ਹਨ, ਉਨ੍ਹਾਂ ਨੂੰ ਪੁਲਿਸ ਨਾ ਬਚਾ ਸਕੀ, ਸੰਤ ਸਾਹਿਬ ਸਿੰਘ ਜੀ ਨੂੰ ਨਾ ਬਚਾ ਸਕੀ। ਤੁਹਾਡੀ ਪੁਲਿਸ ਸੀ.ਐਮ. ਸਾਹਿਬ ਦੇ ਆਪਣੇ ਦੋਸਤ ਨੂੰ ਨਾ ਬਚਾ ਸਕੀ। ਹੀਰਾ ਲਾਲ ਵਪਾਰੀ, ਉਨ੍ਹਾਂ ਦਾ ਆਪਣਾ ਜਿਹੜਾ ਸਪੋਰਟਰ ਸੀ, ਜਿਸਦਾ ਬਰਨਾਲੇ ਵਿਚ ਦਿਨ ਦਿਹਾੜੇ ਕਤਲ ਕੀਤਾ ਜਾਂਦਾ ਹੈ, ਪੁਲਿਸ ਉਸਨੂੰ ਨਾ ਬਚਾ ਸਕੀ। ਮੈਂ ਅੱਜ ਸਰਕਾਰ ਨੂੰ ਪੁੱਛਦਾ ਹਾਂ ਕਿ ਏਨੇ ਵੱਡੇ ਆਦਮੀਆਂ ਦੇ ਕਤਲ ਹੋਏ ਹਨ, ਪਰ ਕਿਸੇ ਦੇ ਕਾਤਲ ਨੂੰ ਪੁਲਿਸ ਨੇ ਫੜਿਆ ਵੀ ਹੈ, ਤੁਸੀਂ ਇਕ ਤਾਂ ਦੱਸੋ। ਮੈਂ 25 ਕਰੋੜ ਰੁਪਿਆ ਪੁਲਿਸ ਨੂੰ ਦੇਣ ਵਾਲੀ ਸਰਕਾਰ ਤੋਂ ਪੁੱਛਦਾ ਹਾਂ ਕਿ ਪੁਲਿਸ ਦੀ ਕੀ ਕਾਰਗੁਜ਼ਾਰੀ ਹੈ। ਘੁੰਮਣ ਵਿਚ, ਜਿਸ ਤਰ੍ਹਾਂ ਕਿ ਤੁਸੀਂ ਜਾਣਦੇ ਹੋ ਕਿ ਤੁਹਾਡੇ ਇਕ ਚੰਗੇ ਵਰਕਰ ਸਤਿੰਦਰ ਸਿੰਘ ਨੂੰ, ਜਿਸਦੇ ਨਾਲ ਕਿ ਅਕਾਲੀ ਦਲ ਦਾ ਚੰਗਾ ਮੇਲ ਸੀ, ਪੁਲਿਸ ਉਸਨੂੰ ਨਾ ਬਚਾ ਸਕੀ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਘੁੰਮਣ ਕਲਾਂ ਵਿੱਚ ਜਿਸਦੇ ਵਿੱਚ ਕਿ ਥੋੜ੍ਹੀ ਦੇਰ ਪਹਿਲਾਂ ਸ਼ਾਮ ਲਾਲ ਕਾਂਗਰਸ ਦੇ ਪ੍ਰੈਜ਼ੀਡੈਂਟ ਦਾ ਕਤਲ ਹੋਇਆ, ਉਸਦੇ ਥੋੜ੍ਹੇ ਦਿਨ ਪਹਿਲਾਂ ਸ਼ਾਮ ਲਾਲ ਦੇ ਭਾਈ ਦਾ ਕਤਲ ਹੋਇਆ, ਕੀ ਇਹ ਲਾਅ ਐਂਡ ਆਰਡਰ ਹੈ, ਇਹ ਪੁਲਿਸ ਹੈ ਜਿਥੇ ਇਕ ਕਤਲ ਹੋਇਆ, ਦੋ ਕਤਲ ਹੋਏ, ਉਥੇ ਹੀ ਤੀਜਾ ਕਤਲ ਵੀ ਉਸੇ ਮਹੀਨੇ ਵਿਚ ਹੀ ਹੁੰਦਾ ਹੈ। ਪੁਲਿਸ ਉਨ੍ਹਾਂ ਨੂੰ ਕੋਈ ਪ੍ਰੋਟੈਕਸ਼ਨ ਨਹੀਂ ਦੇ ਸਕੀ। ਮੈਂ ਸਾਰੇ ਵਾਕਿਆਤ ਵਿਸਥਾਰ ਵਿਚ ਬਿਆਨ ਨਹੀਂ ਕਰ ਸਕਦਾ ਕਿਉਂਕਿ ਸਮਾਂ ਥੋੜ੍ਹਾ ਹੈ। ਜਿੰਨੇ ਚੰਗੇ ਚੰਗੇ ਆਦਮੀਆਂ ਦੇ ਬੇਗੁਨਾਹਾਂ ਦੇ ਕਤਲ ਹੋਏ, ਜਿਹੜੇ ਆਪਣੇ ਪਿਛੇ ਲਾਵਾਰਸ ਬੱਚੇ ਅਤੇ ਬੇਵਾਵਾਂ ਛੱਡ ਗਏ ਹਨ, ਉਨ੍ਹਾਂ ਦੀ ਪੰਜਾਬ ਵਿਚ ਹਾਹਾਕਾਰ ਮਚੀ ਹੋਈ ਹੈ। ਮੈਂ ਉਨ੍ਹਾਂ 25 ਕਰੋੜ ਬਾਰੇ ਪੁੱਛਣਾ ਚਾਹੁੰਦਾ ਹਾਂ ਜਿਹੜੇ ਲੋਕਾਂ ਨੂੰ ਬਚਾਉਣ ਲਈ 5 ਮਹੀਨਿਆਂ ਵਿੱਚ ਖਰਚ ਹੋਏ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਸੀ. ਐਮ. ਸਾਹਿਬ ਕਹਿੰਦੇ ਹਨ ਕਿ ਪੰਜਾਬ ਦੇ ਹਾਲਾਤ ਉਹੋ ਜਿਹੇ ਖਰਾਬ ਨਹੀਂ ਹੋਏ। ਮੈਂ ਪੁੱਛਦਾ ਹਾਂ ਕਿ ਉਹ ਕਦੋਂ ਹੋਏ ਹਨ ? ਜਿਸ ਵੇਲੇ ਸਾਰੇ ਪੰਜਾਬ ਨੂੰ ਅੱਗ ਲਗ ਜਾਵੇਗੀ, ਥਾਂ ਥਾਂ ਕਤਲ ਹੋਣਗੇ। ਤੁਸੀਂ ਇਹ ਕਿਸ ਵੇਲੇ ਕਹੋਗੇ ਕਿ ਪੰਜਾਬ ਦੇ ਹਾਲਾਤ ਚੰਗੇ ਨਹੀਂ ਹਨ। ਇਹ ਜਿਹੜਾ ਸੀ. ਐਮ. ਸਾਹਿਬ ਬਾਰ ਬਾਰ ਵਿਸ਼ਵਾਸ ਦਿਲਾਉਂਦੇ ਰਹੇ ਹਨ, ਇਕ ਬਾਰ ਨਹੀਂ ਕਈ ਬਾਰ ਬਿਆਨ ਦੇਂਦੇ ਰਹੇ ਹਨ ਜਿਨ੍ਹਾਂ ਨਾਲ ਅਖਬਾਰਾਂ ਭਰੀਆਂ ਪਈਆਂ ਹਨ ਅਤੇ ਲੱਖਾਂ ਲੋਕ ਜਾਣਦੇ ਹਨ ਕਿ ਇਨ੍ਹਾਂ ਨੇ ਬਿਆਨ ਦਿੱਤਾ ਸੀ ਕਿ ਮੈਂ ਤੁਹਾਡੀ ਹਿਫਾਜ਼ਤ ਕਰਾਂਗਾ। ਇਨ੍ਹਾਂ ਨੇ ਕਿਹਾ ਸੀ ਕਿ ਇਕ ਅਨਸਰ ਇਸ ਲਈ ਜ਼ਿੰਮੇਵਾਰ ਹੈ। ਇਨ੍ਹਾਂ ਨੇ ਉਸਦਾ ਨਾਂ ਵੀ ਲਿਆ ਸੀ ਅਤੇ ਜ਼ਿਕਰ ਵੀ ਕੀਤਾ ਸੀ ਕਿ ਉਹ ਮੁੱਠੀ ਭਰ ਲੋਕ ਹਨ ਮੈਂ ਉਨ੍ਹਾਂ ਦਾ ਖਾਤਮਾ ਕਰਾਂਗਾ ਅਤੇ ਲੋਕਾਂ ਤੋਂ ਮੱਦਦ ਮੰਗੀ ਸੀ। ਅਜ ਸੀ. ਐਮ. ਸਾਹਿਬ ਅਗਰ ਆਖਣ ਕਿ ਪੰਜਾਬ ਵਿੱਚ ਸਭ ਅੱਛਾ ਹੈ, ਪੰਜਾਬ ਵਿੱਚ ਕੋਈ ਐਸੀ ਗੱਲ ਨਹੀਂ ਹੋਈ, ਤਾਂ ਇਹ ਠੀਕ ਗੱਲ ਨਹੀਂ ਹੈ। ਮੈਂ ਇਹ ਕਹਿੰਦਾ ਹਾਂ ਕਿ ਜੇ ਤੁਸੀਂ 25 ਕਰੋੜ ਰੁਪਿਆ ਲੈਣਾ ਹੈ, ਚਾਹੇ ਹੋਰ ਵੀ ਲੈ ਲਓ ਪਰ ਪੰਜਾਬ ਦੇ ਲੋਕਾਂ ਨੂੰ ਤਾਂ ਵਿਸ਼ਵਾਸ ਦਿਲਾਓ ਤਾਂਕਿ ਜਿਹੜੇ ਲੋਕ ਘਬਰਾਹਟ ਵਿੱਚ ਇਧਰ ਉਧਰ ਚਲੇ ਗਏ ਹਨ ਅਤੇ ਜਾ ਰਹੇ ਹਨ, ਉਹ ਨਾ ਜਾਣ। ਕਈ ਕਤਲ ਹੋਏ, ਫਤਿਹਗੜ੍ਹ ਵਿਚ ਕਾਂਗਰਸ ਦੇ ਜਨਰਲ ਸੈਕਰੇਟਰੀ ਦਾ, ਤਰਨ ਤਾਰਨ ਵਿੱਚ ਪ੍ਰੈਜ਼ੀਡੈਂਟ ਦਾ ਅਤੇ ਘੁੰਮਣ ਕਲਾਂ ਵਿੱਚ ਪ੍ਰੈਜ਼ੀਡੈਂਟ ਦਾ ਅਤੇ ਇਕ ਹੋਰ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਇਲਾਕੇ ਦਾ ਸੱਜਣ ਮਾਰਿਆ ਗਿਆ ਮੰਗਤ ਰਾਮ ਅਤੇ ਫਿਰ ਤੁਸੀਂ ਕਹੋ ਕਿ ਸਭ ਚੰਗਾ ਹੈ ਤਾਂ ਅਸੀਂ ਕਿੰਨਾ ਚਿਰ ਬਰ-ਦਾਸ਼ਤ ਕਰਾਂਗੇ। ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਉਹ ਪੁਲਿਸ ਜਿਹੜੀ ਕਦੇ ਹਿੰਦੁ-ਸਤਾਨ ਵਿੱਚ ਨੰਬਰ ਇਕ ਤੇ ਸੀ, ਉਹ ਅੱਜ ਹੱਦ ਦਰਜੇ ਦੀ ਗਿਰਾਵਟ ਤੇ ਪੁੱਜ ਚੁੱਕੀ ਹੈ, ਉਹ ਲੋਕਾਂ ਦਾ ਵਿਸ਼ਵਾਸ ਖੋ ਬੈਠੀ ਹੈ, ਉਸਦਾ ਸੈਲਫ ਕਾਨਫੀਡੈਂਸ ਖਤਮ ਹੋ ਗਿਆ ਹੈ, ਉਸਨੂੰ ਆਪਣੀ ਜਾਨਾਂ ਦੀ ਪਈ ਹੋਈ ਹੈ। ਮੈਂ ਇਕ ਗੱਲ ਤੁਹਾਨੂੰ ਵੀ ਪੂਰੀ ਜ਼ਿੰਮੇਵਾਰੀ ਨਾਲ ਆਖਣ ਲੱਗਾ ਹਾਂ,

Original with;
Punjab Vidhan Sabha
Digitized by;
Panjab Digital Library

[ ਪੰਡਿਤ ਮੋਹਨ ਲਾਲ ]

ਕਿ ਤੁਹਾਡੀ ਪੁਲਿਸ ਦੀਆਂ ਆਪਣੀਆਂ ਜਿਹੜੀਆਂ ਜ਼ਿੰਮੇਵਾਰੀਆਂ ਹਨ, ਉਹਨਾਂ ਨਾਲ ਵੀ ਵਫ਼ਾਦਾਰ ਨਹੀਂ। ਮੈਨੂੰ ਇਹ ਕਹਿਣ ਵਿਚ ਰੱਤੀ ਭਰ ਵੀ ਝਿਜਕ ਨਹੀਂ ਇਹ ਅੱਜ ਤਕ ਸਰਕਾਰ ਨਾਲ ਵੀ ਵਫਾਦਾਰ ਨਹੀਂ ਰਹੀ। ਇਹ ਗਲ ਨਹੀਂ ਕਿ ਸਾਰੇ ਹੀ ਮਾੜੇ ਹਨ। ਬਹੁਤੇ ਅੱਛੇ ਵੀ ਹਨ ਪਰ ਮੈਂ ਇਕ ਹਿੱਸੇ ਦੀ ਗਲ ਕਰਦਾ ਹਾਂ। ਪੁਲਿਸ ਦਾ ਇਕ ਹਿਸਾ ਐਸਾ ਹੈ ਜਿਸ ਤੇ ਕਿ ਜਿਨ੍ਹਾਂ ਦੇ ਮੁਫਾਇਦ ਹਨ, ਇਹ ਉਨ੍ਹਾਂ ਨਾਲ ਵੀ ਵਫਾਦਾਰ ਨਹੀਂ। ਕਿਉਂਕਿ ਉਨ੍ਹਾਂ ਦੀ ਹਮਦਰਦੀ ਦੂਸਰੇ ਪਾਸੇ ਹੈ। ਇਹ ਪੁਲਿਸ ਇਮਾਨਦਾਰੀ ਨਾਲ ਕੰਮ ਨਹੀਂ ਕਰਦੀ। ਇਸ ਵਾਸਤੇ ਮੈਂ ਚੀਫ ਮਨਿਸਟਰ ਸਾਹਿਬ ਨੂੰ, ਸਰਕਾਰ ਨੂੰ ਆਖਾਂਗਾ ਕਿ ਆਪਣੇ ਘਰ ਨੂੰ ਸੰਵਾਰੋ। ਕਿਤੇ ਤਾਂ ਤੁਸੀਂ ਕਾਂਗਰਸ ਤੇ ਉਂਗਲੀ ਉਠਾਉਂਦੇ ਹੋ, ਕਿਤੇ ਦੂਸਰੀਆਂ ਸਰਕਾਰਾਂ ਤੇ। ਕਦੀ ਦਿੱਲੀ ਦੀ ਸਰਕਾਰ ਤੇ ਦੋਸ਼ ਦਿੰਦੇ ਹੋ ਅਤੇ ਕਦੀ ਪਾਕਿਸਤਾਨ ਤੇ। ਇਹ ਗੱਲਾਂ ਹਕੂਮਤ ਕਰਨ ਵਾਲੀਆਂ ਨਹੀਂ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਗੱਲਾਂ ਦੀ ਜ਼ਿੰਮੇਵਾਰੀ ਕਿਸ ਦੀ ਹੈ? ਜੇ ਪਾਕਿਸਤਾਨ ਵਿਚੋਂ ਕੋਈ ਆਉਂਦਾ ਹੈ ਤਾਂ ਉਹ ਤੁਹਾਡੀ ਜ਼ਿੰਮੇਵਾਰੀ ਹੈ। ਇਸ ਲਈ ਮੈਂ ਅਰਜ਼ ਕਰਦਾ ਹਾਂ ਕਿ ਜਿੰਨੀ ਦੇਰ ਤਕ ਤੁਸੀਂ ਆਪਣੇ ਘਰ ਨੂੰ ਠੀਕ ਨਹੀਂ ਕਰਦੇ, ਉਨੀ ਦੇਰ ਤੱਕ ਹਾਲਾਤ ਠੀਕ ਨਹੀਂ ਹੋਣੇ। ਡਿਪਟੀ ਸਪੀਕਰ ਸਾਹਿਬ, ਮੈਨੂੰ ਐਵੇਂ ਹੀ ਖਿਆਲ ਆ ਗਿਆ, ਪਤਾ ਨਹੀਂ ਉਹ ਗੱਲ ਇਥੇ ਕਰਨੀ ਚਾਹੀਦੀ ਹੈ ਜਾਂ ਨਹੀਂ ਪਰ ਮੈਂ ਦੱਸਦਾ ਹਾਂ ਕਿ ਉਨ੍ਹਾਂ ਨੇ ਤੁਹਾਨੂੰ ਵੀ ਨਹੀਂ ਛੱਡਿਆ। ਅੱਤਵਾਦੀਆਂ ਨੇ ਤੁਹਾਡੇ ਘਰ ਦੇ ਉਤੇ ਵੀ ਹਮਲਾ ਕਰ ਦਿੱਤਾ, ਗੋਲੀਆਂ ਚਲਾਈਆਂ। ਮੈਨੂੰ ਪਤਾ ਨਹੀਂ ਕਿ ਤੁਹਾਡੀ ਸਰਕਾਰ ਨੇ ਮੁਜਰਮ ਹਾਲੇ ਤਕ ਲੱਭੇ ਹਨ ਜਾਂ ਨਹੀਂ। ਡਿਪਟੀ ਸਪੀਕਰ ਵਰਗੀ ਹਸਤੀ ਉਤੇ ਹਮਲਾ ਹੋਇਆ ਹੋਵੇ ਅਤੇ ਹਮਲਾਵਰ ਅਜੇ ਤੱਕ ਖੋਜ ਕਰਕੇ ਲੱਭੇ ਨਾ ਜਾਣ, ਇਹ ਬਹੁਤ ਮਾੜੀ ਗੱਲ ਹੈ। ਕਿਥੇ ਹੈ ਤੁਹਾਡੀ ਪੁਲਿਸ, ਕਿਥੇ ਹੈ ਤੁਹਾਡੀ ਐਡਮਨਿਸਟਰੇਸ਼ਨ? ਇਸ ਕਰਕੇ ਦੂਸਰਿਆਂ ਤੇ ਉਂਗਲੀ ਨਾ ਉਠਾਓ, ਪਹਿਲਾਂ ਪੁਲਿਸ ਦੀ ਸਕਰੀਨਿੰਗ ਕਰੋ। ਮੈਂ ਸੰਜੀਦਗੀ ਨਾਲ ਕਹਿੰਦਾ ਹਾਂ ਕਿ ਜਿਹੜੇ ਵਫਾਦਾਰ ਨੇ, ਕਾਂਸਟੀਚਿਊਸ਼ਨ ਦੇ ਵਫਾਦਾਰ ਨੇ, ਜਿਹੜੇ ਪੰਜਾਬ ਦੇ ਵਫਾਦਾਰ ਨੇ, ਪੰਜਾਬ ਦੀ ਸਰਕਾਰ ਦੇ ਵਫਾਦਾਰ ਨੇ, ਜਿਨ੍ਹਾਂ ਵਿਚ ਫਿਰਕਾਪ੍ਰਸਤੀ ਦੀ ਬੂ ਨਹੀਂ, ਇਹੋ ਜਿਹੇ ਆਦਮੀ ਰਹਿਣ ਦਿਓ। ਸਕਰੀਨਿੰਗ ਕਰਕੇ ਮਾੜਿਆਂ ਨੂੰ ਕੱਢ ਦਿਓ। ਹਾਲੇ ਬਹੁਤ ਸਾਰੇ ਮਾੜੇ ਬੰਦੇ ਮੌਜੂਦ ਹਨ। ਚੰਗੇ ਵੀ ਹਨ ਪਰ ਮਾੜੇ ਜ਼ਿਆਦਾ ਹਨ। ਜੇ ਮਾੜੇ ਜ਼ਿਆਦਾ ਹੋਣ ਅਤੇ ਚੰਗੇ ਘਟ ਤਾਂ ਗੁਜ਼ਾਰਾ ਕਿਥੋਂ ਚਲੇ? ਇਸ ਲਈ ਸੀਰੀਅਸਲੀ ਸੋਚੋ। ਜਿਨ੍ਹਾਂ ਨੂੰ ਵੀ ਰੱਖੋ, ਉਹ ਇਮਾਨਦਾਰ ਹੋਣ, ਵਫਾਦਾਰ ਹੋਣ। ਮਾੜਿਆਂ ਨੂੰ ਬਾਹਰ ਕੱਢ ਕੇ ਸੁੱਟ ਦਿਓ। ਤੁਹਾਡੀ ਐਡਮਨਿਸ਼ਟਰੇਸ਼ਨ ਤਾਂ ਹੀ ਚਲੇਗੀ।

ਇਕ ਗੱਲ ਮੈਂ ਜੇਲ੍ਹਜ਼ ਦੇ ਮੁਤੱਲਕ ਕਰਨੀ ਚਾਹੁੰਦਾ ਹਾਂ। ਡਿਮਾਂਡ ਨੰ: 12 ਵਾਸਤੇ 48 ਲੱਖ 90 ਹਜ਼ਾਰ ਰੁਪਿਆ ਰੱਖਿਆ ਗਿਆ ਹੈ। ਮੈਂ ਇਸ ਬਾਰੇ ਇਹ ਕਹਿਣਾ ਚਾਹੁੰਦਾ ਹਾਂ ਕਿ ਇੰਨੇ ਲੱਖ ਰੁਪਏ ਕੋਈ ਜ਼ਿਆਦਾ ਮਾਇਨੇ ਨਹੀਂ ਰੱਖਦੇ ਜੇਲ੍ਹਾਂ ਦੇ ਸੁਧਾਰ ਲਈ। ਨਾਲ ਹੀ ਮੈਂ ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਜੇਲ੍ਹਾਂ ਨੂੰ ਪਾਰਟੀ ਦਾ ਅਖਾੜਾ ਨਾ ਬਣਾਓ। ਮੇਰੇ ਪਾਸ ਇਕ 15 ਨਵੰਬਰ ਦੀ ਰਿਪੋਰਟ ਹੈ। ਇਹ ਸੈਂਟਰਲ ਜੇਲ੍ਹ ਪਟਿਆਲਾ ਬਾਰੇ ਹੈ। ਇਸ ਦੇ ਵਿੱਚ ਦੱਸਿਆ ਹੈ ਕਿ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਜੇਲ੍ਹਾਂ ਦੇ ਵਿਚ ਗੁਰਦੁਆਰੇ ਤੇ ਮੰਦਰ ਬਣਾਏ ਜਾਣ। ਇਹ ਅਸੂਲ ਦਾ ਸਵਾਲ ਹੈ, ਪਾਲਿਸੀ ਮੈਟਰ ਹੈ, ਮੈਂ ਕੁਝ ਨਹੀਂ ਕਹਿੰਦਾ ਲੇਕਿਨ ਇਸ ਵਿਚ ਹੋਇਆ ਕੀ? ਪਟਿਆਲਾ ਜੇਲ੍ਹ ਵਿਚ ਇੰਤਜ਼ਾਮ ਕਿਸ ਨੇ ਕੀਤਾ? ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਵਾਲਿਆਂ ਨੇ। ਸਰਕਾਰ ਨੇ ਨਹੀਂ ਕੀਤਾ। ਕਿਸੇ ਸਰਕਾਰ ਦੀ ਏਜੰਸੀ

Original with;
Punjab Vidhan Sabha
Digitized by;
Panjab Digital Library

ਨੇ ਨਹੀਂ ਕੀਤਾ। ਫੈਡਰੇਸ਼ਨ ਨੇ ਸਟੇਜ ਲਗਾਈ ਅਤੇ ਢਾਡੀ ਸੱਦੇ ਗਏ । ਉਹ ਵਾਰਾਂ ਗਾਈਆਂ ਗਈਆਂ ਜਿਹੜੀਆਂ ਕਿ ਕਤਲ ਦੀਆਂ ਵਾਰਾਂ ਸਨ । A "dhadi" jatha sang "wars" eulogising Beant Singh and Satwant Singh for shooting Mrs. Indira Gandhi. Although senior members of the jail staff and the police were present, the function was managed by the A. I. S. S. F. (Khalsa group) ਇਸ ਬਾਰੇ ਸੋਚਣਾ ਪਵੇਗਾ ਕਿ ਜੇਲ੍ਹਾਂ ਨੂੰ ਇਸ ਤਰ੍ਹਾਂ ਦੇ ਅਖਾੜੇ ਨਾ ਬਣਾਇਆ ਜਾਵੇ । ਨਾ ਹੀ ਪਾਰਟੀ ਪ੍ਰਾਪੇਗੰਡਾ ਵਾਸਤੇ ਅਤੇ ਨਾ ਹੀ ਹੋਰ ਇਹੋ ਜਿਹੇ ਸ਼ਰਮਨਾਕ ਵਾਕਿਆਤ ਵਾਸਤੇ । ਉਥੇ ਵਾਰਾਂ ਗਾਈਆਂ ਗਈਆਂ ਉਨ੍ਹਾਂ ਦੀ ਤਾਰੀਫ ਵਿਚ ਜਿਨ੍ਹਾਂ ਨੇ ਮਿਸਿਜ਼ ਗਾਂਧੀ ਦਾ ਕਤਲ ਕੀਤਾ । ਕ੍ਰਿਪਾ ਕਰਕੇ ਜੇਲ੍ਹਾਂ ਨੂੰ ਕੰਟਰੋਲ ਕਰੋ।

ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 38 ਵਿਚ ਕੰਡੀ ਕੈਨਾਲ ਦਾ ਜ਼ਿਕਰ ਹੈ । ਇਹ ਬੜੀ ਬਦਕਿਸਮਤ ਕੈਨਾਲ ਹੈ। ਇਹ ਮੇਰੇ ਹਲਕੇ ਦੇ 6 ਪਿੰਡਾਂ ਵਿਚੋਂ ਗੁਜ਼ਰ ਕੇ ਜਾਂਦੀ ਹੈ । ਇਸ ਉਤੇ ਹਰ ਸਾਲ ਦੋ ਢਾਈ ਕਰੋੜ ਰੁਪਿਆ ਰੱਖਿਆ ਜਾਂਦਾ ਹੈ ਪਰ ਉਹ ਖਰਚ ਨਹੀਂ ਹੁੰਦਾ, ਲੈਪਸ ਹੋ ਜਾਂਦਾ ਹੈ, ਸਰੰਡਰ ਹੋ ਜਾਂਦਾ ਹੈ । ਇਹ ਬੈਕਵਰਡ ਏਰੀਆ ਵਿਚ ਕੰਡੀ ਕੈਨਾਲ ਕਢੀ ਜਾਣੀ ਹੈ, ਉਹਦੇ ਵਾਸਤੇ ਜਿੰਨਾ ਪੈਸਾ ਇਸ ਬਜਟ ਵਿਚ ਰੱਖਿਆ ਗਿਆ ਹੈ, ਮੈਂ ਬੇਨਤੀ ਕਰਦਾ ਹਾਂ ਕਿ ਇਹ ਪੈਸਾ ਜ਼ਰੂਰ ਉਸ ਤੇ ਖਰਚ ਕਰਵਾ ਦਿਤਾ ਜਾਵੇ। ਜੇ ਇਸ ਸਾਲ ਨਹੀਂ ਤਾਂ ਅਗਲੇ ਸਾਲ ਜ਼ਰੂਰ ਹੋ ਜਾਵੇ ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** (ਲੁਧਿਆਣਾ ਪੂਰਬੀ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ ਸ਼ੁਕਰੀਆ। ਮੈਂ ਤੁਹਾਨੂੰ ਵਧਾਈ ਦਿੰਦਾ ਹਾਂ ਕਿ ਤੁਸੀਂ ਪਹਿਲੀ ਵਾਰੀ ਇਸ ਕੁਰਸੀ ਤੇ ਰੋਸ਼ਨ ਅਫਰੋਜ਼ ਹੋਏ ਹੋ। ਮੈਂ ਡਿਮਾਂਡ ਨੰ: 1, 3, 11, 15, 22, ਅਤੇ 34 ਦੇ ਮੁਤੱਲਕ 2-4 ਲਾਈਨਾਂ ਬੋਲਾਂਗਾ। ਫਿਗਰਜ਼ ਮੇਰੇ ਡਿਪਟੀ ਲੀਡਰ ਪੰਡਿਤ ਮੋਹਨ ਲਾਲ ਜੀ ਨੇ ਦੇ ਦਿੱਤੀਆਂ ਹਨ । ਇਸ ਤੋਂ ਪਹਿਲਾਂ ਕਿ ਮੈਂ ਫਿਗਰਜ਼ ਦੇ ਬਾਰੇ ਕੁਝ ਅਰਜ਼ ਕਰਾਂ, ਮੈਂ ਲੈਜਿਸਲੇਚਰ ਦੇ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਡੈਮੋਕ੍ਰੇਸੀ ਦਾ ਸਾਰਿਆਂ ਨਾਲੋਂ ਵੱਡਾ ਅਦਾਰਾ ਇਹ ਵਿਧਾਨ ਸਭਾ ਹੈ। ਲੱਖਾਂ ਆਦਮੀ ਵੋਟਾਂ ਦੇ ਕੇ ਸਾਨੂੰ ਇਥੇ ਭੇਜਦੇ ਹਨ ਔਰ ਉਨ੍ਹਾਂ ਦਾ ਮੇਨ ਮਕਸਦ ਇਹ ਹੁੰਦਾ ਹੈ ਕਿ ਅਸੀਂ ਇਥੇ ਅੱਛੀ ਸਰਕਾਰ ਬਣਾਈਏ ਔਰ ਉਹ ਸਰਕਾਰ ਲੋਕਾਂ ਦੀ ਵੈਲਫੇਅਰ ਵਾਸਤੇ ਕੰਮ ਕਰੇ ।

ਤੁਸੀਂ ਦੇਖਿਆ ਹੋਣਾ ਹੈ ਪਿਛੇ ਜਿਹੇ ਜੋ ਇਲੈਕਸ਼ਨਜ਼ ਹੋਏ 1980 ਵਿਚ ਉਸ ਤੋਂ ਬਾਅਦ 1983 ਦੇ ਦਰਮਿਆਨ ਵਿਚ ਇਹ ਸਰਕਾਰ ਭੰਗ ਹੋ ਗਈ। ਸਰਕਾਰ ਭੰਗ ਇਸ ਵਾਸਤੇ ਹੋਈ ਕਿਉਂਕਿ ਹਾਲਾਤ ਐਸੇ ਸੀਰੀਅਸ ਹੋ ਗਏ ਜਿਸ ਵਿਚ ਪੁਲਿਸ ਦਾ ਕੋਈ ਕੰਟਰੋਲ ਨਹੀਂ ਰਿਹਾ ਅਤੇ ਸਾਡੀ ਡੈਮੋਕਰੈਟਿਕ ਸਰਕਾਰ ਉਸ ਵੇਲੇ ਫੇਲ੍ਹ ਨਜ਼ਰ ਆਉਂਦੀ ਸੀ ਕਿਉਂਕਿ ਅਕਾਲੀ ਪਾਰਟੀ ਨੇ ਸ਼੍ਰੋਮਣੀ ਅਕਾਲੀ ਦਲ ਨੇ ਬੇ-ਵਕਤ ਉਦੋਂ ਐਜੀਟੇਸ਼ਨ ਸ਼ੁਰੂ ਕਰਕੇ ਜਿਹੜੀ ਕਿ ਇਨ੍ਹਾਂ ਦੇ ਆਪਣੇ ਕੰਟਰੋਲ ਵਿਚ ਨਾ ਰਹੀ ਅਤੇ ਉਸ ਨੇ ਐਸੇ ਹਾਲਾਤ ਪੈਦਾ ਕਰ ਦਿਤੇ ਜਿਸ ਕਰਕੇ ਹਾਊਸ ਨੂੰ ਸਸਪੈਂਡ ਕੀਤਾ ਗਿਆ ਕੁਝ ਅਰਸੇ ਵਾਸਤੇ। ਪਰ ਸਰਕਾਰ ਡੈਮੋਕਰੈਟਿਕ ਨਹੀਂ ਬਣ ਸਕੀ ਔਰ ਲੋਕਾਂ ਨੂੰ ਨੁਕਸਾਨ ਹੋਇਆ। ਲੋਕਾਂ ਦਾ ਕੋਈ ਅਸੀਂ ਫਾਇਦਾ ਨਹੀਂ ਕਰ ਸਕੇ। ਜੇਕਰ ਤੁਹਾਨੂੰ ਯਾਦ ਹੋਵੇਗਾ ਐਨੇ ਕਤਲ ਹੋਏ ਜਿਹੜੇ ਕਿ ਕਦੇ ਵੀ ਪੰਜਾਬ ਵਿਚ ਪਹਿਲਾਂ ਨਹੀਂ ਹੋਏ ਔਰ ਸ਼ਾਇਦ ਦੇਸ਼ ਦੇ ਕਿਸੇ ਹਿੱਸੇ ਵਿਚ ਐਨੇ ਨਾ ਹੋਏ ਹੋਣ ਜਿਸ ਦੇ ਨਤੀਜੇ ਦੇ ਤੌਰ ਤੇ ਜਿਹੜਾ ਲੋਕਾਂ ਨੇ ਸਾਡੇ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਓਮ ਪ੍ਰਕਾਸ਼ ਗੁਪਤਾ]

ਵਿਚ ਕਾਨਫੀਡੈਂਸ ਰੱਖਿਆ ਉਨ੍ਹਾਂ ਨੂੰ ਸਾਡੇ ਪ੍ਰਤੀ ਸ਼ੰਕੇ ਪੈਦਾ ਹੋ ਗਏ। ਐਕਸਚੈਕਰ ਤੇ ਬੋਝ ਪਿਆ ਔਰ ਉਸ ਦੀ ਕੋਈ ਯੂਟੇਲਿਟੀ ਨਹੀਂ ਹੋਈ। ਉਸ ਦੀ ਜ਼ਿੰਮੇਵਾਰੀ ਸਾਰੀ ਦੀ ਸਾਰੀ ਸ਼੍ਰੋਮਣੀ ਅਕਾਲੀ ਦਲ ਤੇ ਸੀ। ਇਨ੍ਹਾਂ ਨੇ ਐਸੀ ਐਜੀਟੇਸ਼ਨ ਕੀਤੀ, ਕਤਲੇਆਮ ਹੋਣੇ ਸ਼ੁਰੂ ਹੋ ਗਏ। ਸੰਤ ਲੌਂਗੋਵਾਲ ਸਾਹਿਬ ਦਾ ਦਿਹਾਂਤ ਹੋਇਆ ਔਰ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਬੇ-ਵਕਤ ਕਤਲ ਕਰ ਦਿਤਾ ਗਿਆ। ਇਸ ਦੇ ਨਤੀਜੇ ਵਜੋਂ 1/11 ਤੋਂ ਲੈ ਕੇ 2-3 ਤਰੀਖ ਤਕ ਸਾਡੇ ਸਿੱਖ ਭਰਾ ਹਿੰਦੁਸਤਾਨ ਭਰ ਵਿਚ ਬੇ-ਗੁਨਾਹ ਮਾਰੇ ਗਏ। ਇਸ ਤਰ੍ਹਾਂ ਦੇ ਹਾਲਾਤ ਪੈਦਾ ਹੋਏ। ਡਿਪਟੀ ਸਪੀਕਰ ਸਾਹਿਬ, ਮੈਂ ਬੇਨਤੀ ਕਰਨ ਲੱਗਾ ਹਾਂ ਕਿ ਹੁਣ ਫਿਰ ਜੋ ਡੈਮੋਕ੍ਰੇਟਿਕ ਤਰੀਕੇ ਨਾਲ ਸਰਕਾਰ ਬਣੀ ਹੈ। ਵੋਟਰਾਂ ਨੇ ਅਕਾਲੀ ਦਲ ਨੂੰ ਇਲੈਕਸ਼ਨਜ਼ ਵਿਚ ਮੈਜਾਰਿਟੀ ਦਿਤੀ ਹੈ ਔਰ ਹਿੰਦੂ ਸਿੱਖ ਸਾਰਿਆਂ ਨੇ ਅਕਾਲੀ ਦਲ ਨੂੰ ਵੋਟਾਂ ਪਾਈਆਂ ਹਨ। ਇਨ੍ਹਾਂ ਨੂੰ ਇਕੱਲੇ ਸਿੱਖਾਂ ਨੇ ਵੋਟਾਂ ਨਹੀਂ ਪਾਈਆਂ। ਹਿੰਦੂ ਔਰ ਸਿੱਖਾਂ ਨੇ ਸਾਰਿਆਂ ਨੇ ਇਨ੍ਹਾਂ ਦੀ ਪਾਰਟੀ ਵਿਚ ਆਪਣਾ ਕਾਨਫੀਡੈਂਸ ਇੰਪੋਜ਼ ਕੀਤਾ ਹੈ। ਇਹ ਇਸ ਕਰਕੇ ਸਾਰਿਆਂ ਨੇ ਇਨ੍ਹਾਂ ਨੂੰ ਵੋਟਾਂ ਪਾਈਆਂ ਹਨ ਤਾਂਕਿ ਇਹ ਅਕਾਰਡ ਤੇ ਚਲਣਗੇ ਔਰ ਪੰਜਾਬ ਅੰਦਰ ਸ਼ਾਂਤੀ ਲਿਆਉਣਗੇ। ਮਗਰ ਇਥੇ ਉਸ ਦੇ ਬਰਅਕਸ ਹੁੰਦਾ ਜਾ ਰਿਹਾ ਹੈ। ਇਸ ਲਈ ਕੌਣ ਜ਼ਿੰਮੇਵਾਰ ਹੈ ? ਇਹ ਸਰਕਾਰ ਦਾ ਕੰਮ ਹੈ ਇਸ ਗੱਲ ਨੂੰ ਘੋਖੇ। ਮਗਰ ਜੋ ਪਬਲਿਕ ਕਹਿੰਦੀ ਹੈ ਉਹ ਇਹ ਹੈ ਕਿ ਸ਼ੰਕਾ ਪੈਦਾ ਹੋ ਰਿਹਾ ਹੈ ਕਿ ਸਰਕਾਰ ਹੀ ਆਪ ਇਹ ਸਭ ਕੁਝ ਕਰਾ ਰਹੀ ਹੈ। ਇਹ ਇਲਜ਼ਾਮ ਬੜਾ ਭੈੜਾ ਹੈ ਜੋ ਕਿ ਇਨ੍ਹਾਂ ਤੇ ਲੱਗ ਰਿਹਾ ਹੈ। ਐਸੇ ਹਾਲਾਤ ਨਾ ਪੈਦਾ ਹੋ ਜਾਣ, ਅਗੇ ਵੀ ਦੋ ਢਾਈ ਸਾਲ ਹਾਊਸ ਸਸਪੈਂਡ ਰਿਹਾ ਹੈ, ਅਤੇ ਹੁਣ ਵੀ ਐਸੇ ਹਾਲਾਤ ਪੈਦਾ ਨਾ ਹੋ ਜਾਣ। (ਵਿਘਨ) ਕਾਂਗਰਸ ਪਾਰਟੀ ਬਿਲਕੁਲ ਨਹੀਂ ਚਾਹੁੰਦੀ। ਇਹ ਤੁਸੀਂ ਚਾਹੁੰਦੇ ਹੋ। ਮੈਂ ਅਰਜ਼ ਕਰ ਰਿਹਾ ਹਾਂ, ਡਿਪਟੀ ਸਪੀਕਰ ਸਾਹਿਬ, ਕਿ ਇਨ੍ਹਾਂ ਨੇ ਹਾਲਾਤ ਕੰਟਰੋਲ ਨਹੀਂ ਕੀਤੇ ਹਨ। ਜੇਕਰ ਇਸ ਤਰ੍ਹਾਂ ਹੀ 6-6, 4-4 ਔਰ 2-2 ਕਤਲ ਹੁੰਦੇ ਰਹੇ, ਬੈਂਕ ਲੁਟਦੇ ਰਹੇ, ਕੈਸ਼ੀਅਰ ਲੁਟਦੇ ਰਹੇ, ਸਕੂਟਰ ਖੋਂਹਦੇ ਰਹੇ, ਕਾਰਾਂ ਖੋਹੀਆਂ ਜਾਂਦੀਆਂ ਰਹੀਆਂ ਔਰ ਲਾਅ ਐਂਡ ਆਰਡਰ ਨੂੰ ਇਹ ਕੰਟਰੋਲ ਨਾ ਕਰ ਸਕੇ ਫਿਰ ਤਾਂ ਨੈਚੁਰਲੀ ਕੋਈ ਨਾ ਕੋਈ ਤਾਕਤ ਆਏਗੀ ਜੋ ਕਿ ਰੈਸਕਿਊ ਕਰ ਸਕੇ। ਤੁਹਾਨੂੰ ਯਾਦ ਹੋਵੇਗਾ ਕਿ ਆਨਰੇਬਲ ਚੀਫ ਮਨਿਸਟਰ ਸਾਹਿਬ ਨੇ ਬਿਆਨ ਦਿੱਤਾ ਸੀ ਕਿ ਜੇਕਰ ਲਾਅ ਐਂਡ ਆਰਡਰ ਤੇ ਕੰਟਰੋਲ ਨਹੀਂ ਹੋਏਗਾ ਜੇਕਰ ਕਤਲ ਬੰਦ ਨਹੀਂ ਹੋਣਗੇ ਤਾਂ ਫੌਜੀ ਰੂਲ ਆ ਜਾਵੇਗਾ। ਇਹ ਇਨ੍ਹਾਂ ਨੇ ਆਪ ਕਿਹਾ ਹੈ। ਇਨ੍ਹਾਂ ਨੂੰ ਪਤਾ ਹੈ ਕਿ ਅੰਦਰੋਂ ਇਹ ਕਮਜ਼ੋਰ ਹਨ। ਇਹ ਸਾਰੀ ਗੱਲ ਨੂੰ ਜਾਣਦੇ ਹਨ। ਮੈਂ ਹੈਰਾਨ ਹਾਂ ਜਦੋਂ ਗਵਰਨਰ ਸਾਹਿਬ ਦੇ ਐਡਰੈਸ ਤੇ ਡੀਬੇਟ ਆਈ ਤਾਂ ਅਸੀਂ ਸਮਝਦੇ ਸੀ ਕਿ ਮੁੱਖ ਮੰਤਰੀ ਸਾਡੇ ਬਹੁਤ ਅੱਛੇ ਹਨ, ਬਹੁਤ ਤਕੜੇ ਵੀ ਲਗਦੇ ਹਨ ਪਰ ਜਿਹੜਾ ਇਨ੍ਹਾਂ ਨੇ ਜਵਾਬ ਦਿੱਤਾ ਉਹ ਤਕੜੇ ਮੁੱਖ ਮੰਤਰੀ ਵਾਲਾ ਜਵਾਬ ਨਹੀਂ ਸੀ। ਇਹ ਇੰਡੀਅਨ ਐਕਸਪ੍ਰੈਸ ਵਿਚ 8 ਤਾਰੀਖ ਨੂੰ ਆਇਆ ਹੈ। ਮੈਂ ਉਸ ਵਿਚੋਂ ਦੋ ਲਾਈਨਾਂ ਪੜ੍ਹ ਕੇ ਸੁਣਾਉਂਦਾ ਹਾਂ :—

The heading is ; C.M. links peace to security of Sikhs'. ਹਿੰਦੂ ਸਿੱਖ ਸਾਰਿਆਂ ਨੂੰ ਮਿਲਾ ਕੇ ਗੱਲ ਕਰਨੀ ਚਾਹੀਦੀ ਹੈ। ਹਿੰਦੂਆਂ ਜਿਨ੍ਹਾਂ ਨੇ ਇਨ੍ਹਾਂ ਨੂੰ ਵੋਟਾਂ ਪਾਈਆਂ ਹਨ ਉਨ੍ਹਾਂ ਬਾਰੇ ਕੁਝ ਨਹੀਂ ਕਿਹਾ ਗਿਆ ਹੈ। ਦੂਸਰੇ ਕਿਹਾ ਹੈ :—

"The Punjab Chief Minister, Mr. Surjit Singh Barnala, today said peace in Punjab depended on the security of Sikhs living in the rest of the country.

Original with;
Punjab Vidhan Sabha
Digitized by;
Panjab Digital Library

Replying to the three-day debate on the motion of thanks on the Governor's address in the Vidhan Sabha, Mr. Barnala said, the situation in Punjab would improve if it improved in the country as a whole.

He said continued atrocities on Sikhs elsewhere had their reaction in Punjab."

ਇਹ ਬਹੁਤ ਦਲੇਰ ਅਤੇ ਐਨੇ ਮੈਜਾਰਿਟੀ ਵਾਲੇ ਚੀਫ ਮਨਿਸਟਰ ਵਾਸਤੇ ਸ਼ੋਭਾ ਨਹੀਂ ਦਿੰਦਾ ਕਿ ਉਹ ਇਕੱਲੇ ਸਿੱਖਾਂ ਦੀ ਗੱਲ ਕਰਨ। ਤੁਸੀਂ ਦੇਖਦੇ ਹੋ ਅਤੇ ਸਾਰਾ ਵਰਲਡ ਵੇਖਦਾ ਹੈ ਕਿ ਇਸ ਵੇਲੇ ਸਿੱਖ ਅੰਡਰ ਪੀਸ ਸਰਕਮਸਟਾਂਸਿਜ਼ ਵਿਚ ਰਹੇ ਹਨ। ਮੈਨੂੰ ਯਾਦ ਹੈ ਕਿ ਇਕ ਨਵੀਂ ਸਕੀਮ ਸਿੱਖ ਪਰਵਾਸੀ ਚਲਾਈ ਸੀ। ਬਹੁਤ ਸਾਰੇ ਸਰਟੀਫਿਕੇਟਸ ਇਸ਼ੂ ਕੀਤੇ ਹਨ। ਉਹ ਕਾਰਾਂ ਲੈ ਕੇ ਮੇਰੇ ਕੋਲ ਆਏ ਸਰਟੀਫਿਕੇਟ ਲੈਣ ਵਾਸਤੇ, ਉਹ ਚੰਗੇ ਅਮੀਰ ਖਾਂਦੇ ਪੀਂਦੇ ਘਰ ਦੇ ਬੰਦੇ ਸਨ। ਉਹ ਨਹੀਂ ਚਾਹੁੰਦੇ ਕਿ ਇਥੇ ਆਕੇ ਵਸਣ। ਪਰ ਉਸ ਪਿਛੇ ਇਨ੍ਹਾਂ ਦੀ ਬੈਕਗਰਾਉਂਡ ਕੰਮ ਕਰ ਰਹੀ ਹੈ। ਐਕਸੋਡਸ ਕਰ ਦਿਤਾ ਜਾਏ। ਇਹ ਚਾਹੁੰਦੇ ਹਨ ਕਿ ਅਦਲਾ ਬਦਲੀ ਹੋਵੇ। ਸਿੱਖ ਇੱਧਰ ਆ ਜਾਣ। ਇਨ੍ਹਾਂ ਨੇ ਰੌਲਾ ਪਾਇਆ ਲੋਕ ਸਮਝਣ ਲੱਗੇ ਕਿ ਸ਼ਾਇਦ ਕੋਈ ਹੋਰ ਗੱਲ ਹੋਣ ਵਾਲੀ ਹੈ। ਦਿੱਲੀ ਵਿਚ ਅਨਫਾਰਚੂਨੇਟਲੀ ਕਤਲ ਹੋਏ। ਹਾਲਾਂ ਕਿ ਉਹ ਐਨੇ ਕਤਲ ਨਹੀਂ ਸਨ ਜਿੰਨੇ ਕਿ ਇਨ੍ਹਾਂ ਨੇ ਐਗਜ਼ੇਗਰੇਸ਼ਨ ਕਰਕੇ ਫਿੱਗਰਾਂ ਦਿਤੀਆਂ। ਇਹ ਉਧਰ ਦੇ ਸਿੱਖਾਂ ਨੂੰ ਇਧਰ ਲਿਆਉਣ ਵਾਸਤੇ ਇਸ ਤਰ੍ਹਾਂ ਕੀਤਾ ਗਿਆ। ਕੋਈ ਉਧਰ ਦੇ ਸਿਖ ਇਧਰ ਆਉਣ ਨੂੰ ਤਿਆਰ ਨਹੀਂ ਹਨ ਉਥੇ ਹਿੰਦੂ ਔਰ ਸਿਖ ਰਲ ਕੇ ਆਪਣਾ ਕੰਮ ਕਾਜ ਕਰ ਰਹੇ ਹਨ। ਇਸ ਪਿਛੇ ਬੈਕਗਰਾਉਂਡ ਹੈ ਜੋ ਕਿ ਆਨੰਦਪੁਰ ਸਾਹਿਬ ਦੇ ਮਤੇ ਤੇ ਬੇਸ ਕਰਦੀ ਹੈ। ਇਨ੍ਹਾਂ ਨੇ ਇਹ ਨਹੀਂ ਦੇਖਿਆ ਕਿ ਇਥੇ ਸੈਕੂਲਰ ਸਟੇਟ ਹੈ। ਹਿੰਦੂ ਸਿਖ ਇਥੇ ਬਰਾਬਰ ਬਰਾਬਰ ਹਨ। 45 ਔਰ 55% ਵਿਚ ਕੋਈ ਬਹੁਤਾ ਫਰਕ ਨਹੀਂ ਹੈ।

**ਸਰਦਾਰ ਇੰਦਰਜੀਤ ਸਿੰਘ ਜ਼ੇਜੀ** : ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ**: ਅਕਾਲੀ ਸਿੱਖ 15% ਹਨ ਅਤੇ ਬਾਕੀ ਦੇ ਸਿੱਖ ਕਾਂਗਰਸ ਨਾਲ ਹਨ ਜਾਂ ਹਰੀਜਨਾਂ ਨਾਲ ਹਨ (ਵਿਘਨ) (ਸ਼ੋਰ)

**ਸਰਦਾਰ ਗੋਬਿੰਦ ਸਿੰਘ ਕਾਂਝਲਾ**: ** **

**ਸ਼੍ਰੀ ਡਿਪਟੀ ਸਪੀਕਰ** : ਇਹ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਰਾਜਿੰਦਰ ਸਿੰਘ ਧਾਲੀਵਾਲ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਇਕ ਬੜਾ ਐਗਰੀਮੈਂਟ ਹੋਇਆ ਜਿਸ ਨੂੰ ਅਸੀਂ ਪੰਜਾਬ ਦਾ ਅਕਾਰਡ ਕਹਿੰਦੇ ਹਾਂ। ਜਿਹੜਾ ਕਿ ਸੰਤ ਜੀ ਅਤੇ ਰਾਜੀਵ ਗਾਂਧੀ ਨੇ ਕੀਤਾ। ਇਹ ਇਕ ਬੜਾ ਹੀ ਅੱਛਾ ਡਾਕੂਮੈਂਟ ਹੈ ਅਤੇ ਬਹੁਤ ਹੀ ਅੱਛਾ ਐਗਰੀਮੈਂਟ ਹੈ। ਉਸ ਦੇ ਉਤੇ ਹੁਣ ਰੌਲਾ ਪਾਇਆ ਜਾ ਰਿਹਾ ਹੈ ਅਤੇ ਕਹਿੰਦੇ ਹਨ ਕਿ ਜੋ ਅਕਾਲੀ ਸਰਕਾਰ ਦਲ ਕਹਿੰਦਾ ਹੈ ਉਹੀ ਗੱਲ ਹੋ ਜਾਣੀ ਚਾਹੀਦੀ ਹੈ ਬਾਕੀ ਭਾਵੇਂ ਖੂਹ ਢੱਠੇ ਵਿਚ ਪੈਣ। ਐਗਰੀਮੈਂਟ ਦੋ ਪਾਰਟੀਆਂ ਦੇ ਵਿਚਕਾਰ ਹੁੰਦਾ ਹੈ ਅਤੇ ਉਸ ਐਗਰੀਮੈਂਟ ਦੀਆਂ ਜੋ ਟਰਮਜ਼ ਹੁੰਦੀਆਂ ਹਨ ਉਸ ਦੇ ਮੁਤਾਬਿਕ ਦੋਨਾਂ ਪਾਰਟੀਆਂ ਨੇ ਚੱਲਣਾ ਹੁੰਦਾ ਹੈ। ਸਾਡੇ ਪ੍ਰਾਈਮ ਮਨਿਸਟਰ ਆਨੈਸਟਲੀ ਚਾਹੁੰਦੇ ਹਨ ਅਤੇ ਉਨ੍ਹਾਂ ਨੇ ਆਨੈਸਟਲੀ ਐਗਰੀ-ਮੈਂਟ ਕੀਤਾ ਕਿ ਇਹ ਸਾਰਾ ਲਾਗੂ ਕਰਨਾ ਹੈ। ਮਗਰ ਜੇ ਕੋਈ ਰਸਤੇ ਵਿਚ ਰੁਕਾਵਟ ਪਾਏ ਤਾਂ ਠੀਕ ਨਹੀਂ ਹੈ। ਇਹ ਸਰਕਾਰ ਆਪਣੇ ਆਦਮੀਆਂ ਕੋਲੋਂ ਡਰਦੀ ਹੋਈ ਇਹ ਨਹੀਂ ਕਰਨਾ ਚਾਹੁੰਦੀ ਬਹਾਨੇ ਨਾਲ ਰੁਕਾਵਟਾਂ ਪਾਉਂਦੇ ਹਨ ਜਿਸ੍ਹ ਕਰਕੇ ਫੈਸਲੇ ਜਲਦੀ ਨਹੀਂ ਹੁੰਦੇ। ਅੱਜ ਇਹ ਚੀਜ਼ ਤੁਹਾਡੇ ਸਾਹਮਣੇ ਹੈ। ਐਗਰੀਮੈਂਟ ਦੀਆਂ ਕਲਾਜ਼ਾਂ ਹਨ। ਉਨ੍ਹਾਂ ਕਲਾਜਾਂ ਨੂੰ ਅੱਧੀਆਂ ਨੂੰ ਕਹੋ ਕਿ ਮੰਨਣਾ ਹੈ ਅਤੇ ਅੱਧੀਆਂ ਨੂੰ ਨਹੀਂ ਮੰਨਣਾ, ਤਾਂ ਇਹ ਗੱਲ ਠੀਕ ਨਹੀਂ ਹੈ। ਅਸੀਂ ਚਾਹੁੰਦੇ ਹਾਂ ਕਿ ਚੰਡੀਗੜ੍ਹ ਪੰਜਾਬ ਨੂੰ ਫੌਰਨ ਆ ਜਾਣਾ ਚਾਹੀਦਾ ਹੈ। (ਵਿਘਨ) ਜਿਨ੍ਹਾਂ ਨੇ ਐਗਰੀ-ਮੈਂਟ ਕੀਤਾ ਹੈ, ਤੁਸੀਂ ਉਨ੍ਹਾਂ ਨੂੰ ਪੁੱਛੋ। ਰਸਤੇ ਵਿਚ ਜਾਣ ਬੁੱਝ ਕੇ ਰੁਕਾਵਟਾਂ ਪਾਈਆਂ ਜਾਂਦੀਆਂ ਹਨ। ਪਿੰਡ ਕਿੰਨੇ ਦੇਣੇ ਹਨ, ਇਕ ਛੋਟੀ ਜਿਹੀ ਗੱਲ ਹੈ। ਚੰਡੀਗੜ੍ਹ ਵੀ ਹਿੰਦੁਸਤਾਨ ਦਾ ਹਿੱਸਾ ਹੈ, ਪਿੰਡ ਵੀ ਹਿੰਦੁਸਤਾਨ ਦੇ ਹਿੱਸੇ ਹਨ। ਸਾਰਿਆਂ ਨੇ ਇਥੇ ਰਹਿਣਾ ਹੈ। ਕੰਨਿਆ ਕੁਮਾਰੀ ਤੋਂ ਕਸ਼ਮੀਰ ਤੱਕ ਲੋਕ ਇਥੇ ਆਉਂਦੇ ਹਨ ਅਤੇ ਉਥੇ ਜਾਂਦੇ ਹਨ ਕੋਈ ਕਿਸੇ ਨੂੰ ਨਹੀਂ ਰੋਕਦਾ। ਸੋ ਐਸੀ ਕੋਈ ਗੱਲ ਨਹੀਂ ਹੈ। ਝਗੜਾ ਦੂਰ ਕਰਨ ਲਈ ਇਨ੍ਹਾਂ ਨੂੰ ਫਰਾਖਦਿਲੀ ਦਿਖਾਉਣੀ ਚਾਹੀਦੀ ਹੈ। ਜਿੰਨੀ ਜਲਦੀ ਹੋ ਸਕੇ ਫੈਸਲਾ ਕਰ ਦੇਣਾ ਚਾਹੀਦਾ ਹੈ। ਮੁਸੀਬਤ ਪੰਜਾਬ ਨੂੰ ਪੈਂਦੀ ਹੈ।

**ਸਰਦਾਰ ਬਲਵੰਤ ਸਿੰਘ ਸਰਹਾਲ** : ** ** **

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਕੋਈ ਅੱਛਾ ਸਿਸਟਮ ਹੋਣਾ ਚਾਹੀਦਾ ਹੈ ਮਗਰ ਲੜਾਈ ਝਗੜਾ ਨਹੀਂ ਕਰਨਾ ਚਾਹੀਦਾ। ਝਗੜੇ ਵਾਲੀ ਗੱਲ ਨਹੀਂ ਕਰਨੀ ਚਾਹੀਦੀ। ਹੁਣ ਚੰਡੀਗੜ੍ਹ ਨਾਲ ਪਿੰਡ ਲਿੰਕ ਕਰਦੇ ਹਨ। ਗੱਲ ਖਤਮ ਕਰਨੀ ਚਾਹੀਦੀ ਹੈ। ਅਤੇ ਝਗੜਾ ਨਹੀਂ ਕਰਨਾ ਚਾਹੀਦਾ। ਇਹ ਚੰਡੀਗੜ੍ਹ ਦੀ ਗੱਲ ਕਰਦੇ ਹੋਏ ਕਹਿੰਦੇ ਹਨ ਕਿ ਜੇ ਚੰਡੀਗੜ੍ਹ ਨਾ ਮਿਲਿਆ ਤਾਂ ਪੀਸ ਨਹੀਂ ਹੋਵੇਗੀ। (ਵਿਘਨ) ਇਸ ਤਰ੍ਹਾਂ ਦੀ ਸਟੇਟਮੈਂਟ ਚੀਫ ਮਨਿਸਟਰ ਨੇ ਦਿਤੀ ਹੈ। ਇਹ ਗਲਤ ਗੱਲ ਹੈ। ਅੱਜ ਹਿੰਦੁਸਤਾਨ ਦੇ ਕਿਸੇ ਹਿਸੇ ਵਿਚ ਸਿੱਖ ਨੂੰ ਕੋਈ ਤਕਲੀਫ ਨਹੀਂ ਹੈ। ਇਹ ਗਲਤ ਇੰਪਰੈਸ਼ਨ ਦਿੰਦੇ ਹਨ ਕਿ ਹੋਰ ਕਤਲ ਕਰੋ ਹਿੰਦੂ ਨੂੰ ਕਤਲ ਕਰ ਦਿਓ.........

**ਸ੍ਰੀ ਨੁਸਰਤ ਅਲੀ ਖਾਨ** : ਹਿੰਦੂ ਸਿੱਖ ਭਾਈ ਭਾਈ ਹਨ, ਇਹ ਐਵੇਂ ਇਸ ਤਰ੍ਹਾਂ ਦੀਆਂ ਗੱਲਾਂ ਕਰਕੇ ਫਿਜ਼ਾ ਨੂੰ ਖਰਾਬ ਕਰਨਾ ਚਾਹੁੰਦੇ ਹਨ। ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ।

**ਸ੍ਰੀ ਓਮ ਪ੍ਰਕਾਸ ਗੁਪਤਾ**: ਮੈਂ ਵਿਸ਼ੇ ਨੂੰ ਬਦਲ ਦਿੰਦਾ ਹਾਂ। ਲੈਜਿਸਲੇਟਰਜ਼ ਦੀ ਅਕਾਂਉਂਟੇ-ਬਿਲਿਟੀ ਹੈ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਵੰਤ ਸਿੰਘ ਸਰਹਾਲ** : ਇਨ੍ਹਾਂ ਨੇ ਕਿਹਾ ਹੈ ਕਿ ਚੰਡੀਗੜ੍ਹ ਨਾਲ ਪਿੰਡਾਂ ਦਾ ਮਸਲਾ ਜੋੜਦੇ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਅਬੋਹਰ, ਫਾਜ਼ਿਲਕਾ ਹਰਿਆਣਾ ਨੂੰ ਦੇਣਾ ਚਾਹੁੰਦੇ ਹਨ, ਜੇ ਇਹ ਹਰਿਆਣਾ ਨੂੰ ਦੇਣਾ ਚਾਹੁੰਦੇ ਹਨ ਤਾਂ ਇਹ ਸਪੱਸ਼ਟ ਕਹਿ ਦੇਣ ?

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਨਹੀਂ ਦੇਣਾ ਚਾਹੁੰਦੇ। ਮੈਂ ਲੈਜਿਸਲੇਟਰਜ਼ ਦੇ ਬਾਰੇ ਕਹਿ ਰਿਹਾ ਸੀ। ਚੀਫ਼ ਮਨਿਸਟਰ ਸਾਹਿਬ, ਸਾਡੀ ਪਾਰਟੀ ਦੇ ਲੀਡਰ ਅਤੇ ਅਸੀਂ ਸਾਰੇ ਲੈਜਿਸਲੇਟਰਜ਼ ਈਮਾਨ-ਦਾਰੀ ਨਾਲ ਕੰਮ ਕਰਨਾ ਚਾਹੁੰਦੇ ਹਾਂ ਅਤੇ ਹਰ ਇਕ ਦੀ ਇਹੀ ਖਾਹਿਸ਼ ਹੈ। ਫਿਰ ਇਸ ਵਿਚ ਰੋਟੀ ਪਾਣੀ ਦੀ ਗੱਲ ਆ ਜਾਂਦੀ ਹੈ। ਬੇਨਤੀ ਇਹ ਹੈ ਕਿ ਇਹ ਜਿਹੜਾ 500 ਰੁਪਿਆ ਅਲਾਊਂਸ ਹੈ, ਇਹ ਬਹੁਤ ਹੀ ਥੋੜ੍ਹਾ ਹੈ। ਪਾਰਲੀਮੈਂਟ ਨੇ 2,000 ਰੁਪਏ ਕੀਤਾ ਹੈ ਅਤੇ ਉਨ੍ਹਾਂ ਨੇ ਸੌ ਰੁਪਏ ਡੇਲੀ ਖਰਚਾ ਕਰ ਦਿੱਤਾ ਹੈ ਅਤੇ ਹੋਰ ਵੀ ਕਈ ਵਧਾ ਦਿੱਤੇ ਹਨ। (ਵਿਘਨ) ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੂੰ ਤਾਂ ਰੁਝਾਨ ਬਹੁਤ ਹੈ ਪਰ ਇਹ ਵੈਲਫੇਅਰ ਅਤੇ ਡਿਵੈਲਪਮੈਂਟ ਵਾਲੇ ਪਾਸੇ ਨਹੀਂ ਚੱਲਦੇ। ਇਹ ਤੁਸੀਂ ਦੇਖ ਲਵੋ ਮੈਂਬਰ ਵਾਸਤੇ ਜਿਹੜਾ ਕਾਰਾਂ ਦਾ ਕੀਤਾ ਹੈ, ਕਾਰਾਂ ਦੀਆਂ ਕੀਮਤਾਂ ਕਿੰਨੀਆਂ ਵਧ ਗਈਆਂ ਹਨ।

ਇਕ ਬਹੁਤ ਵੱਡੀ ਮੁਸ਼ਕਲ ਜਿਹੜੀ ਐਮ. ਐਲ. ਏ. ਸਾਹਿਬਾਨ ਨੂੰ ਪੇਸ਼ ਆਉਂਦੀ ਹੈ ਉਹ ਇਹ ਹੈ ਕਿ ਅਸੀਂ ਤਾਂ ਜਾ ਕੇ ਪੰਜਾਬ ਭਵਨ ਵਿਚ ਠਹਿਰ ਸਕਦੇ ਹਾਂ, ਅਫਸਰ ਉਥੇ ਠਹਿਰ ਸਕਦੇ ਹਨ, ਅਫਸਰਾਂ ਦੇ ਨਿਆਣੇ ਠਹਿਰ ਸਕਦੇ ਹਨ ਪਰ ਸਾਡੇ ਨਿਆਣੇ ਉਥੇ ਜਾ ਕੇ ਨਹੀਂ ਠਹਿਰ ਸਕਦੇ। ਜੇ ਸਾਡੇ ਬੱਚੇ ਜਾਂ ਘਰ ਵਾਲੀ ਨੇ ਉਥੇ ਠਹਿਰਨਾ ਹੋਵੇ ਤਾਂ ਉਹ ਨਹੀਂ ਠਹਿਰ ਸਕਦੇ। ਉਨ੍ਹਾਂ ਨੂੰ ਉਥੇ ਜਗ੍ਹਾ ਨਹੀਂ ਮਿਲਦੀ ਪਰ ਜੇ ਮਿਲਦੀ ਹੈ ਤਾਂ ਡੇਢ ਸੌ ਰੁਪਏ ਰੋਜ਼ ਤੇ ਜਗ੍ਹਾ ਮਿਲਦੀ ਹੈ।

**ਵਿੱਤ ਮੰਤਰੀ** (ਬੈਠੇ, ਬੈਠੇ) : ਇਹ ਤੁਸੀਂ ਕੀਤਾ ਹੈ।

**ਸ੍ਰੀ ਓਮ ਪ੍ਰਕਾਸ਼ ਗੁਪਤਾ** : ਤੁਸੀਂ ਇਸ ਨੂੰ ਠੀਕ ਕਰ ਦਿਓ।

ਇਨ੍ਹਾਂ ਨੇ ਐਡਮਨਿਸਟਰੇਸ਼ਨ ਆਫ ਜਸਟਿਸ ਦੀ ਗੱਲ ਕੀਤੀ ਹੈ। ਉਸ ਬਾਰੇ ਡੀਮਾਂਡ ਸਾਹਮਣੇ ਹੈ। ਇਸ ਬਾਰੇ ਇਹ ਜਵਾਬ ਦੇਣਗੇ। ਬੇਨਤੀ ਇਹ ਹੈ ਕਿ ਜਸਟਿਸ ਬੜਾ ਮਹਿੰਗਾ ਹੁੰਦਾ ਜਾ ਰਿਹਾ ਹੈ। ਵਕੀਲ ਵੀ ਸਾਹ ਨਹੀਂ ਲੈਂਦੇ। ਮੇਰੇ ਇਥੇ ਕਈ ਵੀਰ ਵਕੀਲ ਹਨ, ਉਹ ਮੈਨੂੰ ਮੁਆਫ ਕਰਨ। ਵਕੀਲਾਂ ਦੀਆਂ ਫੀਸਾਂ ਬਹੁਤ ਹਨ। ਗਰੀਬ ਆਦਮੀ ਇਨਸਾਫ ਨਹੀਂ ਲੈ ਸਕਦਾ। ਕੇਸਾਂ ਦੇ ਬਹੁਤ ਸਾਰੇ ਏਰੀਅਰਜ਼ ਕੋਰਟਸ ਵਿਚ ਪਏ ਹਨ। ਪੰਜ ਪੰਜ ਸਾਲ, ਦਸ ਦਸ ਸਾਲ, ਪੰਦਰਾਂ ਪੰਦਰਾਂ ਸਾਲ ਦੇ ਕੇਸਿਜ਼ ਪੈਂਡਿੰਗ ਪਏ ਹਨ। ਕਈ ਵਿਚਾਰੇ ਤਾਂ ਤਾਰੀਖ ਨਿਕਲਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ ਅਤੇ ਫਿਰ ਉਨ੍ਹਾਂ ਦੇ ਮੁੰਡੇ ਕੇਸ ਲੜਦੇ ਰਹਿੰਦੇ ਹਨ। ਇਸ ਪਾਸੇ ਸਾਡੀ ਸਰਕਾਰ ਨੂੰ ਸੋਚਣਾ ਚਾਹੀਦਾ ਹੈ। ਫ਼ਿਰ ਅਸ਼ਟਾਮ ਨਹੀਂ ਮਿਲਦੇ। ਤਿੰਨ ਰੁਪਏ ਦਾ ਅਸ਼ਟਾਮ 20 ਰੁਪਏ ਵਿਚ ਮਿਲਦਾ ਹੈ। ਬਲੈਕ ਵਿਚ ਮਿਲਦੇ ਹਨ। ਰੈਵੇਨਿਊ ਸਟੈਂਪ ਨਹੀਂ ਮਿਲਦੀ। ਬਹੁਤ ਸਾਰੀਆਂ ਚੀਜ਼ਾਂ ਨਹੀਂ ਮਿਲਦੀਆਂ। ਆਮ ਲੋਕਾਂ ਨੂੰ ਬਹੁਤ ਤਕਲੀਫ ਹੈ। 20 ਪੈਸੇ ਦਾ ਸਫੈਦ ਕਾਗਜ਼ ਨਹੀਂ ਮਿਲਦਾ।

**ਸਰਦਾਰ ਕੁਲਦੀਪ ਸਿੰਘ ਵਡਾਲਾ** : ਡਿਪਟੀ ਸਪੀਕਰ ਸਾਹਿਬ, ਇਹ ਮੈਂਬਰ ਸਾਹਿਬ ਬੋਲੀ ਜਾ ਰਹੇ ਹਨ, ਇਨ੍ਹਾਂ ਤੇ ਟਾਈਮ ਦੀ ਕੋਈ ਪਾਬੰਦੀ ਹੋਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਮੈਂ ਆਪਣਾ ਪੂਰਾ ਟਾਈਮ ਲਵਾਂਗਾ। ਲੇਬਰ ਕੋਰਟਸ ਵਿਚ ਬੜੇ ਕੇਸਿਜ਼ ਪੈਂਡਿੰਗ ਪਏ ਹਨ। ਉਨ੍ਹਾਂ ਦੇ ਫੈਸਲੇ ਛੇਤੀ ਨਹੀਂ ਹੁੰਦੇ। ਮਜ਼ਦੂਰ ਜਿਹੜਾ 10–15 ਰੁਪਏ ਰੋਜ਼ ਕਮਾਉਂਦਾ ਹੈ, ਉਨ੍ਹਾਂ ਦੇ ਕੇਸਿਜ਼ ਦੀ ਰਿਕਵਰੀ ਨਹੀਂ ਹੁੰਦੀ। ਡਿਗਰੀਆਂ ਹੋਈਆਂ ਪਈਆਂ ਹਨ ਪਰ ਕੋਈ ਫੈਸਲਾ ਨਹੀਂ ਕਰਦੇ। ਕੋਈ ਕਿਤਿਊਂ ਆਉਂਦਾ ਹੈ ਅਤੇ ਕੋਈ ਕਿਤਿਊਂ ਆਉਂਦਾ ਹੈ, ਉਨ੍ਹਾਂ ਨੂੰ ਬੜੀ ਤਕਲੀਫ ਹੈ। ਮੇਰੀ ਬੇਨਤੀ ਇਹ ਹੈ ਕਿ ਇਨ੍ਹਾਂ ਨੇ ਇਕ ਫੈਸਲਾ ਕੀਤਾ ਸੀ, ਸਰਕਾਰ ਨੇ ਕਿਸੇ ਵੇਲੇ ਇਕ ਫੈਸਲਾ ਕੀਤਾ ਸੀ ਕਿ ਲੀਗਲ ਸੈਲ ਬਣਾਇਆ ਜਾਵੇਗਾ ਤਾਂਕਿ ਜਿਹੜੇ ਸਾਥੀ ਚਾਹੁੰਦੇ ਹਨ, ਜਿਹੜੇ ਸ਼ਹਿਰਾਂ ਦੇ ਵਿਚ ਗਰੀਬ ਆਦਮੀ ਹਨ ਉਹ ਲੀਗਲ ਏਡ ਲੈ ਸਕਣ। ਮੇਰੀ ਬੇਨਤੀ ਹੈ ਕਿ ਇਸ ਤਰ੍ਹਾਂ ਦੇ ਲੀਗਲ ਸੈਲ ਹਰ ਡਿਸਟ੍ਰਿਕਟ ਵਿੱਚ ਬਣਾਉਣੇ ਚਾਹੀਦੇ ਹਨ ਅਤੇ ਉਥੇ ਕਾਬਲ ਵਕੀਲ ਮੁਕੱਰਰ ਕਰਨੇ ਚਾਹੀਦੇ ਹਨ ਤਾਂਕਿ ਗਰੀਬ ਆਦਮੀਆਂ ਦੀ ਉਹ ਮੱਦਦ ਕਰ ਸਕਣ। (ਘੰਟੀ) ਬਹੁਤ ਸਾਰੇ ਗਰੀਬ ਆਦਮੀ ਤਾਂ ਫੀਸ ਵੀ ਨਹੀਂ ਦੇ ਸਕਦੇ। ਇਸ ਲਈ ਮੇਰੀ ਬੇਨਤੀ ਹੈ ਕਿ ਸਰਕਾਰ ਨੂੰ ਇਸ ਪਾਸੇ ਜਲਦੀ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਇਕ ਬੇਨਤੀ ਰਿਹੈਬਲੀਟੇਸ਼ਨ ਦੇ ਬਾਰੇ ਵਿੱਚ ਕਰਨਾ ਚਾਹੁੰਦਾ ਹਾਂ। ਰੀਹੈਬਲੀਟੇਸ਼ਨ ਦਾ ਮਹਿਕਮਾ ਤਾਂ ਵਾਈਂਡ ਅਪ ਹੋ ਗਿਆ ਹੈ। ਇਸ ਦਾ ਡਿਪਟੀ ਕਮਿਸ਼ਨਰ ਇਨਚਾਰਜ ਹੋ ਗਿਆ ਹੈ। ਇਹ ਇਕ ਸਕੈਂਡਲ ਮਹਿਕਮਾ ਬਣ ਗਿਆ ਸੀ। ਇਸ ਗੱਲ ਦੀ ਜੇ ਇਨਕੁਆਇਰੀ ਕਰਵਾਓ ਤਾਂ ਪਤਾ ਲਗੇਗਾ ਕਿ ਇਸ ਮਹਿਕਮੇਂ ਵਿੱਚ ਕਿੰਨੀ ਧਾਂਦਲੀ ਮੱਚੀ ਹੋਈ ਹੈ। ਸਰਕਾਰ ਦੀ ਬਹੁਤ ਸਾਰੀ ਜ਼ਮੀਨ ਐਸੀ ਹੈ ਜਿਹੜੀ ਇਵੈਕਿਊ ਪ੍ਰਾਪਰਟੀ ਲਿਖਵਾ ਕੇ ਆਪਣੇ ਨਾਂ ਕਰਵਾ ਲਈਆਂ ਹਨ, ਲੋਕੀਂ ਉਨ੍ਹਾਂ ਜ਼ਮੀਨਾਂ ਤੇ ਰੀਹੈਬਲੀਟੇਟ ਹੋ ਗਏ ਹਨ। ਮੇਰਾ ਆਪਣਾ ਖਿਆਲ ਹੈ ਕਿ ਜੋ ਜ਼ਮੀਨਾਂ ਇਸ ਤਰ੍ਹਾਂ ਲੋਕਾਂ ਨੇ ਸਰਕਾਰ ਦੀਆਂ ਸਾਂਭੀਆਂ ਹੋਈਆਂ ਹਨ ਜੇ ਉਹ ਛੱਡਵਾ ਕੇ ਵੇਚੀਆਂ ਜਾਣ ਤਾਂ ਇਸ ਦੇ ਨਾਲ ਤਕਰੀਬਨ 200 ਕਰੋੜ ਰੁਪਿਆ ਸਰਕਾਰ ਨੂੰ ਆ ਸਕਦਾ ਹੈ। (ਘੰਟੀ) ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਪਾਸੇ ਵਲ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ ਅਤੇ ਇਨ੍ਹਾਂ ਵਿਚ ਦਰੁਸਤੀ ਲਿਆਉਣੀ ਚਾਹੀਦੀ ਹੈ।

**ਸ਼੍ਰੀ ਡਿਪਟੀ ਸਪੀਕਰ** : ਵਾਈਂਡ ਅਪ ਕਰੋ।

**ਸ਼੍ਰੀ ਓਮ ਪ੍ਰਕਾਸ਼ ਗੁਪਤਾ** : ਬੱਸ ਜੀ, ਇੱਕ ਗੱਲ ਮੈਂ ਲੇਬਰ ਲਾਜ਼ ਦੇ ਬਾਰੇ ਕਹਿਣੀ ਚਾਹੁੰਦਾ ਹਾਂ। ਜਿਹੜੇ ਸਾਡੇ ਲੇਬਰ ਲਾਜ਼ ਹਨ ਉਨ੍ਹਾਂ ਦੇ ਮੁਤਾਬਿਕ ਲੇਬਰ ਨੂੰ ਵੇਜਿਜ਼ 400 ਰੁਪਏ ਮਿਲਦੇ ਹਨ ਔਰ ਇਹ ਲਾਜ਼ 2 ਸਾਲ ਤੋਂ ਚਲ ਰਹੇ ਹਨ। ਕਿਸੇ ਵੀ ਸਰਕਾਰੀ ਮੁਲਾਜ਼ਮ ਦੀ ਇਤਨੀ ਘੱਟ ਤਨਖਾਹ ਨਹੀਂ ਹੈ, ਕੋਈ ਸਰਕਾਰੀ ਮਜ਼ਦੂਰ ਇਤਨੇ ਘੱਟ ਪੈਸੇ ਨਹੀਂ ਲੈਂਦਾ। ਅਜ ਕਿੰਨੇ ਸਾਲ ਹੋ ਗਏ ਹਨ ਲੇਬਰ ਦੇ ਵੇਜਿਜ਼ ਦੀ ਰਿਵੀਜ਼ਨ ਨਹੀਂ ਹੋਈ। ਮੈਂ ਉਨ੍ਹਾਂ ਦੇ ਲਈ ਕੋਈ ਫੈਸਿਲਟੀਜ਼ ਦੀ ਗੱਲ ਨਹੀਂ ਕਰਦਾ, ਉਨ੍ਹਾਂ ਦੇ ਮਿਨੀਮਮ ਵੇਜਿਜ਼ ਦੇ ਮੁਤੱਲਕ ਕਹਿਣਾ ਚਾਹੁੰਦਾ ਹਾਂ ਕਿ ਇਸ ਦੇ ਲਈ ਸਰਕਾਰ ਕੋਈ ਕਮੇਟੀ ਬਣਾਏ ਜਿਹੜੀ ਇਸ ਵੇਲੇ ਪ੍ਰਾਈਸ ਇੰਡੈਕਸ ਹੈ ਉਸ ਦੇ ਮੁਤਾਬਿਕ ਇਨ੍ਹਾਂ ਦੀਆਂ ਵੇਜਿਜ਼ ਦੇਖੇ। ਇਸ ਵੇਲੇ ਪ੍ਰਾਈਸਿਜ਼ ਕਿਸ ਤਰ੍ਹਾਂ ਸ਼ੂਟਅਪ ਹੋ ਗਈਆਂ ਹਨ। ਜੋ ਪ੍ਰਾਈਸ ਇੰਡੈਕਸ ਹੈ ਉਸ ਦੇ ਮੁਤਾਬਿਕ ਉਨ੍ਹਾਂ ਦੀਆਂ ਵੇਜਿਜ਼ ਮੁਕੱਰਰ ਹੋਣੀਆਂ ਚਾਹੀਦੀਆਂ ਹਨ। (ਘੰਟੀ) ਜਿਹੜੇ ਲੇਬਰ ਅਫਸਰ ਹਨ ਉਹ ਹਨ ਤਾਂ ਮਜ਼ਦੂਰਾਂ ਦੇ ਅਫਸਰ ਪਰ ਉਹ ਇੰਡਸਟਰੀਅਲਿਸਟਸ ਨਾਲ ਅਤੇ ਹੋਰ ਦੂਸਰਿਆਂ ਨਾਲ ਮਿਲੇ ਹੋਏ ਹਨ, ਉਨ੍ਹਾਂ ਨੂੰ ਮਜ਼ਦੂਰਾਂ ਦਾ ਕੋਈ ਧਿਆਨ ਨਹੀਂ। ਉਨ੍ਹਾਂ ਨੂੰ ਕੋਈ ਲੈਕਚਰ ਦਿਓ, ਕੋਈ ਸਕੂਲ ਟਰੇਨਿੰਗ ਦਿਓ ਤਾਕਿ ਜਿਹੜੇ ਲੇਬਰ ਡੀਪਾਰਟਮੈਂਟ ਦੇ

Original with;
Punjab Vidhan Sabha
Digitized by;
Panjab Digital Library

ਅਫਸਰ ਹਨ ਉਹ ਇਨ੍ਹਾਂ ਮਜ਼ਦੂਰਾਂ ਦੇ ਪਾਸੇ ਚੱਲਣ। (ਘੰਟੀ) ਬੱਸ ਜੀ, ਇਨ੍ਹਾਂ ਸ਼ਬਦਾਂ ਨਾਲ ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਰਦਾ ਹਾਂ।

**ਸ੍ਰੀ ਹਰਨੰਮ ਦਾਸ ਜੋਹਰ ਐਡਵੋਕੇਟ** (ਲੁਧਿਆਣਾ ਪੱਛਮੀ) : ਡਿਪਟੀ ਸਪੀਕਰ ਸਾਹਿਬ, ਤੁਹਾਡਾ ਸ਼ੁਕਰੀਆ ਕਿ ਤੁਸੀਂ ਮੈਨੂੰ ਟਾਈਮ ਦੇ ਰਹੇ ਹੋ। ਮੈਂ ਬੋਲਾਂਗਾ ਡੀਮਾਂਡ ਨੰ: 21 ਟੂਰਿਜ਼ਮ ਐਂਡ ਕਲਚਰਲ ਅਫੇਅਰਜ਼ ਤੇ, ਡੀਮਾਂਡ ਨੰ: 22 ਲੇਬਰ, ਇਮਪਲਾਇਮੈਂਟ ਐਂਡ ਇੰਡਸਟਰੀਅਲ ਟਰੇਨਿੰਗ, ਡੀਮਾਂਡ ਨੰ: 23 ਸੋਸ਼ਲ ਸਿਕਿਓਰਿਟੀ ਐਂਡ ਵੈਲਫੇਅਰ, ਨੰਬਰ 36 ਰੋਡਜ਼ ਅਤੇ ਬ੍ਰਿਜਿਜ਼ ਅਤੇ ਡੀਮਾਂਡ ਨੰ: 28 ਇਨਰਿਸਪੈਕਟ ਆਫ ਫੂਡ ਅਤੇ ਇਸ ਤੋਂ ਇਲਾਵਾ ਲੈਜਿਸਲੇਸ਼ਨ ਤੇ ਵੀ ਬੋਲਾਂਗਾ। ਡਿਪਟੀ ਸਪੀਕਰ ਸਾਹਿਬ, ਟੂਰਿਜ਼ਮ ਦੇ ਅੰਡਰ ਜਿਹੜੇ ਟੂਰਿਸਟ ਬੰਗਲੇ, ਰਿਸਾਰਟ ਆਉਂਦੇ ਹਨ ਉਨ੍ਹਾਂ ਵਿਚ ਘਾਟਾ ਹੀ ਘਾਟਾ ਨਜ਼ਰ ਆਉਂਦਾ ਹੈ। ਉਨ੍ਹਾਂ ਦੀ ਮੇਨਟੇਨੈਂਸ ਨਹੀਂ ਹੈ, ਰੇਟਸ ਵੀ ਬੜੇ ਹਾਈ ਹਨ ਜਿਹੜੇ ਕਿ ਲੋਕਾਂ ਨੂੰ ਐਲਿਓਰਮੈਂਟ ਨਹੀਂ ਦਿੰਦੇ ਜਿਸ ਕਰਕੇ ਲੋਕ ਪੂਰੀ ਤਰ੍ਹਾਂ ਉਨ੍ਹਾਂ ਨੂੰ ਵਰਤੋਂ ਵਿਚ ਨਹੀਂ ਲਿਆਉਂਦੇ। ਇਸਦੇ ਲਈ ਮੈਂ ਪ੍ਰਾਰਥਨਾ ਕਰਾਂਗਾ ਕਿ ਉਨ੍ਹਾਂ ਦੇ ਵਿਚ ਸੁਧਾਰ ਕਰਨਾ ਚਾਹੀਦਾ ਹੈ। ਫਰੈਸ਼ ਖਾਣ ਪੀਣ ਦੀਆਂ ਚੀਜ਼ਾਂ ਵੀ ਉਨ੍ਹਾਂ ਵਿੱਚ ਨਹੀਂ ਮਿਲ-ਦੀਆਂ, ਸਰਵਿਸ ਵੀ ਅੱਛੀ ਨਹੀਂ ਮਿਲਦੀ, ਇਸ ਕਰਕੇ ਲੋਕ ਉਨ੍ਹਾਂ ਵਿਚ ਨਹੀਂ ਜਾਂਦੇ ਹਨ। ਟੂਰਿਜ਼ਮ ਤੇ ਜਿਹੜਾ ਖਰਚ ਕੀਤਾ ਜਾ ਰਿਹਾ ਹੈ ਜੇ ਉਹ ਵ੍ਹਾਈਟ ਐਲੀਫੈਂਟ ਕਿਹਾ ਜਾਵੇ ਤਾਂ ਇਹ ਕੋਈ ਗਲਤ ਨਹੀਂ ਹੋਵੇਗਾ। ਇਹ ਐਕਸਚੈਕਰ ਤੇ ਐਵੇਂ ਬੋਝ ਹੀ ਹੈ ਔਰ ਇਸਦਾ ਕੋਈ ਫਾਇਦਾ ਨਹੀਂ ਹੋ ਰਿਹਾ। ਫਾਇਦਾ ਤਾਂ ਹੀ ਹੋ ਸਕਦਾ ਹੈ ਜੇ ਹੋਰ ਸਹੂਲਤਾਂ, ਅੱਛੀ ਸਰਵਿਸ ਦਿੱਤੀ ਜਾਵੇ ਅਤੇ ਰੇਟ ਵਾਜਿਬ ਹੋਣ ਤਾਂ ਬਜਾਏ ਇਸ ਦੇ ਜੋ ਨੁਕਸਾਨ ਹੋ ਰਿਹਾ ਹੈ, ਇਸਦਾ ਫਾਇਦਾ ਹੋ ਸਕਦਾ ਹੈ।

ਰੋਡਜ਼ ਐਂਡ ਬ੍ਰਿਜਿਜ਼ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਰੋਡਜ਼ ਦੀ ਪੰਜਾਬ ਦੇ ਅੰਦਰ ਹਾਲਤ ਬਹੁਤ ਹੀ ਖਰਾਬ ਹੈ। ਚੰਡੀਗੜ੍ਹ ਤੋਂ ਲੁਧਿਆਣਾ ਮਿਲਣ ਵਾਲੀ ਸੜਕ ਹਮੇਸ਼ਾ ਹੀ ਟੁੱਟੀ ਰਹਿੰਦੀ ਹੈ। ਹੁਣ ਪਿਛਲੇ ਤਿੰਨ ਮਹੀਨੇ ਤੋਂ ਉਥੇ ਮੁਰੰਮਤ ਦਾ ਕੰਮ ਚੱਲ ਰਿਹਾਂ ਹੈ ਜਿਹੜਾ ਬੜਾ ਗਲਤ ਤਰੀਕੇ ਨਾਲ ਚੱਲ ਰਿਹਾ ਹੈ। ਕੁਝ ਕੰਮ ਸ਼ੁਰੂ ਕਰਕੇ ਉਥੇ ਵਿਚੇ ਹੀ ਛੱਡ ਦਿਤਾ ਜਾਂਦਾ ਹੈ ਅਤੇ ਹੋਰ ਥਾਂ ਤੇ ਸ਼ੁਰੂ ਕਰ ਦਿੱਤਾ ਜਾਂਦਾ ਹੈ। ਇਸ ਲਈ ਲੋਕਾਂ ਨੇ ਕੁਰਾਲੀ ਦੇ ਰਸਤੇ ਤੋਂ ਆਉਣਾ ਜਾਣਾ ਸ਼ੁਰੂ ਕਰ ਦਿੱਤਾ ਸੀ। ਇਸ ਸੜਕ ਨੂੰ ਪੂਰਾ ਕਰਨ ਤੋਂ ਪਹਿਲਾਂ ਹੀ ਕੁਰਾਲੀ ਵਾਲੀ ਸੜਕ ਪੁੱਟਣੀ ਸ਼ੁਰੂ ਕਰ ਦਿੱਤੀ ਗਈ ਹੈ। ਨਤੀਜੇ ਦੇ ਤੌਰ ਤੇ ਸੜਕ ਤੇ ਟਰੈਫਿਕ ਜਾਮ ਰਹਿੰਦਾ ਹੈ। ਇਸ ਦੇ ਨਾਲ ਐਕਸੀਡੈਂਟ ਵੀ ਹੁੰਦੇ ਹਨ ਔਰ ਲੋਕਾਂ ਨੂੰ ਮੁਸ਼ਕਿਲ ਵੀ ਬੜੀ ਆਉਂਦੀ ਹੈ। ਖਾਸ ਕਰਕੇ ਮੋਰਿੰਡਾ ਰੇਲਵੇ ਲਾਈਨ ਤੇ ਹਮੇਸ਼ਾ ਫਾਟਕ ਵੀ ਬੰਦ ਰਹਿੰਦਾ ਹੈ। ਦਿਨ ਨੂੰ ਟਰੈਫਿਕ ਜਾਮ ਰਹਿੰਦਾ ਹੈ ਕੋਈ ਯਤਨ ਨਹੀਂ ਕੀਤਾ ਗਿਆ ਹੁਣ ਤਕ ਕਿ ਉਥੇ ਕੋਈ ਪੁਲ ਵੀ ਬਣਾਇਆ ਜਾਵੇ। ਬਜਟ ਜਿਹੜਾ ਆਇਆ ਹੈ ਉਸ ਦੇ ਵਿਚ ਵੀ ਇਸ ਦੇ ਲਈ ਕੁਝ ਨਹੀਂ ਪਲੈਨ ਕੀਤਾ ਗਿਆ। ਮੈਂ ਇਹ ਪ੍ਰਾਰਥਨਾ ਕਰਾਂਗਾ ਕਿ ਸਰਕਾਰ ਇਸ ਤੇ ਐਸਟੀਮੇਟ ਬਣਾ ਕੇ, ਇਸ ਦੀ ਪ੍ਰਪੋਜ਼ਲ ਬਣਾ ਕੇ, ਇਸ ਦੀ ਪਲੈਨਿੰਗ ਬਣਾ ਕੇ ਇਸ ਸੜਕ ਨੂੰ ਜਿਹੜੀ ਕਿ ਮੋਰਿੰਡਾ ਰਾਹੀਂ ਲੁਧਿ-ਆਣਾ ਤੋਂ ਚੰਡੀਗੜ੍ਹ ਆਉਂਦੀ ਹੈ ਔਰ ਜਿਹੜੀ ਸਾਰੇ ਪੰਜਾਬ ਨੂੰ ਜਾਣ ਵਾਸਤੇ ਇਸਤੇਮਾਲ ਹੁੰਦੀ ਹੈ, ਚਾਹੇ ਫਿਰੋਜ਼ਪੁਰ ਜਾਣਾ ਹੋਵੇ, ਫਰੀਦਕੋਟ, ਸੰਗਰੂਰ, ਬਠਿੰਡਾ, ਅੰਮ੍ਰਿਤਸਰ, ਜਲੰਧਰ ਜਿਸ ਜ਼ਿਲ੍ਹੇ ਵਿਚ ਵੀ ਜਾਣਾ ਹੋਵੇ ਸਾਰਿਆਂ ਜ਼ਿਲ੍ਹਿਆਂ ਵਿਚ ਉਥੋਂ ਦੀ ਲੰਘ ਕੇ ਜਾਣਾ ਪੈਂਦਾ ਹੈ, ਇਸ ਨੂੰ ਜਲਦੀ ਬਣਾਉਣ ਦਾ ਯਤਨ ਕਰਨਾ ਚਾਹੀਦਾ ਹੈ, ਇਸ ਰੋਡ ਨੂੰ ਡਬਲ ਬਣਾਉਣ ਦਾ ਭੀ ਯਤਨ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ]

ਕਰਨਾ ਚਾਹੀਦਾ ਹੈ। ਇਸ ਤੇ ਜੋ ਖਰਚ ਕੀਤੇ ਗਏ ਹਨ ਉਸਦਾ ਕੋਈ ਲਾਭ ਨਹੀਂ ਹੋਇਆ। ਸੜਕ ਟੁੱਟੀ ਰਹਿੰਦੀ ਹੈ। ਇਸਦਾ ਕਾਰਨ ਇਹ ਹੈ ਕਿ ਸੜਕ ਜਦੋਂ ਬਣਦੀ ਹੈ ਉਸ ਤੇ ਮੈਟੀਰੀਅਲ ਪੂਰਾ ਨਹੀਂ ਲਗਦਾ, ਜੋ ਚਾਹੀਦਾ ਹੁੰਦਾ ਹੈ ਮੈਟੀਰੀਅਲ ਉਹ ਠੀਕ ਤੌਰ ਤੇ ਨਹੀਂ ਲਗਾਇਆ ਜਾਂਦਾ ਜਿਹੜੇ ਅਫਸਰ ਤੇ ਠੇਕੇਦਾਰ ਹਨ ਉਹ ਰਲ ਮਿਲ ਕੇ ਖਾ ਪੀ ਜਾਂਦੇ ਹਨ। ਇਕ ਅੱਧ ਬਾਰਸ਼ ਵੀ ਹੋਵੇ ਤਾਂ ਇਹ ਸੜਕਾਂ ਬਿਲਕਲ ਨਾਕਸ ਹੋ ਜਾਂਦੀਆਂ ਹਨ। ਠੀਕ ਢੰਗ ਨਾਲ ਇਹ ਸੜਕ ਪੱਕੀ ਬਣਨੀ ਚਾਹੀਦੀ ਹੈ ਔਰ ਇਹ ਸੜਕ ਡਬਲ ਹੋਣੀ ਚਾਹੀਦੀ ਹੈ। ਜਿਸ ਤਰ੍ਹਾਂ ਕਿ ਪਲੈਨਿੰਗ ਹੈ ਅੰਮ੍ਰਿਤਸਰ ਤੋਂ ਸਰਹਿੰਦ ਤਕ ਡਬਲ ਬਨਾਣ ਦੀ ਉਸ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਹ ਸੜਕ ਅੰਮ੍ਰਿਤਸਰ ਤੋਂ ਸਰਹਿੰਦ ਤਕ ਨਹੀਂ ਬਲਿਕ ਅੰਬਾਲੇ ਤਕ ਬਣਨੀ ਚਾਹੀਦੀ ਹੈ। ਥੋੜ੍ਹਾ ਜਿਹਾ ਟੋਟਾ ਜੋ ਰਾਜਪੁਰੇ ਕੋਲ ਸਰਹੰਦ ਤੋਂ ਅੰਬਾਲੇ ਤਕ ਰਹਿ ਜਾਵੇਗਾ ਤਾਂ ਬਾਕੀ ਡਬਲ ਸੜਕ ਬਣਨ ਦਾ ਕੋਈ ਲਾਭ ਨਹੀਂ ਹੋਵੇਗਾ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਡਬਲ ਸੜਕ ਅੰਬਾਲੇ ਤਕ ਬਣਨੀ ਚਾਹੀਦੀ ਹੈ।

ਲੇਬਰ, ਇਮਪਲਾਇਮੈਂਟ ਅਤੇ ਇੰਡਸਟਰੀਅਲ ਟਰੇਨਿੰਗ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਗੁਪਤਾ ਜੀ ਨੇ ਜ਼ਿਕਰ ਕੀਤਾ ਹੈ ਕਿ ਲੇਬਰ ਦੇ ਕੇਸਿਜ਼ ਬੜੇ ਪੈਂਡਿੰਗ ਰਹਿੰਦੇ ਹਨ, ਇਸ ਦੇ ਵਿੱਚ ਇਕ ਹੋਰ ਵੀ ਧਾਂਦਲੀ ਹੁੰਦੀ ਹੈ ਕਿ ਕੁਆਲੀਫਾਈਡ ਲੋਕ, ਕੁਆਲੀਫਾਈਡ ਵਕੀਲ ਉਨ੍ਹਾਂ ਦੇ ਕੇਸਿਜ਼ ਨਹੀਂ ਲੈਂਦੇ। ਇਕ ਐਸਾ ਲੈਜਿਸਲੇਸ਼ਨ ਬਣਾਉਣਾ ਚਾਹੀਦਾ ਹੈ, ਇਕ ਐਸਾ ਕਾਨੂੰਨ ਬਣਾਉਣਾ ਚਾਹੀਦਾ ਹੈ ਕਿ ਸਿਰਫ ਕੁਆਲੀਫਾਈਡ ਵਕੀਲ ਹੀ ਲੇਬਰ ਕੋਰਟਾਂ ਵਿਚ ਪੇਸ਼ ਹੋ ਸਕਣ ਨਹੀਂ ਤਾਂ ਕਾਮਰੇਡ ਲੋਕ ਜਿਹੜੇ ਕਿ ਮਜ਼ਦੂਰਾਂ ਨੂੰ ਬਹੁਤ ਐਕਸਪਲਾਇਟ ਕਰਦੇ ਹਨ ਉਹ ਉਨ੍ਹਾਂ ਨੂੰ ਹੋਰ ਐਕਸ-ਪਲਾਇਟ ਕਰਦੇ ਰਹਿਣਗੇ। Only qualified lawyers should be allowed to practise in Labour Courts.

ਫੂਡ ਦੇ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਫੂਡ ਦੀ ਪਰੋਕਿਉਰਮੈਂਟ ਤੇ ਐਕਸਪੈਂਡੀਚਰ ਬਹੁਤ ਜਿਆਦਾ ਹੁੰਦਾ ਹੈ ਲੇਕਿਨ ਉਸ ਦੀ ਸੰਭਾਲ ਦਾ ਕੋਈ ਬੰਦੋਬਸਤ ਨਹੀਂ ਹੁੰਦਾ। ਅਨਾਜ ਦੀਆਂ ਚੋਰੀਆਂ ਵੀ ਹੁੰਦੀਆਂ ਹਨ, ਅਨਾਜ ਖ਼ਰਾਬ ਵੀ ਬਹੁਤ ਹੁੰਦਾ ਹੈ, ਅਨਾਜ ਤੇ ਖਰਚਾ ਬਹੁਤ ਹੋ ਜਾਂਦਾ ਹੈ ਲੇਕਿਨ ਉਸ ਨੂੰ ਸੰਭਾਲਿਆ ਨਹੀਂ ਜਾਂਦਾ। ਬਾਰਸ਼ਾਂ ਵਿੱਚ ਵੀ ਅਨਾਜ ਬਹੁਤ ਖ਼ਰਾਬ ਹੁੰਦਾ ਹੈ ਤਾਂ ਉਹ ਖਰਚ ਕਰਨ ਦਾ ਕੀ ਲਾਭ ਹੋਇਆ ਪਰੋਕਿਉਰਮੈਂਟ ਤੇ। ਅਗਰ ਉਸ ਅਨਾਜ ਨੂੰ ਠੀਕ ਢੰਗ ਨਾਲ ਸਾਂਭ ਨਹੀਂ ਸਕਦੇ, ਰੱਖ ਨਹੀਂ ਸਕਦੇ। ਇਸ ਲਈ ਮੈਂ ਚਾਹਾਂਗਾ ਕਿ ਜੋ ਅਨਾਜ ਦੀ ਪਰੋਕਿਉਰਮੈਂਟ ਕੀਤੀ ਜਾਂਦੀ ਹੈ ਤਾਂ ਉਸ ਦੀ ਪੂਰੀ ਰਖਵਾਲੀ ਕੀਤੀ ਜਾਣੀ ਚਾਹੀਦੀ ਹੈ। ਨਾ ਤਾਂ ਅਨਾਜ ਚੋਰੀ ਹੋ ਸਕੇ ਔਰ ਨਾ ਹੀ ਅਨਾਜ ਖਰਾਬ ਹੋ ਸਕੇ।

ਡਿਪਟੀ ਸਪੀਕਰ ਸਾਹਿਬ, ਅਗਲੀ ਮੱਦ ਸੋਸ਼ਲ ਸਿਕਿਉਰਟੀ ਅਤੇ ਵੈਲਫੇਅਰ ਹੈ ਉਸ ਵਿਚ 63 ਲੱਖ ਰੁਪਏ ਦੀ ਰਕਮ ਰੱਖੀ ਗਈ ਹੈ। ਇਹ ਰਕਮ ਫ਼ਾਰ ਡਿਸਚਾਰਜ ਆਫ਼ ਆਰਮਡ ਪਰਸੋਨਲਜ਼ ਲਈ ਹੈ। ਮੈਂ ਖੁਦ ਇਕ ਐਕਸ ਸਰਵਿਸਮੈਨ ਹਾਂ, ਇਕ ਸਿਪਾਹੀ ਹਾਂ ਔਰ 17 ਸਾਲ ਮੈਂ ਦੇਸ਼ ਦੀ ਸੇਵਾ ਕੀਤੀ ਹੈ ਔਰ ਫੋਰਸ ਵਿਚ ਰਹਿੰਦਿਆਂ ਹੋਇਆਂ ਉਸ ਵਿਚ ਇਕ ਸਭ ਤੋਂ ਵੱਡੀ ਚੀਜ਼ ਜਿਹੜੀ ਸਿਖਲਾਈ ਜਾਂਦੀ ਹੈ ਉਹ ਹੈ ਡਿਸਿਪਲਿਨ। ਡਿਸਿਪਲਿਨ ਤੇ ਪੂਰਾ ਰਹਿਣਾ ਪੈਂਦਾ ਹੈ, ਉਨ੍ਹਾਂ ਫੌਜੀਆਂ ਨੂੰ ਜਿਨ੍ਹਾਂ ਨੂੰ-ਸਜ਼ਾਵਾਂ ਹੋਈਆਂ ਹਨ, ਡਸਿਪਲਿਨ ਫੋਰਸ ਲਈ ਕੋਰਟ ਮਾਰਸ਼ਲ ਹੋਇਆ ਹੈ, ਜਿਨ੍ਹਾਂ ਨੇ ਦੇਸ ਦੇ ਕਾਨੂੰਨ ਦੇ ਖਿਲਾਫ਼ ਆਪਣੀਆਂ ਬੈਰਕਾਂ ਛੱਡੀਆਂ, ਉਨ੍ਹਾਂ ਨੂੰ ਇਨਾਮ ਦੇਣਾ ਮੈਂ ਬਿਲਕੁਲ ਮੁਨਾਸਬ ਨਹੀਂ ਸਮਝਦਾ। ਇਸ ਦੇ ਨਾਲ ਦੇਸ਼ ਦੀ ਜਾਂ ਕੌਮ ਦੀ ਕੋਈ ਭਲਾਈ ਨਹੀਂ ਹੋਵੇਗੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਗੋਬਿੰਦ ਸਿੰਘ ਕਾਂਝਲਾ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ।

**ਸ਼੍ਰੀ ਹਰਨਾਮ ਦਾਸ ਜੌਹਰ ਐਡਵੋਕੇਟ** : ਜਿਥੋਂ ਤੱਕ ਫੌਜੀਆਂ ਦੀ ਰੀਹੈਬਲੀਟੇਸ਼ਨ ਦਾ ਸੁਆਲ ਹੈ ਮੈਂ ਇਸ ਫ਼ੇਵਰ ਵਿੱਚ ਹਾਂ ਕਿ ਜਿਹੜੇ ਦੋਸਤ ਫੌਜ ਛੱਡ ਆਏ ਕਿਸੇ ਕਾਰਨ ਵੀ ਉਨ੍ਹਾਂ ਨੂੰ ਰਿਹੈਬਲੀਟੇਟ ਜ਼ਰੂਰ ਕਰਨਾ ਚਾਹੀਦਾ ਹੈ, ਉਨ੍ਹਾਂ ਦੀ ਮੱਦਦ ਕਰਨੀ ਚਾਹੀਦੀ ਹੈ, ਉਸ ਨੂੰ ਰਿਹੈਬਲੀ-ਟੇਟ ਕਰਨਾ ਚਾਹੀਦਾ ਹੈ ਜਿਸ ਨੇ ਦੇਸ਼ ਦੇ ਕਾਨੂੰਨ ਦੇ ਖਿਲਾਫ਼ ਕੁਝ ਨਹੀਂ ਕੀਤਾ ਹੋਵੇ । ਜਿਸ ਨੇ ਆਪਣੇ ਬ੍ਰਿਗੇਡੀਅਰ ਜਾਂ ਕਮਾਂਡਰ ਪੁਰੀ ਨੂੰ ਮਾਰਿਆ ਹੋਵੇ ਜਿਸ ਬ੍ਰਿਗੇਡੀਅਰ ਨੇ ਹਰਿਮੰਦਰ ਸਾਹਿਬ ਵਿਚ ਸੇਵਾ ਕਰਾਈ ਹੋਵੇ ਇਹੋ ਜਿਹੇ ਫੌਜੀਆਂ ਨੂੰ ਸਜ਼ਾ ਮਿਲੀ ਹੋਵੇ ਉਨ੍ਹਾਂ ਨੂੰ ਕੋਈ ਅਵਾਰਡ ਸਰਕਾਰ ਨਾ ਦੇਵੇ। ਉਨ੍ਹਾਂ ਫੌਜੀਆਂ ਨੂੰ ਜਿਹੜੇ ਆਪਣੇ ਤੌਰ ਤੇ ਛੱਡ ਕੇ ਆਏ ਹੋਣ ਉਨ੍ਹਾਂ ਨੂੰ ਹੈਲਪ ਕੀਤੀ ਜਾਣੀ ਚਾਹੀਦੀ ਹੈ, ਉਨ੍ਹਾਂ ਨੂੰ ਕਰਜ਼ੇ ਦੇਣੇ ਚਾਹੀਦੇ ਹਨ ਤਾਂਕਿ ਉਹ ਕੰਮਕਾਰ ਲਗ ਜਾਣ ਪਰ ਉਨ੍ਹਾਂ ਨੂੰ ਕੋਈ ਅਵਾਰਡ ਔਰ ਇਨਾਮ ਨਹੀਂ ਦੇਣਾ ਚਾਹੀਦਾ। ਇਹ ਦੇਸ਼ ਦੇ ਪੰਜਾਬ ਦੇ ਲੋਕਾਂ ਨਾਲ ਜ਼ਿਆਦਤੀ ਹੋਵੇਗੀ । ਐਸੇ ਲੋਕ ਜਿਹੜੇ ਸੈਂਟਰ ਦੇ ਕਾਨੂੰਨ ਦੇ ਖਿਲਾਫ਼ ਗੱਲਤ ਸਾਬਤ ਹੋਏ ਹੋਣ ਔਰ ਉਨ੍ਹਾਂ ਨੂੰ ਸਜ਼ਾ ਮਿਲ ਗਈ ਹੋਵੇ ਉਨ੍ਹਾਂ ਨੂੰ ਇਨਾਮ ਨਹੀਂ ਦਿੱਤੇ ਜਾਣੇ ਚਾਹੀਦੇ।

**ਸਰਦਾਰ ਕਰਨੈਲ ਸਿੰਘ ਡੋਡ** : ** ** **

**ਸ਼੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ਼ ਆਰਡਰ ਨਹੀਂ ਹੈ ।

(ਇਸ ਸਮੇਂ ਸਰਦਾਰ ਕੁਲਦੀਪ ਸਿੰਘ ਵਡਾਲਾ ਅਤੇ ਮਾਲ ਮੰਤਰੀ ਜੀ ਖੜ੍ਹੇ ਸਨ ਅਤੇ ਸ਼੍ਰੀ ਡਿਪਟੀ ਸਪੀਕਰ ਨੇ ਵਡਾਲਾ ਸਾਹਿਬ ਨੂੰ ਕਾਲ ਅਪੌਨ ਕੀਤਾ।)

**ਸਰਦਾਰ ਕੁਲਦੀਪ ਸਿੰਘ ਵਡਾਲਾ** : ਮਾਨਯੋਗ ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ 1985-86 ਦੇ ਸਪਲੀਮੈਂਟਰੀ ਐਸਟੀਮੇਟਸ ਤੇ ਬੋਲਣ ਦਾ ਮੌਕਾ ਦਿੱਤਾ ਹੈ।

**ਸ਼੍ਰੀ ਡਿਪਟੀ ਸਪੀਕਰ** : ਵਡਾਲਾ ਸਾਹਿਬ, ਤੁਸੀਂ ਬੈਠੋ ਮੈਂ ਸਮਝਿਆ ਸੀ ਕਿ ਤੁਸੀਂ ਪੁਆਇੰਟ ਆਫ਼ ਆਰਡਰ ਤੇ ਬੋਲਣਾ ਚਾਹੁੰਦੇ ਹੋ, ਉਬੋਕੇ ਸਾਹਿਬ।

**ਮਾਲ ਮੰਤਰੀ** (ਸਰਦਾਰ ਮੇਜਰ ਸਿੰਘ ਉਬੋਕੇ) : ਡਿਪਟੀ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਦਾ ਧਿਆਨ ਦਿਵਾਉਣਾ ਚਾਹੁੰਦਾ ਹਾਂ ਜਿਹੜਾ ਇਨ੍ਹਾਂ ਨੇ ਡੇਜ਼ਰਟਿਡ ਫੌਜੀਆਂ ਬਾਰੇ ਕਿਹਾ ਹੈ। ਹਿੰਦੁਸ-ਤਾਨ ਦੇ ਪ੍ਰਾਈਮ ਮਨਿਸਟਰ ਔਰ ਸੰਤ ਲੌਂਗੋਵਾਲ ਜੀ ਦੇ ਦਰਮਿਆਨ ਸਮਝੌਤਾ ਹੋਇਆ ਔਰ ਉਸ ਸਮਝੌਤੇ ਦੇ ਅਧੀਨ ਇਹ ਸਭ ਕੁਝ ਕੀਤਾ ਜਾ ਰਿਹਾ ਹੈ। ਔਰ ਅਗਰ ਇਹ ਸੱਜਣ ਆਪਣੇ ਕਾਂਗਰਸ

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ਮਾਲ ਮੰਤਰੀ]

ਪ੍ਰਧਾਨ ਔਰ ਹਿੰਦੁਸਤਾਨ ਦੇ ਪ੍ਰਾਈਮ ਮਨਿਸਟਰ ਦੇ ਕਹੇ ਨੂੰ ਨਹੀਂ ਮੰਨਦੇ ਜਾਂ ਉਨ੍ਹਾਂ ਦੀ ਪਾਲੀਸੀ ਨਾਲ ਸਹਿਮਤ ਨਹੀਂ ਤਾਂ ਮੈਂ ਇਹ ਸਮਝਦਾ ਹਾਂ ਕਿ ਇਹ ਸੱਚੇ ਕਾਂਗਰਸੀ ਨਹੀਂ ਕਹੇ ਜਾ ਸਕਦੇ। ਜੋ ਉਸ ਸਮਝੌਤੇ ਦੀ ਭਾਵਨਾ ਸੀ ਉਹ ਇਹ ਸੀ ਕਿ ਜਿਨ੍ਹਾਂ ਫ਼ੌਜੀਆਂ ਨੇ ਜਜ਼ਬਾਤ ਅਧੀਨ ਇਹ ਕਾਰਵਾਈ ਕੀਤੀ ਹੈ ਉਨ੍ਹਾਂ ਨੂੰ ਜ਼ਰੂਰ ਮੁੜ ਵਸੇਬੇ ਲਈ ਕੁੱਝ ਕੰਮ ਦਿਤੇ ਜਾਣਗੇ। ਮੈਂਬਰ ਸਾਹਿਬ ਨੇ ਕਿਹਾ ਕਿ ਉਨ੍ਹਾਂ ਨੇ ਇਕ ਲੰਮਾ ਸਮਾਂ ਫੌਜ ਵਿਚ ਸੇਵਾ ਕੀਤੀ ਹੈ। ਉਨ੍ਹਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਫੌਜ ਵਿਚ ਜੇ 90 ਦਿਨ ਤੋਂ ਵੱਧ 91 ਦਿਨ ਵੀ ਸਜ਼ਾ ਹੋ ਜਾਵੇ ਤਾਂ ਉਸ ਨੂੰ ਫੌਜ ਵਿਚ ਨਹੀਂ ਰੱਖਿਆ ਜਾਂਦਾ। ਇਸ ਸਮਝੌਤੇ ਦੀ ਭਾਵਨਾ ਦਾ ਧਿਆਨ ਰੱਖਦੇ ਹੋਏ ਹਿੰਦੁਸਤਾਨ ਡਿਫੈਂਸ ਸਰਵਿਸ ਕਾਨੂੰਨ ਵਿਚ ਤਬਦੀਲੀ ਕਰਕੇ ਇਥੋਂ ਤਕ ਅਕਾਮੋਡੇਟ ਕੀਤਾ ਗਿਆ ਕਿ ਜਿਹੜੇ ਸੱਜਣ 18 ਮਹੀਨੇ ਤਕ ਜੇਲ੍ਹ ਰਹੇ ਹਨ, ਉਨ੍ਹਾਂ ਨੂੰ ਵੀ ਫੌਜ ਵਿੱਚ ਰਖਿਆ ਜਾਏਗਾ ਔਰ ਉਨ੍ਹਾਂ ਨੂੰ ਸੁਧਾਰ ਘਰਾਂ ਵਿਚ ਰੱਖ ਕੇ ਦੁਬਾਰਾ ਫੌਜ ਵਿਚ ਰੱਖੇ ਜਾ ਰਹੇ ਹਨ। ਸਿਕੰਦਰਾਬਾਦ ਅਤੇ ਹੈਦਰਾਬਾਦ ਦੇ ਫੌਜੀ ਸੁਧਾਰ ਘਰ ਸਥਾਪਿਤ ਕੀਤੇ ਗਏ ਹਨ। ਇਹ ਇਨ੍ਹਾਂ ਫ਼ੌਜੀਆਂ ਵਾਸਤੇ ਹਨ। ਮੈਨੂੰ ਅਫ਼ਸੋਸ ਹੈ ਕਿ ਸੰਤ ਜੀ ਦੇ ਚਲੇ ਜਾਣ ਤੋਂ ਬਾਅਦ ਇਨ੍ਹਾਂ ਫ਼ੌਜੀਆਂ ਦੇ ਸਬੰਧ ਵਿਚ ਜੋ ਫੈਸਲਾ ਹੋਇਆ ਸੀ ਉਹ ਪੂਰੀ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ। ਸੰਤ ਜੀ ਨੇ ਇਹ ਕਿਹਾ ਸੀ ਕਿ ਇਹ ਜਿਹੜੇ ਫੌਜੀ ਹਨ ਇਨ੍ਹਾਂ ਦੇ ਨਾਲ ਹਮਦਰਦੀ ਨਾਲ ਸਲੂਕ ਕੀਤਾ ਜਾਏਗਾ। ਪਹਿਲਾਂ ਆਜ਼ਾਦੀ ਦਾ ਸੁਆਲ ਸੀ ਅਤੇ ਆਜ਼ਾਦੀ ਤੋਂ ਪਹਿਲਾਂ ਆਜ਼ਾਦ ਹਿੰਦ ਫੌਜ ਬਣੀ ਸੀ। ਹਿੰਦੁਸਤਾਨ ਆਜ਼ਾਦ ਹੋਣ ਤੋਂ ਬਾਅਦ ਉਨ੍ਹਾਂ ਨੂੰ ਮੁਆਫ਼ ਕੀਤਾ ਗਿਆ ਸੀ ਔਰ ਇਸ ਹਿੰਦੁਸਤਾਨ ਦੀ ਸਰਕਾਰ ਨੇ ਉਨ੍ਹਾਂ ਨੂੰ ਪੈਨਸ਼ਨਾਂ ਦਿੱਤੀਆਂ। ਉਸ ਤੋਂ ਪਹਿਲਾਂ ਅੰਗਰੇਜ਼ਾਂ ਦੀ ਸਰਕਾਰ ਸੀ, ਅਗਰ ਤੁਸੀਂ ਕਹੋ ਕਿ ਉਨ੍ਹਾਂ ਨੇ ਉਸ ਵੇਲੇ ਬਗਾਵਤ ਕੀਤੀ ਸੀ ਇਹ ਗੱਲ ਬਿਲਕੁਲ ਗਲਤ ਹੋਵੇਗੀ। ਸ਼ਾਹਨਵਾਜ਼ ਅਤੇ ਢਿੱਲੋਂ ਸਾਹਿਬ ਆਦਿ ਨੂੰ ਕਿੰਨੀਆਂ ਸਖ਼ਤ ਸਜ਼ਾਵਾਂ ਦਿੱਤੀਆਂ ਸਨ। ਇਸ ਗਲ ਨੂੰ ਮੱਦੇਨਜ਼ਰ ਰੱਖ ਕੇ ਕਿ ਉਨ੍ਹਾਂ ਨੇ ਦੇਸ਼ ਦੀ ਆਜ਼ਾਦੀ ਵਿਚ ਹਿੱਸਾ ਪਾਇਆ, ਪਰ ਦੂਸਰੇ ਪਾਸੇ ਫੌਜ ਦੇ ਕਾਨੂੰਨ ਦੇ ਮੁਤਾਬਕ ਉਨ੍ਹਾਂ ਨੇ ਕਾਨੂੰਨ ਸ਼ਿਕਨੀ ਕੀਤੀ। ਉਸ ਵੇਲੇ ਦੇ ਜਨਰਲ ਕਰੀਆਪਾ ਨੇ ਉਨ੍ਹਾਂ ਨੂੰ ਫੌਜ ਵਿਚ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕਿਹਾ ਸੀ ਕਿ ਰਾਜਨੀਤਿਕ ਤੌਰ ਤੇ ਜੋ ਮਰਜ਼ੀ ਸਨਮਾਨ ਦਿਓ, ਮੈਂ ਫੌਜ ਵਿਚ ਨਹੀਂ ਲੈਣੇ ਔਰ ਉਸ ਨੇ ਨਹੀਂ ਲਏ। ਉਨ੍ਹਾਂ ਵਿਚੋਂ ਕਈ ਤੁਹਾਡੇ ਵਿਚ ਮਨਿਸਟਰ ਬਣੇ। ਸ਼ਾਹਨਵਾਜ਼ ਅਤੇ ਦੂਸਰੇ ਸਾਥੀਆਂ ਨੂੰ ਹੁਣ ਤਕ ਸਤਿਕਾਰ ਮਿਲਦਾ ਰਿਹਾ, ਇਸ ਲਈ ਇਨ੍ਹਾਂ ਫ਼ੌਜੀਆਂ ਵਾਸਤੇ ਜੋ ਕੁਝ ਕੀਤਾ ਗਿਆ ਹੈ, ਉਸ ਭਾਵਨਾਂ ਨੂੰ ਸਾਹਮਣੇ ਰੱਖ ਕੇ, ਹਿੰਦੁਸਤਾਨ ਦੀ ਹਾਲਤ ਨੂੰ ਦਰੁੱਸਤ ਕਰਨ ਵਾਸਤੇ ਕੀਤਾ ਗਿਆ ਹੈ। ਇਹ ਪ੍ਰਾਈਮ ਮਨਿਸਟਰ ਦੇ ਮਨ ਵਿਚ ਹੈ। ਤੁਸੀਂ ਕਹੋ, ਸਾਰਾ ਹਿੰਦੁਸ-ਤਾਨ ਕਹੇ ਕਿ ਜਿਸ ਤਰ੍ਹਾਂ ਆਜ਼ਾਦ ਹਿੰਦ ਫੌਜ ਵਾਲਿਆਂ ਨੂੰ ਸਾਰਿਆਂ ਨੂੰ ਰਿਹਾ ਕੀਤਾ ਗਿਆ ਸੀ ਉਸੇ ਤਰ੍ਹਾਂ ਇਨ੍ਹਾਂ ਨੂੰ ਵੀ ਰਿਹਾ ਕੀਤਾ ਜਾਏ। ਇਸ ਦੇ ਨਾਲ ਪੰਜਾਬ ਦੇ ਹਾਲਾਤ ਹੋਰ ਸੁਧਰਨਗੇ। ਇਸ ਦੇ ਨਾਲ ਆਮ ਲੋਕਾਂ ਦੇ ਜਜ਼ਬਾਤ ਜਿਹੜੇ ਭੜਕਾਹਟ ਵਿਚ ਹਨ ਉਹ ਠੀਕ ਹੋਣਗੇ। ਇਸ ਵਾਸਤੇ ਅਗਰ ਸਰਕਾਰ ਇਨ੍ਹਾਂ ਦੇ ਪਰਿਵਾਰਾਂ ਲਈ ਮੁੜ ਵਸਾਉਣ ਲਈ ਯਤਨ ਕਰ ਰਹੀ ਹੈ ਤਾਂ ਇਸ ਦਾ ਇਤਰਾਜ਼ ਨਹੀਂ ਕਰਨਾ ਚਾਹੀਦਾ ਹੈ ਔਰ ਜੇ ਕੋਈ ਨਵਾਂ ਟੈਕਸ ਵੀ ਲੱਗ ਜਾਵੇ ਤਾਂ ਉਹ ਵੀ ਬਰਦਾਸ਼ਤ ਕਰਨਾ ਚਾਹੀਦਾ ਹੈ। ਉਨ੍ਹਾਂ ਦੇ ਵਾਸਤੇ ਕੱਲ੍ਹ ਇਥੇ ਕਈ ਪਰਪੋਜ਼ਲਾਂ ਰੱਖੀਆਂ ਹਨ ਔਰ ਜਿਹੜੇ ਫੌਜੀ ਮਾਰੇ ਗਏ ਹਨ ਜਾਂ ਇੰਦਰਾ ਗਾਂਧੀ ਦੀ ਮੌਤ ਤੋਂ ਬਾਅਦ ਜਿਹੜੇ ਇਧਰ ਆ ਗਏ ਉਨ੍ਹਾਂ ਦੇ ਮੁੜ ਵਸੇਬੇ ਲਈ ਸਪਲੀਮੈਂਟਰੀ ਦੀ ਸ਼ਕਲ ਵਿਚ ਜੋ ਖਰਚੇ ਮੰਗੇ ਗਏ ਹਨ, ਇਸ ਵਾਸਤੇ ਇਤਰਾਜ਼ ਨਹੀਂ ਕਰਨਾ ਚਾਹੀਦਾ ਔਰ ਇਨ੍ਹਾਂ ਨੂੰ ਚੰਗੀ ਤਰ੍ਹਾਂ ਨਾਲ ਪਰਵਾਨ

Original with;
Punjab Vidhan Sabha
Digitized by;
Panjab Digital Library

ਕਰਨਾ ਚਾਹੀਦਾ ਹੈ ਬਲਕਿ ਇਸ ਦੇ ਹੱਕ ਵਿਚ ਬੋਲਣਾ ਚਾਹੀਦਾ ਹੈ ਔਰ ਸਰਕਾਰ ਨੂੰ ਕਹਿਣਾ ਚਾਹੀਦਾ ਹੈ ਕਿ ਬੜਾ ਚੰਗਾ ਕੰਮ ਕੀਤਾ ਹੈ।

**ਮਾਸਟਰ ਮੋਹਨ ਲਾਲ** (ਪਠਾਨਕੋਟ): ਥੈਂਕ ਯੂ ਡਿਪਟੀ ਸਪੀਕਰ ਸਾਹਿਬ। ਮੈਂ ਸਪਲੀਮੈਂਟਰੀ ਡਿਮਾਂਡ ਨੰ: 4, 10, 11, 22, 23 ਔਰ 26 ਦੇ ਸਬੰਧ ਵਿਚ ਬੋਲਣਾ ਚਾਹੁੰਦਾ ਹਾਂ। ਡਿਪਟੀ ਸਪੀਕਰ ਸਾਹਿਬ, ਪੰਜਾਬ ਦੇ ਹਾਲਾਤ ਬਹੁਤ ਮਾੜੇ ਹਨ ਔਰ ਮੇਰੇ ਅਕਾਲੀ ਵੀਰਾਂ ਦਾ ਇਹ ਕਹਿਣਾ ਹੈ ਕਿ ਅਗਰ ਉਹ ਅਕਾਰਡ ਜਿਹੜਾ ਸੰਤ ਹਰਚੰਦ ਸਿੰਘ ਲੌਂਗੋਵਾਲ ਔਰ ਰਾਜੀਵ ਗਾਂਧੀ ਦੇ ਦਰ-ਮਿਆਨ ਹੋਇਆ ਸੀ ਉਹ ਯਕਮੁਸ਼ਤ ਲਾਗੂ ਕਰ ਦਿਤਾ ਜਾਂਦਾ ਤਾਂ ਇਨ੍ਹਾਂ ਨੂੰ ਇਹ ਕਹਿਣ ਦਾ ਮੌਕਾ ਨਹੀਂ ਮਿਲਦਾ ਔਰ ਜੋ ਘਟਨਾਵਾਂ ਹੋ ਰਹੀਆਂ ਹਨ ਇਹ ਅਕਾਰਡ ਨੂੰ ਲਾਗੂ ਨਾ ਹੋਣ ਕਰਕੇ ਹੋ ਰਹੀਆਂ ਹਨ ਇਹ ਕਹਿਣ ਦਾ ਮੌਕਾ ਨਾ ਮਿਲਦਾ। ਅਕਾਰਡ ਨੂੰ ਸਾਈਨ ਕਰਨ ਵੇਲੇ ਦੋਨਾਂ ਲੀਡਰਾਂ ਦੀ ਬੜੀ ਪ੍ਰਸ਼ੰਸਾ ਕੀਤੀ ਗਈ ਸੀ। ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਇਸ ਸਮਝੌਤੇ ਦੇ ਤਹਿਤ ਆਪਣੀ ਜ਼ਿੰਦਗੀ ਵਾਰ ਦਿੱਤੀ। ਰਾਜੀਵ ਗਾਂਧੀ ਨੂੰ ਦੇਸ਼ ਦੇ ਔਰ ਬਾਹਰਲੇ ਦੇਸ਼ਾਂ ਦੇ ਨੇਤਾਵਾਂ ਨੇ ਔਰ ਪ੍ਰੈਸ ਨੇ ਸਨਮਾਨਤ ਨਜ਼ਰ ਨਾਲ ਵੇਖਿਆ। ਉਨ੍ਹਾਂ ਇਹ ਕਿਹਾ ਕਿ ਉਨ੍ਹਾਂ ਨੇ ਬਿਨਾਂ ਪੱਖ ਪਾਤ ਤੋਂ ਇਹ ਕਦਮ ਚੁੱਕਿਆ। ਇਸੇ ਤਰ੍ਹਾਂ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਆਪਣੀ ਅਕਾਲੀ ਰਾਜ ਨੀਤੀ ਵਿਚ ਬੜੀ ਦਲੇਰੀ ਦਾ ਸਬੂਤ ਦੇ ਕੇ ਇਹ ਸਮਝੌਤਾ ਕਰਾਇਆ ਹੈ ਜਿਸ ਨੂੰ ਅਮਨ ਦੀ ਜਿੱਤ ਦਾ ਨਾਮ ਦਿਤਾ ਗਿਆ ਸੀ। It was the sign of victory.

ਪਰੰਤੂ ਕੁਝ ਲੋਕਾਂ ਨੇ ਉਸ ਅਮਨ ਦੀ ਜਿੱਤ ਨੂੰ ਬਦਅਮਨੀ ਕਰਨ ਲਈ ਕਈ ਕੋਸ਼ਿਸ਼ਾਂ ਕੀਤੀਆਂ ਔਰ ਪੰਜਾਬ ਨੂੰ ਫਿਰ ਉਸੇ ਰਾਹ ਤੇ ਖੜ੍ਹਾ ਕਰ ਦਿਤਾ ਜਿਸ ਤੇ ਉਹ ਪਹਿਲੇ ਚੱਲ ਰਿਹਾ ਸੀ। ਉਹ ਘਟਨਾਵਾਂ ਫਿਰ ਸ਼ੁਰੂ ਹੋ ਗਈਆਂ। ਡਿਪਟੀ ਸਪੀਕਰ ਸਾਹਿਬ, ਅੱਜ ਇਸ ਹਾਊਸ ਰਾਹੀਂ ਇਹ ਮੰਗ ਕੀਤੀ ਗਈ ਹੈ ਕਿ ਉਸ ਅਕਾਰਡ ਨੂੰ ਜਲਦੀ ਤੋਂ ਜਲਦੀ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂਕਿ ਅਕਾਲੀ ਸਰਕਾਰ ਨੂੰ ਇਹ ਗਿਲਾ ਨਾ ਰਹੇ ਕਿ ਅਕਾਰਡ ਲਾਗੂ ਨਹੀਂ ਹੋਇਆ ਤਾਂ ਇਸ ਕਰਕੇ ਇਹ ਘਟਨਾਵਾਂ ਹੋ ਰਹੀਆਂ ਹਨ। ਇਸ ਵਾਸਤੇ ਇਸਨੂੰ ਜਲਦੀ ਲਾਗੂ ਕਰਨਾ ਚਾਹੀਦਾ ਹੈ।

ਦੂਸਰੀ ਗੱਲ ਮੈਂ ਪੰਜਾਬ ਵਿਚ ਜਿਹੜੀਆਂ ਮਾੜੀਆਂ ਮਾੜੀਆਂ ਘਟਨਾਵਾਂ ਹੁੰਦੀਆਂ ਹਨ ਜਿਹੜੀਆਂ ਕਿ ਕੁਝ ਬਦਮਾਸ਼ ਟਾਈਪ ਦੇ ਬੰਦੇ ਕਰਦੇ ਹਨ ਉਨ੍ਹਾਂ ਬਾਰੇ ਕਹਿਣਾ ਚਾਹੁੰਦਾ ਹਾਂ। ਇਹ ਜਿਹੜੀਆਂ ਮਾੜੀਆਂ ਮਾੜੀਆਂ ਘਟਨਾਵਾਂ ਹੁੰਦੀਆਂ ਹਨ ਔਰ ਜਲਦੀ ਟਰੇਸ ਆਊਟ ਵੀ ਨਹੀਂ ਹੁੰਦੀਆਂ ਤਾਂ ਇਨ੍ਹਾਂ ਨੂੰ ਐਕਸਟਰੀਮਿਸਟਸ ਦੇ ਸਿਰ ਮੜ੍ਹ ਦਿਤਾ ਜਾਂਦਾ ਹੈ। ਇਸ ਬਾਰੇ ਮੈਂ ਇਕ ਗੁਰਦਾਸਪੁਰ ਜ਼ਿਲ੍ਹੇ ਦੀ ਮਿਸਾਲ ਦੇ ਕੇ ਜ਼ਿਕਰ ਕਰਾਂਗਾ। ਪਠਾਨਕੋਟ ਵਿਚ ਇਕ ਸਿਨਮੇ ਤੇ 4 ਬੰਬ ਸੁੱਟੇ ਗਏ ਪਰ ਜਿਸ ਵੇਲੇ ਇਨ੍ਹਾਂ ਬੰਬਾਂ ਨੂੰ ਚੰਗੀ ਤਰ੍ਹਾਂ ਵੇਖਿਆ ਗਿਆ ਮਿਲਟਰੀ ਦੇ ਐਕਸ-ਪਰਟਸ ਔਰ ਕੁਝ ਪੁਲਿਸ ਕਰਮਚਾਰੀਆਂ ਦਾ ਵੀ ਇਹ ਕਹਿਣਾ ਸੀ ਕਿ ਇਹ ਬੰਬ ਮਿਲਟਰੀ ਦੇ ਸਿਵਾਏ ਹੋਰ ਕਿਸੇ ਦੇ ਨਹੀਂ ਹੋ ਸਕਦੇ। ਗੱਲ ਅਸਲ ਵਿਚ ਇਹ ਹੈ ਕਿ ਉਸ ਸਿਨਮੇ ਵਾਲਿਆਂ ਦਾ ਔਰ ਮਿਲਟਰੀ ਵਾਲਿਆਂ ਦਾ ਕਾਫੀ ਸਮੇਂ ਤੋਂ ਝਗੜਾ ਚੱਲ ਰਿਹਾ ਹੈ। ਉਹ ਸਿਨਮਾ ਬੰਦ ਕਰਾਉਣਾ ਚਾਹੁੰਦੇ ਹਨ। ਇਸੇ ਕਰਕੇ ਮਿਲਟਰੀ ਅਥਾਰਿਟੀ ਔਰ ਸਿਨਮਾ ਵਾਲਿਆਂ ਦੇ ਦਰਮਿਆਨ ਇਹ ਝਗੜਾ ਚੱਲ ਰਿਹਾ ਸੀ ਪੁਲਿਸ ਨੇ ਕੁਝ ਸੂਤਰਾਂ ਤੋਂ ਇਹ ਪਤਾ ਵੀ ਕੀਤਾ ਤਾਂ ਇਹ ਪਤਾ ਲਗਾ ਕਿ ਇਸ ਵਿਚ ਉਗਰਵਾਦੀਆਂ ਦਾ ਹੱਥ ਨਹੀਂ। ਪਰ ਉਹ ਇਸ ਬਾਰੇ ਕੁਝ ਲਿਖ ਕੇ ਨਹੀਂ ਦੇ ਸਕਦੇ ਸਨ ਉਨ੍ਹਾਂ ਨੇ ਕਿਹਾ ਕਿ ਸਰਕਾਰ ਨੂੰ ਘੋਖ ਕਰਨੀ ਚਾਹੀਦੀ ਹੈ। ਪਰ ਅਖਬਾਰਾਂ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਵਿਚ ਇਹ ਆਇਆ ਕਿ ਉਗਰਵਾਦੀਆਂ ਨੇ 4 ਬੰਬ ਸਿਨਮੇ ਤੇ ਸੁੱਟੇ ਹਨ। ਇਸ ਤਰ੍ਹਾਂ ਨਾਲ ਇਹੋ ਜਿਹੀਆਂ ਘਟਨਾਵਾਂ ਨੂੰ ਉਗਰਵਾਦੀਆਂ ਦਾ ਨਾਮ ਦੇ ਦਿੱਤਾ ਜਾਂਦਾ ਏ। ਮੈਂ ਕਹਿੰਦਾ ਹਾਂ ਕਿ ਇਹੋ ਜਿਹੀਆਂ ਘਟਨਾਵਾਂ ਦੀ ਪੜਤਾਲ ਕਰਨੀ ਚਾਹੀਦੀ ਹੈ ਔਰ ਐਵੇਂ ਉਗਰਵਾਦੀਆਂ ਦਾ ਨਾਮ ਨਹੀਂ ਦਿੱਤਾ ਜਾਣਾ ਚਾਹੀਦਾ। ਸਿਰਫ ਆਪਣੀ ਜਾਨ ਛੁਡਾਉਣ ਵਾਸਤੇ ਉਗਰਵਾਦੀਆਂ ਦਾ ਨਾਮ ਨਹੀਂ ਦੇਣਾ ਚਾਹੀਦਾ।

ਇਸ ਤਰ੍ਹਾਂ ਦਾ ਇਕ ਹੋਰ ਕੇਸ ਹੈ। ਪਰਸੋਂ ਚੌਥ ਇਕ ਕਾਰ ਦੇ ਡਰਾਈਵਰ ਨੂੰ ਚਾਕੂ ਮਾਰ ਦਿੱਤਾ ਔਰ ਕਾਰ ਲੈ ਕੇ ਚਲੇ ਗਏ। ਇਹ ਆਪਸੀ ਝਗੜਾ ਸੀ। ਉਗਰਵਾਦੀਆਂ ਦਾ ਕੰਮ ਨਹੀਂ ਸੀ ਪਰ ਅਖਬਾਰਾਂ ਵਿਚ ਇਹ ਆਇਆ ਕਿ ਇਹ ਉਗਰਵਾਦੀਆਂ ਨੇ ਕੀਤਾ ਹੈ। ਉਗਰਵਾਦੀ ਕਿਹੜੇ ਇਹ ਕਾਰਨਾਮੇ ਕਰ ਰਹੇ ਹਨ ਉਹ ਵੀ ਮੈਂ ਦੱਸਦਾ ਹਾਂ। ਕਪੂਰਥਲੇ ਵਿਚ ਵੇਖਣ ਵਿਚ ਆਇਆ ਕਿ ਇਕ ਡੀ. ਐਸ. ਪੀ. ਜਿਸ ਦੇ ਨਾਲ ਕੁਝ ਪੁਲਿਸ ਦੇ ਵੀ ਆਦਮੀ ਸਨ ਔਰ ਆਪਣੇ ਹਥਿਆਰ ਵੀ ਸਨ ਔਰ ਪੁਲਿਸ ਜੀਪ ਵਿਚ ਜਾ ਰਹੇ ਸਨ ਉਨ੍ਹਾਂ ਉਤੇ ਕੁਝ ਗੋਲੀਆਂ ਚਲਾਈਆਂ ਗਈਆਂ ਔਰ ਉਹ ਡੀ. ਐਸ. ਪੀ. ਐਸ. ਐਸ. ਪੀ. ਦੇ ਦਫਤਰ ਜਾ ਵੜਿਆ। ਮੈਂ ਕਹਿੰਦਾ ਹਾਂ ਕਿ ਉਸ ਨੂੰ ਗੋਲੀਆਂ ਦਾ ਜਵਾਬ ਦੇਣਾ ਚਾਹੀਦਾ ਸੀ। ਉਸਨੂੰ ਮੁਕਾਬਲਾ ਕਰਨਾ ਚਾਹੀਦਾ ਸੀ। ਪੁਲਿਸ ਕਰਮਚਾਰੀ ਹੋਣ ਦੇ ਨਾਤੇ ਜ਼ਿੰਦਗੀ ਦੀ ਪਰਵਾਹ ਨਾ ਕਰਕੇ ਮੁਕਾਬਲਾ ਕਰਨਾ ਚਾਹੀਦਾ ਸੀ ਪਰ ਉਸ ਨੇ ਕੁਝ ਨਾ ਕੀਤਾ।

ਇਕ ਹੋਰ ਮਿਸਾਲ ਮੈਂ ਗੁਰਦਾਸਪੁਰ ਦੀ ਦੇਣਾ ਚਾਹੁੰਦਾ ਹਾਂ। ਪੰਜਾਬ ਵਿਚ ਇਕ ਕਾਨੂੰਨ ਪਾਸ ਹੈ ਕਿ ਪੰਜਾਬ ਦਾ ਪਸ਼ੂ ਬੁੱਚੜਖਾਨੇ ਲਈ ਬਾਹਰ ਨਹੀਂ ਜਾ ਸਕਦਾ। ਪਰ ਪਠਾਨਕੋਟ ਵਿਚ ਇਕ ਦਿਨ ਤਿੰਨ ਗੱਡੀਆਂ ਗਊਆਂ ਔਰ ਬਲਦਾਂ ਦੀਆਂ ਭਰੀਆਂ ਹੋਈਆਂ ਖੜ੍ਹੀਆਂ ਕਰ ਦਿੱਤੀਆਂ ਜਿਹੜੀਆਂ ਕਿ ਬਾਹਰ ਬੁੱਚੜਖਾਨੇ ਵਿਚ ਜਾਣੀਆਂ ਸਨ। ਡਿਪਟੀ ਸਪੀਕਰ ਸਾਹਿਬ ਪਠਾਨਕੋਟ ਇਕ ਸ਼ਾਂਤੀ ਦਾ ਸ਼ਹਿਰ ਰਿਹਾ ਹੈ ਪਰ ਉਥੇ ਸ਼ਾਂਤੀ ਖਤਮ ਕਰਨ ਵਾਸਤੇ ਗਊਆਂ ਔਰ ਬਲਦਾਂ ਦੀਆਂ ਗੱਡੀਆਂ ਭਰਕੇ ਖੜ੍ਹੀਆਂ ਕਰ ਦਿੱਤੀਆਂ ਬੁੱਚੜਖਾਨੇ ਲੈ ਜਾਣ ਵਾਸਤੇ। ਜਦ ਇਥੇ ਕਾਨੂੰਨ ਪਾਸ ਹੈ ਕਿ ਪੰਜਾਬ ਦਾ ਕੋਈ ਵੀ ਪਸ਼ੂ ਬੁੱਚੜਖਾਨੇ ਲਈ ਬਾਹਰ ਨਹੀਂ ਜਾ ਸਕਦਾ ਤਾਂ ਉਹ ਗੱਡੀਆਂ ਉਥੇ ਕਿਸ ਤਰ੍ਹਾਂ ਆ ਗਈਆਂ। ਸਰਕਾਰ ਨੂੰ ਇਹੋ ਜਿਹੀਆਂ ਗੱਲਾਂ ਵੱਲ ਆਪ ਧਿਆਨ ਦੇਣਾ ਚਾਹੀਦਾ ਹੈ।

ਹਣ ਮੈਂ ਇਕ ਨਿਵੇਦਨ ਐਕਸਟਰੀਮਿਸਟਸ ਨੂੰ ਵੀ ਇਸ ਹਾਊਸ ਦੇ ਰਾਹੀਂ ਕਰਨੀ ਚਾਹੁੰਦਾ ਹਾਂ ਕਿ ਉਹ ਸਰਕਾਰ ਦੇ ਹਥਿਆਰਾਂ ਦਾ ਮੁਕਾਬਲਾ ਨਹੀਂ ਕਰ ਸਕਣਗੇ। ਇਸ ਲਈ ਮੈਂ ਉਨ੍ਹਾਂ ਨੂੰ ਅਪੀਲ ਕਰਾਂਗਾ ਕਿ ਉਹ ਅਜਿਹੇ ਹਾਲਾਤ ਪੈਦਾ ਨਾ ਕਰਨ ਜਿਸ ਨਾਲ ਕਿ ਪੁਰਾਣਾ ਇਤਿਹਾਸ ਫਿਰ ਦੁਹਰਾਇਆ ਜਾਵੇ। ਉਨ੍ਹਾਂ ਨੂੰ ਮੇਨ ਸਟ੍ਰੀਮ ਵਿਚ ਆਉਣਾ ਚਾਹੀਦਾ ਹੈ ਔਰ ਇਹ ਜਿਹੜੀ ਹਿੰਦੂ ਸਿੱਖ ਦੇ ਦਰਮਿਆਨ ਨਫਰਤ ਦੀ ਭਾਵਨਾ ਵੱਧ ਰਹੀ ਹੈ ਇਸ ਨੂੰ ਰੋਕਣਾ ਚਾਹੀਦਾ ਹੈ। ਅੱਜ ਹਿੰਦੂ ਇਕ ਤਰ੍ਹਾਂ ਦੀ ਸੋਚ ਬਣਾ ਕੇ ਬੈਠਾ ਹੈ ਔਰ ਸਿੱਖ ਇਕ ਹੋਰ ਤਰ੍ਹਾਂ ਦੀ ਸੋਚ ਬਣਾ ਕੇ ਬੈਠਾ ਹੈ। ਦੋਨਾਂ ਦੇ ਮਨ ਵਿਚ ਸ਼ੰਕਾ ਪੈਦਾ ਹੋ ਚੁੱਕੀ ਹੈ। ਮੈਂ ਉਨ੍ਹਾਂ ਨੂੰ ਅਪੀਲ ਕਰਾਂਗਾ ਕਿ ਉਨ੍ਹਾਂ ਨੂੰ ਇਸ ਪਾਸੇ ਖੁਲ੍ਹੇ ਦਿਲ ਨਾਲ ਵਿਚਾਰ ਕਰਨਾ ਚਾਹੀਦਾ ਹੈ ਔਰ ਇਹ ਦੋਨੋ ਕੌਮਾਂ ਜਿਨ੍ਹਾਂ ਨੇ ਪੰਜਾਬ ਨੂੰ ਉਪਰ ਚੁੱਕਿਆ ਹੈ ਅਤੇ ਇਸ ਨੂੰ ਹਰਾ ਭਰਾ ਬਣਾਈ ਰਖਿਆ ਹੈ ਇਨ੍ਹਾਂ ਨੂੰ ਇਕੱਠੇ ਰੱਖਣਾ ਚਾਹੀਦਾ ਹੈ। ਇਹ ਦੋਨੋ ਕੌਮਾਂ ਇਕ ਦੂਜੇ ਨੂੰ ਸ਼ੰਕਾ ਦੀ ਨਜ਼ਰ ਨਾਲ ਵੇਖ ਰਹੀਆਂ ਹਨ। ਡਿਪਟੀ

Original with;
Punjab Vidhan Sabha
Digitized by;
Panjab Digital Library

ਸਪੀਕਰ ਸਾਹਿਬ, ਮੈਂ ਗੁਜ਼ਾਰਿਸ਼ ਕਰਾਂਗਾ ਕਿ ਇਨ੍ਹਾਂ ਦੋਨੋਂ ਕੌਮਾਂ ਵਿਚ ਸ਼ੰਕਾ ਨੂੰ ਖਤਮ ਕਰਨ ਵਾਸਤੇ ਔਰ ਦੋਨਾਂ ਦੇ ਦਿਲਾਂ ਵਿਚ ਜਿਹੜੇ ਜ਼ਖਮ ਹੋ ਰਹੇ ਹਨ ਉਨ੍ਹਾਂ ਨੂੰ ਭਰਨ ਵਾਸਤੇ ਕਦਮ ਚੁੱਕਣੇ ਚਾਹੀਦੇ ਹਨ ।

ਇਹ ਸਿੱਖ ਕੌਮ ਦੇ ਬੱਚਿਆਂ ਨੂੰ ਮਲਹਮ ਪੱਟੀ ਕਰਨ ਦੀ ਲੋੜ ਹੈ ਚਾਹੇ ਇਹ ਮਲਹਮ ਪੱਟੀ ਰਾਜਨੀਤਕ ਤੌਰ ਤੇ ਹੋਵੇ, ਚਾਹੇ ਧਾਰਮਿਕ ਤੌਰ ਤੇ ਹੋਵੇ, ਚਾਹੇ ਇਹ ਆਰਥਿਕ ਤੌਰ ਤੇ ਹੋਵੇ, ਪਰ ਇਹ ਮਲਹਮ ਪੱਟੀ ਉਨ੍ਹਾਂ ਦੇ ਜ਼ਖਮਾਂ ਉਤੇ ਜ਼ਰੂਰ ਕੀਤੀ ਜਾਣੀ ਚਾਹੀਦੀ ਹੈ ਤਾਂਕਿ ਉਸ ਤਰ੍ਹਾਂ ਦੇ ਹਾਲਾਤ ਪੈਦਾ ਹੋ ਸਕਣ ਜਿਹੜੇ ਪਹਿਲੇ ਸਨ ਅਤੇ ਹੁਣ ਦੇ ਹਾਲਾਤ ਖਤਮ ਹੋ ਸਕਣ। ਹੁਣ ਮੈਂ ਗੁਰਦਾਸਪੁਰ ਜ਼ਿਲ੍ਹੇ ਦੇ ਧਾਰ ਬਲਾਕ ਬਾਰੇ ਦੱਸਦਾ ਹਾਂ ਕਿ ਇਹ ਐਕਟ 1945 ਦੇ ਅਧੀਨ ਧਾਰ ਬਲਾਕ ਨੂੰ ਜੰਗਲਾਤ ਦਾ ਇਲਾਕਾ ਕਰਾਰ ਕੀਤਾ ਗਿਆ ਸੀ ਪਰ ਇਸ ਧਾਰ ਬਲਾਕ ਦੇ ਵਿਚ ਜੰਗਲਾਤ ਦੇ ਦਰਖਤਾਂ ਨੂੰ 1945 ਤੋਂ 1986 ਤੱਕ ਬੜੀ ਬੇਰਹਿਮੀ ਦੇ ਨਾਲ ਕੱਟਿਆ ਗਿਆ ਹੈ ਅਤੇ ਇਹ ਰੌਲਾ ਹਾਊਸ ਵਿਚ ਵੀ ਕਾਫੀ ਦੇਰ ਤੋਂ ਪੈ ਰਿਹਾ ਹੈ ਅਤੇ ਇਥੋਂ ਦੇ 400-400 ਸਾਲਾਂ ਦੇ ਪੁਰਾਣੇ ਦਰੱਖਤਾਂ ਨੂੰ ਕੱਟਿਆ ਗਿਆ ਹੈ ਅਤੇ ਸ਼ੀਤਲਾ ਮੰਦਰ ਦੇ ਪੁਰਾਣੇ ਦਰੱਖਤਾਂ ਨੂੰ ਕੱਟਿਆ ਗਿਆ ਹੈ ਅਤੇ ਜਿਸ ਬੇਰਹਿਮੀ ਨਾਲ ਇਸ ਜੰਗਲਾਤ ਦੇ ਇਲਾਕੇ ਵਿਚੋਂ ਦਰਖਤਾਂ ਨੂੰ ਕੱਟਿਆ ਗਿਆ ਸੀ ਇਸ ਦੇ ਵਿਚ ਕੁਝ ਪੁਲੀਟੀਕਲ ਬੰਦਿਆਂ ਅਤੇ ਮਹਿਕਮੇਂ ਦੇ ਅਫਸਰਾਂ ਦੀ ਆਪਸ ਵਿਚ ਕਲੈਬੋਰੇਸ਼ਨ ਕਰਕੇ ਕੱਟੇ ਗਏ ਹਨ ਅਤੇ ਇਸ ਦੀ ਇਨਕੁਆਇਰੀ ਸਰਕਾਰ ਨੂੰ ਕਰਨੀ ਚਾਹੀਦੀ ਹੈ ਅਤੇ ਠੇਕੇਦਾਰ ਆਪਣੀ ਮਰਜ਼ੀ ਨਾਲ ਮਹਿਕਮੇਂ ਦੇ ਅਫਸਰਾਂ ਨਾਲ ਮਿਲ ਕੇ 500-400 ਟਰੱਕ ਲਕੜੀਆਂ ਦੇ ਭਰ ਕੇ ਲੈ ਜਾਂਦੇ ਹਨ ਅਤੇ ਉਥੇ ਨਾਜਾਇਜ਼ ਕਟਾਈ ਦਰਖਤਾਂ ਦੀ ਕੀਤੀ ਜਾ ਰਹੀ ਹੈ ਇਸ ਨੂੰ ਰੋਕਣਾ ਚਾਹੀਦਾ ਹੈ ਇਸ ਵਿਚ ਮਹਿਕਮੇਂ ਦੇ ਅਫਸਰਾਂ ਦਾ ਵੀ ਹੱਥ ਹੈ ਅਤੇ ਇਸ ਵਿਚ ਕਾਫੀ ਵੱਡੀ ਮਾਤਰਾ ਵਿਚ ਧਾਂਦਲੀ ਪਈ ਹੋਈ ਹੈ (ਘੰਟੀ) ਡਿਪਟੀ ਸਪੀਕਰ ਸਾਹਿਬ, ਸਾਡੇ ਚੀਫ ਮਨਿਸਟਰ ਸਾਹਿਬ ਥੇਂਈਂ ਡੈਮ ਤੇ ਗਏ ਸਨ ਅਤੇ ਉਥੇ ਇਨ੍ਹਾਂ ਨੇ ਡੈਮ ਦੇ ਕਰਮਚਾਰੀਆਂ ਦੀਆਂ ਮੁਸ਼ਕਿਲਾਂ ਅਤੇ ਸਮੱਸਿਆਵਾਂ ਨੂੰ ਸੁਣਿਆ ਅਤੇ ਹੱਲ ਕਰਨ ਦਾ ਉਨ੍ਹਾਂ ਦੇ ਨਾਲ ਇਨ੍ਹਾਂ ਨੇ ਵਾਅਦਾ ਕੀਤਾ ਹੈ। ਇਹ ਬੜੀ ਖੁਸ਼ੀ ਦੀ ਗੱਲ ਹੈ। ਉਥੇ ਡੈਮ ਉਤੇ ਜਿਹੜੇ ਕਾਮੇ ਕੰਮ ਕਰਦੇ ਹਨ ਉਹ ਕੰਮ ਕਰਦੇ ਹੋਏ ਮਰ ਵੀ ਜਾਂਦੇ ਹਨ ਅਤੇ ਉਹ ਹੈਂਡੀਕੇਪਡ ਵੀ ਹੋ ਜਾਂਦੇ ਹਨ (ਘੰਟੀ) ਇਨ੍ਹਾਂ ਦੀ ਰੀਹੈਬਲੀਟੇਸ਼ਨ ਲਈ ਸਰਕਾਰ ਨੂੰ ਕੁਝ ਨਾ ਕੁਝ ਕਰਨਾ ਚਾਹੀਦਾ ਹੈ। ਇਸੇ ਤਰ੍ਹਾਂ ਪ੍ਰਾਈਵੇਟ ਸਕੂਲਾਂ ਦੀਆਂ ਸਮੱਸਿਆਵਾਂ ਹਨ। 1967 ਵਿਚ ਪ੍ਰਾਈਵੇਟ ਸਕੂਲਾਂ ਅਤੇ ਸਰਕਾਰ ਵਿਚਕਾਰ ਇਕ ਸਮਝੌਤਾ ਹੋਇਆ ਸੀ ਪਰ ਕਈ ਸਕੂਲਾਂ ਨੇ ਟੀਚਰਜ਼ ਦੇ ਨਾਲ ਉਸ ਐਕਟ ਨੂੰ ਲਾਗੂ ਨਹੀਂ ਕੀਤਾ ਹੈ ਅਤੇ ਐਸੇ ਬਹੁਤ ਸਾਰੇ ਪੰਜਾਬ ਵਿਚ ਸਕੂਲ ਹਨ ਜਿਥੇ ਟੀਚਰਜ਼ ਨੂੰ 6-6 ਮਹੀਨਿਆਂ ਦੀਆਂ ਤਨਖਾਹਾਂ ਹੀ ਨਹੀਂ ਮਿਲੀਆਂ ਹਨ ਅਤੇ ਕਈ ਐਸੇ ਪ੍ਰਾਈਵੇਟ ਸਕੂਲਜ਼ ਹਨ ਜਿਥੇ ਟੀਚਰਜ਼ ਨੂੰ 20-20 ਮਹੀਨਿਆਂ ਤੋਂ ਤਨਖਾਹ ਨਹੀਂ ਮਿਲੀਆਂ ਹਨ ਅਤੇ ਨਾ ਉਨ੍ਹਾਂ ਦੇ ਲਈ ਟੀਚਰਜ਼ ਲੀਵ ਰੂਲਜ਼ ਹਨ ਅਤੇ ਨਾ ਹੀ ਉਨ੍ਹਾਂ ਨੂੰ ਪੈਨਸ਼ਨ ਦੇਣ ਦਾ ਕੋਈ ਪ੍ਰਬੰਧ ਕੀਤਾ ਗਿਆ ਹੈ। ਇਨ੍ਹਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਸਰਕਾਰ ਨੂੰ ਕਰਨੀ ਚਾਹੀਦੀ ਹੈ। ਇਸੇ ਤਰ੍ਹਾਂ ਪਿੰਡਾਂ ਵਿਚ ਪਬਲਿਕ ਹੈਲਥ ਵਾਲੇ ਕੰਮ ਕਰਦੇ ਹਨ ਬਿਜਲੀ ਬੋਰਡ ਦੇ ਕਰਮਚਾਰੀ ਕੰਮ ਕਰਦੇ ਹਨ ਅਤੇ ਉਨ੍ਹਾਂ ਦੀਆਂ ਡੀਮਾਂਡ ਸਰਕਾਰ ਨੂੰ ਮੰਨ ਲੈਣੀਆਂ ਚਾਹੀਦੀਆਂ ਹਨ। ਧਾਰੀਵਾਲ ਵਿਚ ਵਰਕਰਜ਼ ਨੇ ਪਿਛਲੇ 80 ਦਿਨਾਂ ਤੋਂ ਆਪਣੀਆਂ ਮੰਗਾਂ ਦੀ ਖਾਤਰ ਹੜਤਾਲ ਕੀਤੀ ਹੋਈ ਹੈ। ਉਨ੍ਹਾਂ ਦੀਆਂ ਮੰਗਾਂ ਨੂੰ ਸਰਕਾਰ ਮੰਨ ਲਵੇ (ਘੰਟੀ)। ਇਸੇ ਤਰ੍ਹਾਂ ਪਠਾਨਕੋਟ ਦੇ ਮੁਲਾਜ਼ਮਾਂ ਦੀਆਂ ਕੁਝ ਮੰਗਾਂ ਹਨ ਅਤੇ ਉਨ੍ਹਾਂ ਦੀਆਂ ਮੰਗਾਂ ਵੀ ਜਾਇਜ਼

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਹਨ ਅਤੇ ਸਰਕਾਰ ਨੂੰ ਇਨ੍ਹਾਂ ਦੀਆਂ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ ਅਤੇ ਇਨ੍ਹਾਂ ਦੀਆਂ ਸਮੱਸਿਆਵਾਂ ਨੂੰ ਦੂਰ ਕਰਨ ਦੇ ਉਪਰਾਲੇ ਸਰਕਾਰ ਨੂੰ ਕਰਨੇ ਚਾਹੀਦੇ ਹਨ।

**ਸਰਦਾਰ ਕੁਲਦੀਪ ਸਿੰਘ ਵਡਾਲਾ** (ਨਕੋਦਰ) : ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡਾ ਬੜਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਨ੍ਹਾਂ ਡਿਮਾਂਡ ਉਤੇ ਬੋਲਣ ਲਈ ਵਕਤ ਦਿੱਤਾ ਹੈ। ਮੈਂ ਸਪਲੀਮੈਂਟਰੀ ਡੀਮਾਂਡ ਨੰ: 5, 11, 12 ਅਤੇ 19 ਉਤੇ ਬੋਲਾਂਗਾ। ਸਭ ਤੋਂ ਪਹਿਲਾਂ ਮੈਂ ਕੌਂਸਲ ਆਫ ਮਨਿਸਟਰ ਦੇ ਖਰਚੇ ਤੇ ਆਉਂਦਾ ਹਾਂ ਕਿ ਇਹ ਬੜੀ ਚੰਗੀ ਗੱਲ ਹੈ ਕਿ ਪੰਜਾਬ ਵਿਚ ਲੋਕਰਾਜੀ ਢਾਂਚਾ ਕਾਇਮ ਕੀਤਾ ਗਿਆ ਹੈ ਅਤੇ ਲੋਕਰਾਜੀ ਸਿਧਾਂਤ ਉਤੇ ਇਲੈਕਸ਼ਨਾਂ ਹੋਈਆਂ ਅਤੇ ਲੋਕਾਂ ਨੇ ਅਕਾਲੀ ਪਾਰਟੀ ਦੀ ਸਰਕਾਰ ਨੂੰ ਵੋਟਾਂ ਪਈਆਂ ਅਤੇ ਸਾਡੀ ਪਾਰਟੀ ਦੀ ਸਰਕਾਰ ਕਾਇਮ ਕੀਤੀ। ਪਰ ਜੋ ਪੰਜਾਬ ਵਿਚ ਪਹਿਲੇ ਵਾਕਿਆਤ ਹੋਏ ਹਨ ਅਤੇ ਇਸ ਦੀ ਬੈਕਗਰਾਊਂਡ ਬੜੀ ਡੂੰਘੀ ਹੈ। ਇਲੈਕਸ਼ਨਾਂ ਦੇ ਦੌਰਾਨ ਸਾਡੀ ਪਾਰਟੀ ਨੇ ਲੋਕਾਂ ਨਾਲ ਕੁਝ ਵਾਅਦੇ ਕੀਤੇ ਸਨ ਕਿ ਜੇਲ੍ਹਾਂ ਵਿਚ ਬੈਠੇ ਨੌਜਵਾਨਾਂ ਨੂੰ ਰਿਲੀਜ਼ ਕਰਨਾ ਅਤੇ ਜੇਲ੍ਹਾਂ ਦੇ ਵਿਚ ਸੜ ਰਹੇ ਫੌਜੀਆਂ ਨੂੰ ਰਿਲੀਜ਼ ਕਰਵਾਉਣਾ ਅਤੇ ਪੰਜਾਬ ਤੋਂ ਬਾਹਰਲੀਆਂ ਜੇਲ੍ਹਾਂ ਵਿਚ ਬੰਦ ਨੌਜਵਾਨਾਂ ਨੂੰ ਰਿਲੀਜ਼ ਕਰਵਾਉਣ ਦੇ ਵਾਅਦੇ ਸਾਡੀ ਪਾਰਟੀ ਦੇ ਲੋਕਾਂ ਨਾਲ ਕੀਤੇ ਸਨ ਅਤੇ ਅਸੀਂ ਉਨ੍ਹਾਂ ਵਚਨਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ। ਇਹ ਵਚਨ ਪੂਰੇ ਜਲਦੀ ਹੋ ਸਕਦੇ ਹਨ ਅਗਰ ਸਾਨੂੰ ਸੈਂਟਰਲ ਗੌਰਮਿੰਟ ਸਾਡਾ ਸਾਥ ਪੂਰੀ ਤਰ੍ਹਾਂ ਨਾਲ ਦੇਵੇ ਪਰ ਅਫਸੋਸ ਦੀ ਗੱਲ ਹੈ ਕਿ ਪੰਜਾਬ ਸਰਕਾਰ ਦੇ ਯਤਨ ਕਰਨ ਦੇ ਬਾਵਜੂਦ ਸੈਂਟਰਲ ਗੌਰਮਿੰਟ ਇਸ ਕੰਮ ਲਈ ਸਾਡਾ ਸਾਥ ਨਹੀਂ ਦੇ ਰਹੀ ਜਿਸ ਕਰਕੇ ਸਾਡੇ ਵਾਅਦੇ ਪੂਰੇ ਨਹੀਂ ਹੋ ਰਹੇ ਹਨ ਅਤੇ ਨੌਜਵਾਨਾਂ ਵਿਚ ਗੁੱਸਾ ਭਰ ਰਿਹਾ ਹੈ। ਅਕਾਲੀ ਪਾਰਟੀ ਦੇ ਪ੍ਰਧਾਨ ਸੰਤ ਜੀ ਨਾਲ ਅਤੇ ਦੇਸ਼ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਨਾਲ ਇਕ ਪੰਜਾਬ ਅਕਾਰਡ ਹੋਇਆ ਸੀ ਜਿਸ ਨੂੰ ਪੂਰੀ ਤਰ੍ਹਾਂ ਅਮਲੀ ਜਾਮਾ ਅਸੀਂ ਦੇਣਾ ਚਾਹੁੰਦੇ ਹਾਂ ਪਰ ਸੈਂਟਰ ਪਿੱਛੇ ਹਟ ਰਿਹਾ ਹੈ ਅਤੇ ਇਸ ਅਕਾਰਡ ਨੂੰ ਖਟਾਈ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਤਾਂਕਿ ਪੰਜਾਬ ਵਿਚ ਹਾਲਾਤ ਸਟੇਬਲ ਨਾ ਰਹਿਣ। ਇਨ੍ਹਾਂ ਗੱਲਾਂ ਨੂੰ ਧਿਆਨ ਵਿਚ ਰਖਦੇ ਹੋਏ ਸਰਕਾਰ ਨੂੰ ਇਨ੍ਹਾਂ ਨੌਜਵਾਨਾਂ ਨੂੰ ਜੇਲ੍ਹਾਂ ਵਿਚੋਂ ਛੱਡ ਦੇਣਾ ਚਾਹੀਦਾ ਹੈ। ਪਿਛੇ ਜਿਹੜੇ ਪੰਜਾਬ ਵਿਚ ਹਾਲਾਤ ਹੋਏ ਸਨ ਉਸ ਤੋਂ ਸੈਂਟਰਲ ਗੌਰਮਿੰਟ ਨੂੰ ਸਿੱਖਣਾ ਚਾਹੀਦਾ ਹੈ ਅਤੇ ਉਹ ਚਾਹੁੰਦੇ ਹਨ ਕਿ ਇਨ੍ਹਾਂ ਨੌਜਵਾਨਾਂ ਨੂੰ ਸਖਤੀ ਨਾਲ ਕਰੱਸ਼ ਕਰ ਦਿੱਤਾ ਜਾਵੇ। ਉਹ ਸਮਝਦੇ ਹਨ ਕਿ ਦੇਸ਼ ਵਿਚ ਇਹ ਇਕ ਮਿਨਾਰਟੀ ਕਲਾਸ ਹੈ ਅਤੇ ਇਸ ਨੂੰ ਗੋਲੀਆਂ ਨਾਲ ਦਬਾਇਆ ਜਾ ਸਕਦਾ ਹੈ ਪਰ ਪਿਛਲੇ ਹਾਲਾਤ ਤੋਂ ਸਬਕ ਲੈਣਾ ਚਾਹੀਦਾ ਹੈ ਕਿ ਇਹ ਸਿੱਖ ਕੌਮ ਸਖਤੀ ਨਾਲ ਜਾਂ ਗੋਲੀਆਂ ਨਾਲ ਦਬਾਈ ਨਹੀਂ ਜਾ ਸਕਦੀ। ਹਿੰਦ ਦੀ ਸਰਕਾਰ ਨੇ ਪਿੱਛੇ ਸਾਡੇ ਪੀਸ ਮੂਵਮੈਂਟ ਨੂੰ ਗੋਲੀਆਂ ਨਾਲ ਕਰੱਸ਼ ਕਰਨ ਦੀ ਕੋਸ਼ਿਸ਼ ਕੀਤੀ ਸੀ ਪਰ ਇਹ ਪੀਸ ਮੂਵਮੈਂਟ ਕਰੱਸ਼ ਨਹੀਂ ਹੋ ਸਕੀ ਅਤੇ ਅਸੀਂ ਡੈਮੋ-ਕਰੈਟਿਕ ਵੈਲਿਊਜ਼ ਨੂੰ ਅੱਪ ਹੋਲਡ ਕੀਤਾ ਹੈ ਅਤੇ ਕਰਦੇ ਰਹਾਂਗੇ। ਲਾਅ ਐਂਡ ਆਰਡਰ ਨੂੰ ਹੱਲ ਕੀਤਾ ਜਾ ਸਕਦਾ ਹੈ ਅਗਰ ਸੈਂਟਰ ਸਾਡੀ ਮੱਦਦ ਕਰੇ। ਇਥੇ ਵਾਰ ਵਾਰ ਇਹ ਕਿਹਾ ਗਿਆ ਹੈ ਕਿ ਇਨ੍ਹਾਂ ਅੱਤਵਾਦੀਆਂ ਨੂੰ ਸਖਤੀ ਨਾਲ ਕਰੱਸ਼ ਕਰ ਦੇਣਾ ਚਾਹੀਦਾ ਹੈ। ਇਨ੍ਹਾਂ ਨੂੰ ਕਰੱਸ਼ ਕਰਨ ਲਈ ਸਰਦਾਰ ਦਰਬਾਰਾ ਸਿੰਘ ਦੀ ਸਰਕਾਰ ਨੇ ਜ਼ੋਰ ਲਾ ਲਿਆ ਅਤੇ ਹਿੰਦ ਸਰਕਾਰ ਨੇ ਜ਼ੋਰ ਲਾ ਲਿਆ ਹੈ ਪਰ ਉਹ ਕਰੱਸ਼ ਨਹੀਂ ਹੋ ਸਕੇ। ਅਗਰ ਤੁਸੀਂ ਲੋਕਾਂ ਨੂੰ ਗੋਲੀਆਂ ਦੇ ਜ਼ੋਰ ਨਾਲ ਕਰੱਸ਼ ਕਰਦੇ ਰਹੋਗੇ ਤਾਂ ਇਥੇ ਡੈਮੋਕਰੇਸੀ ਖਤਮ ਹੋ ਜਾਵੇਗੀ ਅਤੇ ਇਥੇ ਫੇਰ ਡਿਕ-ਟੇਟਰਸ਼ਿਪ ਦਾ ਰਾਜ ਹੋ ਜਾਵੇਗਾ ਅਤੇ ਕਮਿਊਨਿਸਟ ਸਰਕਾਰ ਬਣ ਜਾਵੇਗੀ। ਸਾਨੂੰ ਚਾਹੀਦਾ ਹੈ ਕਿ

Original with;
Punjab Vidhan Sabha
Digitized by;
Panjab Digital Library

ਇਨ੍ਹਾਂ ਨੌਜਵਾਨਾਂ ਨੂੰ ਗੋਲੀਆਂ ਨਾਲ ਕਰੱਸ਼ ਕਰਨ ਦੀ ਬਜਾਏ ਇਨ੍ਹਾਂ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਟੇਬਲ ਤੇ ਬੈਠ ਕੇ ਗੱਲਬਾਤ ਰਾਹੀਂ ਹੱਲ ਕਰਨਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਸਮਝਣਾ ਚਾਹੀਦਾ ਹੈ ਤਾਂਕਿ ਉਹ ਇਹ ਮਹਿਸੂਸ ਕਰ ਸਕਣ ਕਿ ਉਹ ਵੀ ਹਿੰਦੁਸਤਾਨ ਦੇ ਸ਼ਹਿਰੀ ਹਨ ਅਤੇ ਪੰਜਾਬ ਦੇ ਚੰਗੇ ਸ਼ਹਿਰੀ ਹਨ। ਗੋਲੀਆਂ ਦੇ ਨਾਲ ਮਸਲੇ ਹੱਲ ਨਹੀਂ ਹੁੰਦੇ ਹਨ ਜਿਸ ਤਰ੍ਹਾਂ ਸੈਂਟਰ ਦੀ ਸਰਕਾਰ ਚਾਹੁੰਦੀ ਹੈ। ਹਿੰਦ ਸਰਕਾਰ ਚਾਹੁੰਦੀ ਹੈ ਕਿ ਇਥੇ ਪੰਜਾਬ ਵਿਚ ਮਿਲਟਰੀ ਰਾਜ ਲਾਗੂ ਕੀਤਾ ਜਾਵੇ। ਇਹ ਪਹਿਲੇ ਵੀ ਪੰਜਾਬ ਵਿਚ ਲਾਗੂ ਕੀਤਾ ਸੀ ਅਤੇ ਹੁਣ ਵੀ ਇਹ ਕਰਨਾ ਚਾਹੁੰਦੇ ਹਨ ਪਰ ਹਿੰਦ ਸਰਕਾਰ ਨੂੰ ਜੰਮੂ ਐਂਡ ਕਸ਼ਮੀਰ ਤੋਂ ਸਬਕ ਲੈਣਾ ਚਾਹੀਦਾ ਹੈ। ਉਥੇ ਕੀ ਹੋਇਆ ਹੈ। ਇਕ ਬੇਨਤੀ ਮੈਂ ਮਨਿਸਟਰ ਸਾਹਿਬ ਨੂੰ ਕਰਨੀ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਨੂੰ ਬਣੇ 5 ਮਹੀਨੇ ਹੋ ਗਏ ਹਨ ਅਤੇ ਸਰਕਾਰ ਨੂੰ ਜ਼ਿਲ੍ਹਿਆਂ ਵਿਚ ਗਰੀਵੈਂਸਿਜ਼ ਕਮੇਟੀਜ਼ ਬਣਾ ਦੇਣੀਆਂ ਚਾਹੀਦੀਆਂ ਹਨ ਤਾਂਕਿ ਉਥੇ ਲੋਕਾਂ ਦੀਆਂ ਪ੍ਰਾਬਲਮਜ਼ ਨੂੰ ਦੂਰ ਕੀਤਾ ਜਾ ਸਕੇ ਅਤੇ ਇਹ ਕਮੇਟੀਜ਼ ਸਬ-ਡਿਵੀਜ਼ਨਲ ਲੈਵਲ ਤੇ ਵੀ ਹੋਣੀਆਂ ਚਾਹੀਦੀਆਂ ਹਨ ਤਾਂਕਿ ਪੰਜਾਬ ਦੇ ਪਿੰਡਾਂ ਦੇ ਲੋਕਾਂ ਦੀਆਂ ਜਿਹੜੀਆਂ ਪਰੇਸ਼ਾਨੀਆਂ ਹਨ ਉਹ ਇਨ੍ਹਾਂ ਕਮੇਟੀਜ਼ ਵਿਚ ਆ ਸਕਣ ਅਤੇ ਦੂਰ ਹੋ ਸਕਣ। ਇਸ ਵੱਲ ਸਰਕਾਰ ਨੂੰ ਖਾਸ ਧਿਆਨ ਦੇਣ ਦੀ ਲੋੜ ਹੈ। ਇਸ ਤੋਂ ਅਗਲੀ ਗੱਲ ਡੀਮਾਂਡ ਨੰ: 4 ਜਿਹੜੀ ਲੋਕਲ ਬਾਡੀਜ਼ ਦੀਆਂ ਇਲੈਕਸ਼ਨਾਂ ਬਾਰੇ ਹੈ। ਇਥੇ ਪੰਜਾਬ ਵਿਚ ਲੋਕਲ ਬਾਡੀਜ਼ ਦੀਆਂ ਇਲੈਕ-ਸ਼ਨਾਂ ਅਧੂਰੀਆਂ ਪਈਆਂ ਹਨ। ਇਥੇ ਇਲੈਕਸ਼ਨਾਂ ਪੰਜਾਬ ਵਿਚ ਕਰਵਾਉਣ ਲਈ ਸਰਕਾਰ ਨੂੰ ਕਦਮ ਚੁੱਕਣੇ ਚਾਹੀਦੇ ਹਨ ਤਾਂਕਿ ਡੈਮੋਕਰੇਸੀ ਕਾਇਮ ਹੋ ਸਕੇ।

**Mr. Deputy Speaker**: Guillotine was to be applied at 12.00 Noon. If the hon. Members agree, the Guillotine be applied at 12.45 P.M. Is it the pleasure of the House?

**Voices**: Yes, Yes.

**Mr. Deputy Speaker** : The Guillotine will be applied at 12.45 P.M.

**ਸਰਦਾਰ ਕੁਲਦੀਪ ਸਿੰਘ ਵਡਾਲਾ** : ਡਿਪਟੀ ਸਪੀਕਰ ਸਾਹਿਬ, ਮੈਂ ਲੋਕਲ ਬਾਡੀਜ਼ ਦੀਆਂ ਇਲੈਕਸ਼ਨਾਂ ਦੇ ਮੁਤੱਲਿਕ ਗੱਲ ਕਰ ਰਿਹਾ ਸੀ। ਇਹ ਇਲੈਕਸ਼ਨਾਂ ਪੰਜਾਬ ਵਿਚ ਮਿਉਂਸਪਲ ਕਾਰ-ਪੋਰੇਸ਼ਨ, ਮਿਉਂਸਪਲ ਕਮੇਟੀਜ਼ ਅਤੇ ਕੋਆਪਰੇਟਿਵ ਸੋਸਾਇਟੀਜ਼ ਵਿਚ ਹੋਣੀਆਂ ਹਨ ਅਤੇ ਇਹ ਇਲੈਕ-ਸ਼ਨਾਂ ਹੋਣ ਕਰਕੇ ਇਨ੍ਹਾਂ ਮਹਿਕਮਿਆਂ ਵਿਚ ਬੜੀਆਂ ਧਾਂਦਲੀਆਂ ਹੋ ਰਹੀਆਂ ਅਤੇ ਕੁਰੱਪਸ਼ਨ ਚਲ ਰਹੀ ਹੈ ਅਤੇ ਐਡਮਨਿਸਟਰੇਸ਼ਨ ਦਾ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੋ ਰਿਹਾ ਹੈ। ਅਕਾਲੀ ਪਾਰਟੀ ਦੀ ਸਰਕਾਰ ਨੂੰ ਇਹ ਇਲੈਕਸ਼ਨਾਂ ਜਲਦੀ ਤੋਂ ਜਲਦੀ ਕਰਵਾ ਦੇਣੀਆਂ ਚਾਹੀਦੀਆਂ ਹਨ।

ਡਿਪਟੀ ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਉਥੇ ਇਲੈਕਸ਼ਨਾਂ ਨਹੀਂ ਹੋ ਸਕਦੀਆਂ। ਉਥੇ ਜ਼ਿਲ੍ਹੇ ਦੇ ਐਮ. ਐਲ. ਏਜ਼ ਅਤੇ ਪਾਰਲੀਮੈਂਟ ਦੇ ਮੈਂਬਰਾਂ ਦੀ ਇਕ ਕਮੇਟੀ ਬਣਾਉਣੀ ਚਾਹੀਦੀ ਹੈ। ਫਿਰ ਉਥੇ ਦੇ ਕੰਮ ਨੂੰ ਮੁਕੰਮਲ ਕੀਤਾ ਜਾ ਸਕੇਗਾ। ਹੁਣ ਇਥੇ ਕੰਮ ਠੀਕ ਤਰੀਕੇ ਦੇ ਨਾਲ ਨਹੀਂ ਚੱਲ ਰਿਹਾ ਹੈ। ਇਸੇ ਤਰ੍ਹਾਂ ਮਿਉਂਸਪਲ ਕਮੇਟੀਆਂ ਹਨ। ਉਨ੍ਹਾਂ ਵਿਚ ਸਾਡੇ ਜੱਥੇਬੰਦੀਆਂ ਦੇ ਨੁਮਾਇੰਦੇ ਨਾਲ ਐਮ. ਐਲ. ਏਜ਼. ਮਿਲ ਕੇ ਉਸ ਦੇ ਪ੍ਰਬੰਧ ਵੱਲ ਧਿਆਨ ਦਿਵਾਉਣਾ ਚਾਹੀਦਾ ਹੈ। ਮਾਰਕਿਟ ਕਮੇਟੀਆਂ ਦੇ ਨੁਮਾਇੰਦੇ ਬਣਾਕੇ ਉਸਾਰੀ ਪੱਖ ਵੱਲ ਧਿਆਨ ਦਿੱਤਾ ਜਾਣਾ ਚਾਹੀਦਾ ਹੈ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕੁਲਦੀਪ ਸਿੰਘ ਵਡਾਲਾ]

ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 5 ਰੈਵੇਨਿਊ ਬਾਰੇ ਹੈ। ਇਸ ਦਾ ਕਿਸਾਨ ਨਾਲ ਤੁਅੱਲਕ ਹੈ। ਸਾਡੀ ਸਟੇਟ ਦੀ ਤਰੱਕੀ ਅਤੇ ਸਾਡੀ ਇਕਾਨੋਮੀ ਇਸ ਤੇ ਡਿਪੈਂਡ ਕਰਦੀ ਹੈ। ਬੜੇ ਅਫਸੋਸ ਦੇ ਨਾਲ ਕਹਿਣਾ ਪੈਂਦਾ ਹੈ ਕਿ ਹਿੰਦ ਸਰਕਾਰ ਨੇ ਕਿਸਾਨਾਂ ਨਾਲ 35 ਸਾਲਾਂ ਤੋਂ ਮਾੜਾ ਸਲੂਕ ਕੀਤਾ ਹੈ। ਜੇਕਰ ਕਾਰ ਦੀ ਕੀਮਤ ਘੱਟ ਹੋਏ ਤਾਂ ਸੁਪਰੀਮ ਕੋਰਟ ਚਲੇ ਜਾਂਦੇ ਹਨ ਕਿ ਇਸ ਕਾਰ ਦੀ ਕੀਮਤ ਜ਼ਿਆਦਾ ਲਈ ਜਾਵੇ। ਫੀਏਟ ਕਾਰ ਦੀ ਕੀਮਤ 85,000 ਰੁਪਏ ਤੋਂ 90,000 ਰੁਪਿਆ ਕੀਤੀ ਜਾਵੇ। ਜਦੋਂ ਸਾਡੇ ਸਾਇੰਸਦਾਨ ਕਹਿੰਦੇ ਹਨ ਕਿ 200 ਰੁਪਿਆ ਕੁਇੰਟਲ ਕਿਸਾਨਾਂ ਨੂੰ ਜੀਰੀ ਦੀ ਫਸਲ ਦਾ ਦਿੱਤਾ ਜਾਵੇ ਪਰ ਸੈਂਟਰ ਸਰਕਾਰ ਨੇ ਕਦੇ ਵੀ ਕਿਸਾਨਾਂ ਨੂੰ ਵਾਜਬ ਕੀਮਤ ਨਹੀਂ ਦਿੱਤੀ। ਸਿਰਫ ਪੰਜ ਰੁਪਏ ਵਧਾ ਕੇ ਸਾਡੇ ਨਾਲ ਮਖੌਲ ਕੀਤਾ ਗਿਆ ਹੈ। ਸਾਡੇ ਨੌਜਵਾਨਾਂ ਦਾ ਅਤੇ ਸ਼੍ਰੋਮਣੀ ਅਕਾਲੀ ਦਲ ਦਾ ਇਸ ਨਾਲ ਤੁਅੱਲਕ ਹੈ। ਜੇਕਰ ਸੈਂਟਰ ਸਰਕਾਰ ਨੇ ਇਸ ਬਾਰੇ ਨਾ ਸੋਚਿਆ ਤਾਂ ਸਾਨੂੰ ਕੋਈ ਨਵਾਂ ਰਾਹ ਅਖਤਿਆਰ ਕਰਨਾ ਪਏਗਾ। ਖਾਦਾਂ ਦੇ, ਪੈਟਰੋਲ ਦੇ, ਡੀਜ਼ਲ ਦੇ ਰੇਟ ਵਧਾਏ ਗਏ ਜਿਸ ਕਰਕੇ ਪੰਜਾਬ ਦਾ ਕਿਸਾਨ ਅਤੇ ਪੰਜਾਬ ਦਾ ਨੌਜਵਾਨ ਇਸ ਗੱਲ ਤੇ ਦੁਖੀ ਹੈ। ਜੇਕਰ ਸੈਂਟਰ ਸਰਕਾਰ ਵੱਲੋਂ ਪੰਜਾਬ ਤੇ ਜ਼ਿਆਦ-ਤੀਆਂ ਹੁੰਦੀਆਂ ਰਹੀਆਂ ਤਾਂ ਪਿੰਡਾਂ ਦੇ ਨੌਜਵਾਨ, ਪੰਜਾਬ ਦੇ ਲੋਕ ਕਿਸ ਤਰੀਕੇ ਨਾਲ ਸਹਿਨ ਕਰਨਗੇ। ਉਨ੍ਹਾਂ ਗਰੀਬਾਂ ਤੇ ਹੋਰ ਭਾਰ ਪਾ ਦਿੱਤਾ ਗਿਆ ਹੈ। ਇਸ ਵੱਲ ਸਾਡੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ। ਸਾਰੇ ਪੰਜਾਬੀਆਂ ਨੂੰ ਇਕੱਠੇ ਹੋ ਕੇ ਹਿੰਦ ਸਰਕਾਰ ਤੇ ਜ਼ੋਰ ਪਾਉਣਾ ਚਾਹੀਦਾ ਹੈ। ਰੈਵੇਨਿਊ ਮਨਿਸਟਰ ਸਾਹਿਬ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ। ਪੰਜਾਬ ਦੇ ਕਿਸਾਨਾਂ ਨਾਲ ਜੋ ਵਿਤਕਰਾ ਹੋ ਰਿਹਾ ਹੈ, ਉਸ ਨੂੰ ਠੀਕ ਕੀਤਾ ਜਾਵੇ। ਪੰਜਾਬ ਦੀ ਅਫਸਰ-ਸ਼ਾਹੀ ਨੂੰ ਠੀਕ ਕੀਤਾ ਜਾਵੇ। ਜੇਕਰ ਕੋਈ ਕਿਸਾਨ ਰਜਿਸਟਰੀ ਕਰਾਉਣ ਜਾਂਦਾ ਹੈ ਤਾਂ ਉਸ ਕੋਲੋਂ ਜੇਕਰ 500 ਰੁਪਏ ਲੈਣੇ ਹੁੰਦੇ ਹਨ ਤਾਂ 100 ਰੁਪਿਆ ਲੈ ਕੇ ਆਪਣੀ ਜੇਬ ਵਿਚ ਪਾ ਲੈਂਦੇ ਹਨ ਅਤੇ ਉਨ੍ਹਾਂ ਗਰੀਬ ਕਿਸਾਨਾਂ ਨੂੰ ਕੋਈ ਰਸੀਦ ਨਹੀਂ ਦਿੰਦੇ। ਮੈਂ ਪਾਰਟੀਕੁਲਰ ਡਿਪਟੀ ਸਪੀਕਰ ਸਾਹਿਬ, ਕਿਸੇ ਅਫਸਰ ਦਾ ਨਾਂ ਲੈਣਾ ਹਾਊਸ ਵਿਚ ਠੀਕ ਨਹੀਂ ਸਮਝਦਾ ਪਰ ਜੇਕਰ ਪੜਤਾਲ ਇਸ ਦੀ ਕਰਾਈ ਜਾਵੇ ਤਾਂ ਇਹ ਇਲਜ਼ਾਮ ਠੀਕ ਸਾਬਤ ਹੋਵੇਗਾ। ਸਾਰੇ ਜ਼ਿਲ੍ਹਿਆਂ ਵਿਚ ਹੀ ਇਸ ਦੀ ਦੁਰ ਵਰਤੋਂ ਹੁੰਦੀ ਹੈ। ਇਸ ਮੰਗ ਵੱਲ ਰੈਵੇਨਿਊ ਮਨਿਸਟਰ ਸਾਹਿਬ, ਧਿਆਨ ਦੇਣ ਦੀ ਖੇਚਲ ਕਰਨ।

ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 9 ਸਿਵਲ ਸੈਕਰੇਟੇਰੀਏਟ ਬਾਰੇ ਹੈ। ਇਥੇ ਹਾਊਸ ਵਿਚ ਅਫਸਰ ਸਾਹਿਬਾਨ ਵੀ ਸੁਣ ਰਹੇ ਹਨ। ਕਾਫੀ ਸੈਕਟਰੀ ਸਾਹਿਬਾਨ ਵੀ ਬੈਠੇ ਹਨ। ਇਨ੍ਹਾਂ ਦੇ ਦਫਤਰਾਂ ਵਿਚ ਇਕ ਚਰਚਾ ਹੈ ਕਿ ਓਵਰ ਲੋਡ ਸਟਾਫ ਹੈ। ਅਫਸਰਾਂ ਨੂੰ ਦੋ, ਦੋ ਘੰਟੇ ਕਾਗਜ਼ ਨਹੀਂ ਲਭਦਾ, ਉਨ੍ਹਾਂ ਨੂੰ ਪਤਾ ਨਹੀਂ ਕਿ ਉਹ ਕਿਸ ਹਿਸਾਬ ਕਿਤਾਬ ਨਾਲ ਕੰਮ ਕਰਦੇ ਹਨ। ਉਨ੍ਹਾਂ ਨੂੰ ਨਹੀਂ ਪਤਾ ਕਿ ਕੁਲ ਸਟਾਫ ਕਿਤਨਾ ਹੈ ਅਤੇ ਕੁਲ ਵਰਕ ਲੋਡ ਕਿਤਨਾ ਹੈ। ਇਕ ਬੰਦਾ ਕਿਤਨੀਆਂ ਫਾਈਲਾਂ ਤੇ ਦਸਤਖਤ ਕਰਦਾ ਹੈ। ਮੇਰਾ ਆਪਣਾ ਜਾਤੀ ਤਜਰਬਾ ਹੈ। ਮੈਂ ਇਕ ਦਰਖਾਸਤ ਦਿੱਤੀ ਸੀ। ਜਦੋਂ ਮੈਂ ਸੈਕਟਰੀ ਸਾਹਿਬਾਨ ਕੋਲ ਗਿਆ ਅਤੇ ਕਿਹਾ ਕਿ ਮੈਂ ਇਕ ਦਰਖਾਸਤ ਦਿੱਤੀ ਸੀ, ਉਹ ਲੱਭ ਕੇ ਦਿਓ। ਉਸ ਨੇ ਕਿਹਾ ਕਿ ਫਲਾਣੇ ਸੈਕਟਰੀ ਸਾਹਿਬ ਕੋਲੋਂ ਪੁੱਛ ਲਵੋ। ਉਸ ਨੇ ਇਹ ਨਹੀਂ ਕਿਹਾ ਕਿ ਤੁਸੀਂ ਐਮ. ਐਲ. ਏ. ਹੋ ਅਤੇ ਬੈਠੋ ਅਸੀਂ ਦਰਖਾਸਤ ਲੱਭ ਦਿੰਦੇ ਹਾਂ। ਡਿਪਟੀ ਸਪੀਕਰ ਸਾਹਿਬ, ਇਹ ਸਾਰੀਆਂ ਗੱਲਾਂ ਵਿਚਾਰਨ ਵਾਲੀਆਂ ਹਨ। ਕਿਸੇ ਐਮ. ਐਲ. ਏ. ਦੀ ਦਰਖਾਸਤ ਟਰੇਸ ਆਊਟ ਨਹੀਂ ਕਰ ਸਕਦੇ।

Original with;
Punjab Vidhan Sabha
Digitized by;
Panjab Digital Library

ਡਿਪਟੀ ਸਪੀਕਰ ਸਾਹਿਬ, ਡਿਸਟ੍ਰਿਕਟ ਐਡਮਨਿਸਟਰੇਸ਼ਨ ਬਾਰੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਜਲੰਧਰ ਜ਼ਿਲ੍ਹੇ ਵਿਚ ਮਿਨੀ ਸੈਕਟਰੀਏਟ ਬਣ ਰਿਹਾ ਹੈ। ਸਾਡੇ ਪੰਜਾਬ ਵਿਚ ਸਾਰੇ ਜ਼ਿਲ੍ਹਿਆਂ ਵਿਚ ਦਫਤਰ ਖਿਲਰੇ ਪਏ ਹਨ। ਇਥੇ ਸੈਕਟਰੀ ਸਾਹਿਬਾਨ ਬੈਠੇ ਹਾਊਸ ਵਿਚ ਸੁਣ ਰਹੇ ਹਨ। ਜਿਤਨਾ ਕਰਾਇਆ ਪੰਜਾਬ ਸਰਕਾਰ ਹੁਣ ਦੇ ਰਹੀ ਹੈ ਜੇਕਰ ਬੈਂਕ ਤੋਂ ਪੈਸੇ ਲੈ ਕੇ ਬਿਲਡਿੰਗਜ਼ ਬਣਾਈਆਂ ਜਾਣ ਤਾਂ ਉਤਨੇ ਪੈਸੇ ਕਰਾਏ ਵਿਚੋਂ ਬਚ ਜਾਣਗੇ। ਇਸ ਤਰ੍ਹਾਂ ਜੋ ਦਫਤਰ ਹੁਣ ਇਕ ਪਿੰਡ ਹੈ ਅਤੇ ਦੂਸਰਾ ਦੂਜੇ ਸ਼ਹਿਰ ਵਿਚ ਹੈ। ਉਹ ਸਾਰੇ ਇਕੱਠੇ ਹੋ ਜਾਣਗੇ। ਸਾਰੇ ਅਫਸਰ ਸਾਹਿਬਾਨ ਇਕੱਠੇ ਬੈਠੇ ਹੋਣਗੇ। ਇਸ ਲਈ ਦਫਤਰ ਲੱਭਣ ਵਿਚ ਕੋਈ ਮੁਸ਼ਕਲ ਕਿਸੇ ਨੂੰ ਨਹੀਂ ਆਵੇਗੀ। ਇਸ ਲਈ ਡਿਪਟੀ ਸਪੀਕਰ ਸਾਹਿਬ, ਮੈਂ ਸਰਕਾਰ ਨੂੰ ਕਹਾਂਗਾ ਕਿ ਮਿਨੀ ਸੈਕਟੇਰੀਏਟ ਮੁਕੰਮਲ ਕੀਤੇ ਜਾਣ। ਮੈਂ, ਡਿਪਟੀ ਸਪੀਕਰ ਸਾਹਿਬ, ਨਕੋਦਰ ਪਿੰਡ ਦੀ ਨੁਮਾਇੰਦਗੀ ਕਰਦਾ ਹਾਂ। ਜੂਡੀਸ਼ਰੀ ਦਾ ਦਫਤਰ ਇਕ ਪਾਸੇ ਹੈ, ਅਤੇ ਦੂਸਰਾ ਦਫਤਰ ਦੂਜੇ ਪਾਸੇ ਹੈ। ਸਰਦਾਰ ਬਲਵੰਤ ਸਿੰਘ ਵਿੱਤ ਮੰਤਰੀ ਜੀ ਵੀ ਉਸ ਇਲਾਕੇ ਨਾਲ ਸਬੰਧ ਰੱਖਦੇ ਹਨ। ਇਸ ਲਈ ਮੈਂ ਵਜ਼ੀਰ ਸਾਹਿਬ ਨੂੰ ਕਹਾਂਗਾ ਕਿ ਨਕੋਦਰ ਤਹਿਸੀਲ ਦੇ ਦਫਤਰਾਂ ਨੂੰ ਇਕੱਠਾ ਕਰਕੇ, ਉਨ੍ਹਾਂ ਦੀਆਂ ਮੁਸ਼ਕਲਾਂ ਵੱਲ ਧਿਆਨ ਦਿੱਤਾ ਜਾਵੇ।

ਜ਼ਿਲ੍ਹਾ ਜਲੰਧਰ ਵਿਚ ਜੇਲ੍ਹ ਬਹੁਤ ਪੁਰਾਣੀ ਹੈ। ਜਦੋਂ ਸ੍ਰੀ **ਯਸ਼** ਜੀ ਮਨਿਸਟਰ ਹੁੰਦੇ ਸਨ ਤਾਂ ਉਸ ਵੇਲੇ ਜ਼ਮੀਨ ਐਕੁਆਇਰ ਕਰਦੇ ਫਿਰਦੇ ਸੀ। ਜੇਲ੍ਹਾਂ ਦਾ ਬਹੁਤ ਮੰਦਾ ਹਾਲ ਹੈ। ਅਸੀਂ ਕਾਫੀ ਦੇਰ ਜੇਲ੍ਹਾਂ ਵਿਚ ਰਹੇ ਹਾਂ। ਹੁਣ ਸ਼ਾਇਦ ਇਨ੍ਹਾਂ ਦੀ ਵਾਰੀ ਆ ਜਾਏ। (ਥੰਪਿੰਗ) ਇਹ ਸਮਝਣ ਕਿ ਸਾਡੇ ਨਾਲ ਇਨਸਾਨਾਂ ਵਰਗਾ ਸਲੂਕ ਕੀਤਾ ਹੈ। ਜੇਲ੍ਹਾਂ ਵਿਚ ਸੁਧਾਰ ਕੀਤਾ ਜਾਵੇ ਅਤੇ ਹਰ ਜੇਲ੍ਹ ਵਿਚ ਬੀ. ਕਲਾਸ ਮੁਹੱਈਆ ਕਰਨ ਦੀ ਥਾਂ ਹੋਵੇ। ਇਸ ਪਾਸੇ ਵੱਲ ਮੇਰੀ ਸਰਕਾਰ ਨੂੰ ਧਿਆਨ ਦੇਣਾ ਚਾਹੀਦਾ ਹੈ।

ਡਿਪਟੀ ਸਪੀਕਰ ਸਾਹਿਬ, ਡਿਮਾਂਡ ਨੰ: 21 ਹਾਊਸਿੰਗ ਅਤੇ ਅਰਬਨ ਡਿਵੈਲਪਮੈਂਟ ਬਾਰੇ ਹੈ। ਜੇਕਰ ਮਕਾਨਾਂ ਦੀ ਪੜਤਾਲ ਕਰਾਈ ਜਾਵੇ ਤਾਂ ਪਤਾ ਲੱਗੇਗਾ ਕਿ ਉਥੇ ਮਕਾਨਾਂ ਵਿਚ ਹਵਾ ਦਾ ਪ੍ਰਬੰਧ ਨਹੀਂ ਹੈ, ਸੈਨੀਟੇਸ਼ਨ ਦਾ ਉਥੇ ਪ੍ਰਬੰਧ ਨਹੀਂ ਹੈ। ਇਕ ਡਿਪਟੀ ਸਪੀਕਰ ਸਾਹਿਬ, ਅਰਬਨ ਕਲੋਨਾਈਜ਼ੇਸ਼ਨ ਐਕਟ ਹੈ। ਉਸ ਰਾਹੀਂ ਸਿਰਫ ਦੋ ਸੁਸਾਇਟੀਆਂ ਨੂੰ ਲਸੰਸ ਮਿਲੇ ਹਨ। ਇਹ ਐਕਟ ਠੀਕ ਨਹੀਂ ਹੈ। ਮੈਂ, ਡਿਪਟੀ ਸਪੀਕਰ ਸਾਹਿਬ, ਤੁਹਾਡੇ ਰਾਹੀਂ ਸੀ. ਐਮ. ਸਾਹਿਬ ਨੂੰ ਕਹਾਂਗਾ ਕਿ ਉਸ ਐਕਟ ਨੂੰ ਅਮੈਂਡ ਕਰਕੇ ਠੀਕ ਕੀਤਾ ਜਾਵੇ। ਉਸ ਐਕਟ ਨੂੰ ਪ੍ਰੈਕਟੀਕਲੀ ਠੀਕ ਸ਼ੇਪ ਦਿੱਤੀ ਜਾਵੇ। ਸ਼ਹਿਰਾਂ ਵਿਚ ਲੋਕ ਚਾਹੁੰਦੇ ਹਨ ਕਿ 10 ਮਰਲੇ ਦਾ ਪਲਾਟ ਲੈ ਕੇ ਮਕਾਨ ਬਣਾਇਆ ਜਾਵੇ ਪਰ ਉਨ੍ਹਾਂ ਲੋਕਾਂ ਨੂੰ ਤੰਗ ਕੀਤਾ ਜਾਂਦਾ ਹੈ। ਇਸ ਕਰਕੇ ਐਕਟ ਨੂੰ ਅਮੈਂਡ ਕਰਕੇ ਲੋਕਾਂ ਨੂੰ ਰਾਹਤ ਦਿੱਤੀ ਜਾਵੇ। ਡਿਪਟੀ ਸਪੀਕਰ ਸਾਹਿਬ, ਅਰਬਨ ਸੀਲਿੰਗ ਦੀ ਗੱਲ ਮੁੜ ਘੁੜ ਕਿਸਾਨਾਂ ਤੇ ਆ ਜਾਂਦੀ ਹੈ। ਕਿਸਾਨਾਂ ਨੂੰ ਲੁੱਟਿਆ ਗਿਆ ਹੈ। ਜੋ ਡਿਪਟੀ ਸਪੀਕਰ ਸਾਹਿਬ, ਮਾਸਟਰ ਪਲਾਨ ਦਾ ਮਸਲਾ ਹੈ। ਪੰਜਾਬ ਵਿਚ ਕਿਸੇ ਪਿੰਡ ਜਾਂ ਸ਼ਹਿਰ ਵਿਚ ਮਾਸਟਰ ਪਲਾਨ ਦੀ ਇੰਪਲੀਮੈਂਟੇਸ਼ਨ ਨਹੀਂ ਹੋਈ, ਨੋਟੀਫਾਈ ਨਹੀਂ ਹੋਇਆ। ਕਿਸਾਨਾਂ ਨੂੰ ਸਜ਼ਾ ਦਿਤੀ ਗਈ ਹੈ। ਕਿਸਾਨ ਜੇਲ੍ਹਾਂ ਵਿਚ ਚਲੇ ਗਏ, ਉਨ੍ਹਾਂ ਕਿਸਾਨਾਂ ਤੋਂ ਰਕਮ ਭਰਾਈ ਗਈ।

ਸਰਕਾਰ ਨੇ ਉਨ੍ਹਾਂ ਤੋਂ 10–10, 20–20 ਹਜ਼ਾਰ ਰੁਪਏ ਲੈ ਲਏ। ਮੈਂ ਇਹ ਬੇਨਤੀ ਕਰਦਾ ਹਾਂ ਕਿ ਸਰਕਾਰ ਇਸ ਕਾਨੂੰਨ ਨੂੰ ਅਮੈਂਡ ਕਰੇ ਅਤੇ ਪੂਰਾ ਮੁਆਵਜ਼ਾ ਦਿੱਤਾ ਜਾਵੇ। ਜਿੰਨਾ ਚਿਰ ਮਾਸਟਰ ਪਲੈਨ ਨਹੀਂ ਬਣਦਾ, ਅਰਬਨ ਸੀਲਿੰਗ ਨੂੰ ਲਾਗੂ ਨਾ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

[ਸਰਦਾਰ ਕੁਲਦੀਪ ਸਿੰਘ ਵਡਾਲਾ]

ਡਿਪਟੀ ਸਪੀਕਰ ਸਾਹਿਬ, ਲੇਬਰ, ਇੰਪਲਾਇਮੈਂਟ ਐਂਡ ਇੰਡਸਟਰੀਅਲ ਟਰੇਨਿੰਗ ਬਾਰੇ ਮੇਰੀ ਅਗਲੀ ਬੇਨਤੀ ਹੈ ਕਿ ਇਹ ਮਾਮਲਾ ਬੜਾ ਗੰਭੀਰ ਹੈ ਅਤੇ ਨੌਜਵਾਨ ਬੇਕਾਰ ਹਨ। ਅੱਜ ਇਸ ਸਮੱਸਿਆ ਨੂੰ ਇਕੱਲਿਆਂ ਇਮਪਲਾਇਮੈਂਟ ਐਕਸਚੇਂਜ ਦੇ ਥਰੂ ਨੌਕਰੀਆਂ ਦੇ ਕੇ ਹੱਲ ਕਰਨਾ ਸ਼ਾਇਦ ਕਾਮਯਾਬ ਨਾ ਹੋ ਸਕੇ ਜਾਂ ਮਹਿਕਮਿਆਂ ਵਿੱਚ ਵੱਧ ਭਰਤੀ ਕਰਨ ਨਾਲ ਸ਼ਾਇਦ ਅੱਜ ਦੇ ਯੁੱਗ ਵਿੱਚ ਇਹ ਸਮੱਸਿਆ ਹੱਲ ਨਾ ਹੋ ਸਕੇ ਕਿਉਂਕਿ ਜਿਸ ਸਪੀਡ ਨਾਲ ਪੰਜਾਬ ਦੀ, ਹਿੰਦੁਸਤਾਨ ਦੀ ਅਬਾਦੀ ਵੱਧ ਰਹੀ ਹੈ ਅਤੇ ਐਜੂਕੇਸ਼ਨ ਵੀ ਵਧ ਰਹੀ ਹੈ, ਉਸ ਸਪੀਡ ਨਾਲ ਹੀ ਸੈਲਫ-ਇੰਪਲਾਇਮੈਂਟ ਨੂੰ ਬੜ੍ਹਾਵਾ ਦੇਣ ਦੀ ਲੋੜ ਹੋਵੇਗੀ। ਜਿਹੜੇ ਸ਼ੈਡਿਊਲਡ ਕਾਸਟ ਵੀਰਾਂ ਨੂੰ ਸੈਲਫ ਇਮਪਲਾਇਮੈਂਟ ਲਈ 5-5, 6-6 ਹਜ਼ਾਰ ਦੇ ਲੋਨ ਦਿੱਤੇ ਜਾਂਦੇ ਹਨ, ਉਹ ਸਾਰੇ ਘਾਟੇ ਵਾਲੇ ਸਿੱਧ ਹੁੰਦੇ ਹਨ। ਅੱਜ ਕੋਈ ਵੀ ਸ਼ਡਿਊਲਡ ਕਾਸਟ ਨਹੀਂ ਮਿਲਦਾ ਜਿਸਨੇ 5,000 ਲੋਨ ਲਿਆ ਹੋਵੇ ਅਤੇ ਘਾਟੇ ਵਿਚ ਨਾ ਗਿਆ ਹੋਵੇ। ਉਹ ਕਦੇ ਵੀ ਦੁੱਧ ਵੇਚ ਕੇ ਇਸ ਦੇ ਪੈਸੇ ਨਹੀਂ ਮੋੜ ਸਕਦਾ, ਉਸ ਨੂੰ ਹਮੇਸ਼ਾਂ ਆਪਣਾ ਘਰ ਵੇਚਣਾ ਪੈਂਦਾ ਹੈ ਅਤੇ ਪੈਸੇ ਦਿੱਤੇ ਹੋਣਗੇ। ਦੂਜੇ ਡਿਸਬਰਸਮੈਂਟ ਕਰਨ ਵਾਲੇ ਹੀ ਉਸਦੇ ਪੈਸੇ ਖਾ ਜਾਂਦੇ ਹਨ। ਉਸ ਨੂੰ ਇਸ ਲੋਨ ਦਾ ਕਦੇ ਵੀ ਪੂਰਾ ਲਾਭ ਨਹੀਂ ਹੋ ਸਕੇਗਾ ਜਦੋਂ ਤਕ ਲੋਨਿੰਗ ਦੇ ਸਿਸਟਮ ਨੂੰ ਜਿਹੜਾ ਕਿ ਸ਼ਡਿਊਲਡ ਕਾਸਟ ਵੀਰਾਂ ਲਈ ਹੈ, ਸਿੰਪਲ ਅਤੇ ਸਾਧਾਰਨ ਨਾ ਕੀਤਾ ਜਾਵੇ। (ਘੰਟੀ) ਇਹ ਇਕਨਾਮੀਕਲ ਲੋਨ ਹੋਣਾ ਚਾਹੀਦਾ ਹੈ ਅਤੇ ਇਹ ਵੀ ਵਿਚਾਰਿਆ ਜਾਣਾ ਚਾਹੀਦਾ ਹੈ ਕਿ ਅਸੀਂ ਲੋਨ ਕਾਹਦੇ ਲਈ ਦੇ ਰਹੇ ਹਾਂ ਅਤੇ ਕੀ ਇਹ ਉਸ ਪ੍ਰਜੈਕਟ ਲਈ ਪੂਰਾ ਪਵੇਗਾ ਅਤੇ ਕੀ ਪੈਸੇ ਵਾਪਸ ਵੀ ਮੁੜ ਰਹੇ ਹਨ ਜਾਂ ਨਹੀਂ ? ਦੂਜਾ ਜਿਹੜਾ 25-25 ਹਜ਼ਾਰ ਰੁਪਏ ਦਾ ਲੋਨ ਸ਼ਹਿਰੀ ਬੱਚਿਆਂ ਲਈ ਹੈ, ਉਸ ਨਾਲ ਅੱਜ ਦੇ ਯੁੱਗ ਵਿਚ ਕੋਈ ਕਾਰੋਬਾਰ ਨਹੀਂ ਹੋ ਸਕਦਾ। ਇਸਦੀ ਲਿਮਿਟ ਵਧਾ ਕੇ 50-50 ਹਜ਼ਾਰ ਕਰ ਦਿੱਤੀ ਜਾਵੇ ਜਿਸ ਨਾਲ ਕਿ ਉਹ ਆਪਣੀ ਛੋਟੀ ਮੋਟੀ ਇੰਡਸਟਰੀ ਜਾਂ ਦੁਕਾਨ ਆਦਿ ਬਣਾ ਲੈਣ। 25,000 ਨਾਲ ਤਾਂ ਕੋਈ ਉਦਯੋਗ ਜਾਂ ਕਾਰੋਬਾਰ ਨਹੀਂ ਹੋ ਸਕਦਾ। ਇਸ ਨਾਲ ਲੋਕ ਸੌਖੇ ਹੋ ਸਕਣਗੇ ਅਤੇ ਇਮਪਲਾਇਮੈਂਟ ਦੇ ਜ਼ਰੀਏ ਵੱਧ ਸਕਣਗੇ।

ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਸੋਸ਼ਲ ਸਿਕਿਉਰਿਟੀ ਐਂਡ ਵੈਲਫੇਅਰ ਦੀ ਮੱਦ ਤੇ ਬੇਨਤੀ ਕਰਦਾ ਹਾਂ ਕਿ ਬਹੁਤ ਸਾਰੇ ਪੇਂਡੂ ਨੌਜਵਾਨ ਐਸੇ ਹਨ ਜਿਨ੍ਹਾਂ ਦੀਆਂ ਥਰੈਸ਼ਰਾਂ ਵਿਚ ਬਾਹਾਂ ਕੱਟੀਆਂ ਗਈਆਂ। ਉਨ੍ਹਾਂ ਨੂੰ ਸਰਕਾਰ ਨੇ ਦੋ-ਦੋ ਹਜ਼ਾਰ ਰੁਪਏ ਦੇ ਕੇ ਹੀ ਛੁੱਟੀ ਕਰ ਦਿੱਤੀ। ਪਰ ਉਸ ਮਸ਼ੀਨ ਦੇ ਫਾਲਟ ਵੱਲ ਸਰਕਾਰ ਨੇ ਕੋਈ ਧਿਆਨ ਨਾ ਦਿੱਤਾ, ਸਾਈਂਟਿਸਟਾਂ ਨੇ ਕੋਈ ਧਿਆਨ ਨਾ ਦਿੱਤਾ। ਅੱਜ ਦੀ ਸਰਕਾਰ ਕਿਸਾਨ ਅਤੇ ਮਜ਼ਦੂਰਾਂ ਦੀ ਹਿੱਤੂ ਸਰਕਾਰ ਬਣਦੀ ਹੈ ਅਤੇ ਇਸ ਲਈ ਇਨ੍ਹਾਂ ਨੌਜਵਾਨਾਂ ਨੂੰ ਪੂਰੀ ਪੈਨਸ਼ਨ ਦਿੱਤੀ ਜਾਵੇ (ਘੰਟੀ) ਤਾਂ ਕਿ ਉਹ ਆਪਣੀ ਸਾਰੀ ਜ਼ਿੰਦਗੀ ਕਿਸੇ ਸਹਾਰੇ ਨਾਲ ਗੁਜ਼ਾਰ ਸਕਣ।

ਇਸਦੇ ਨਾਲ ਹੀ, ਡਿਪਟੀ ਸਪੀਕਰ ਸਾਹਿਬ, ਓਲਡ ਏਜ ਪੈਨਸ਼ਨ ਅਤੇ ਵਿੱਡੋ ਪੈਨਸ਼ਨ ਦੀ ਗੱਲ ਆਉਂਦੀ ਹੈ। ਤੁਸੀਂ ਉਨ੍ਹਾਂ ਦਫਤਰਾਂ ਵਿਚ ਦੇਖੋ ਕਿ ਕਿੰਨੇ ਕੇਸ ਪਏ ਹਨ। ਕਿਸੇ ਦਾ ਕੇਸ ਹੀ ਨਹੀਂ ਲੱਭਦਾ ਅਤੇ ਦਫਤਰਾਂ ਵਿੱਚ ਕੋਈ ਕੰਮ ਨਹੀਂ ਹੁੰਦਾ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਟਾਫ ਦੇਵੇ। ਸਰਕਾਰ ਦੀ ਇਹ ਪੂਰੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਓਲਡ ਏਜ ਅਤੇ ਵਿੱਡੋ ਨੂੰ ਸੰਭਾਲੇ ਤਾਂਕਿ ਲੋਕਾਂ ਨੂੰ ਰਾਹਤ ਮਿਲ ਸਕੇ। ਇਹ ਪੈਨਸ਼ਨ ਵੀ ਵਧਾ ਕੇ 50 ਰੁਪਏ ਤੋਂ 100 ਰੁਪਏ ਕਰ ਦੇਣੀ ਚਾਹੀਦੀ ਹੈ।

Original with;
Punjab Vidhan Sabha
Digitized by;
Panjab Digital Library

ਅੱਗੇ, ਡਿਪਟੀ ਸਪੀਕਰ ਸਾਹਿਬ, ਮੈਂ ਐਗਰੀਕਲਚਰ ਬਾਰੇ ਬੇਨਤੀ ਕਰਦਾ ਹਾਂ ਕਿ ਇਹ ਜਿਹੜਾ ਐਗਰੀਕਲਚਰ ਦਾ ਮਹਿਕਮਾ ਹੈ, ਇਹ ਏਡੀ ਵੱਡੀ ਐਸਟੈਬਲਿਸ਼ਮੈਂਟ ਦਾ ਮਹਿਕਮਾ ਹੈ। ਮੇਰੇ ਕਾਂਗਰਸੀ ਵੀਰ ਸ਼ਾਇਦ ਕਹਿਣਗੇ ਕਿ ਸਰਕਾਰ ਤੇ ਕਿੰਤੂ ਕਰਦਾ ਹੈ। ਪਰ ਸਾਡੀ ਸਰਕਾਰ ਬਣੀ ਨੂੰ ਤਾਂ ਹਾਲੇ 5 ਮਹੀਨੇ ਹੋਏ ਹਨ, ਤੁਹਾਡੀ ਤਾਂ 5 ਸਾਲ ਰਹੀ ਹੈ ਅਤੇ ਕੁਲ 35 ਸਾਲਾਂ ਵਿਚੋਂ ਵੀ ਸਾਡੀ ਤਾਂ 3-4 ਸਾਲ ਹੀ ਰਹੀ ਹੈ। ਮੈਂ ਉਸ ਮਹਿਕਮੇਂ ਬਾਰੇ ਕਹਿਣਾ ਚਾਹੁੰਦਾ ਹਾਂ ਕਿ ਉਹਨਾਂ ਦੀ ਕੋਈ ਐਫੀਸ਼ੈਂਸੀ, ਵੇ ਆਫ ਵਰਕਿੰਗ ਨਹੀਂ ਹੈ। ਮੇਰਾ ਇਹ ਜ਼ਾਤੀ ਤੌਰ ਤੇ ਤਜ਼ਰਬਾ ਹੈ ਕਿ ਜੇ ਤੁਸੀਂ ਦਫਤਰ ਵਿੱਚ ਜਾ ਕੇ ਵੀ ਕਹਿ ਦਿਓ ਕਿ ਮੇਰੀ ਫਸਲ ਵਿੱਚ ਇਹ ਨੁਕਸ ਪੈ ਰਿਹਾ ਹੈ, ਇਹ ਗੱਲ ਮੈਂ ਤੁਹਾਡੇ ਨੋਟਿਸ ਵਿਚ ਲਿਆਉਣੀ ਚਾਹੁੰਦਾ ਹਾਂ ਕਾਰਵਾਈ ਤਾਂ ਉਦੋਂ ਹੋਵੇਗੀ ਜਦੋਂ ਕਣਕ ਸਾਰੀ ਸੜ ਹੀ ਜਾਵੇਗੀ। ਪਹਿਲਾਂ ਕੋਈ ਖਿਆਲ ਨਹੀਂ ਕਰਦਾ। ਇਸ ਦੀ ਜ਼ਿੰਮੇਵਾਰੀ ਕਿਸ ਤੇ ਆਉਂਦੀ ਹੈ. ਇਹ ਯੂਨੀਵਰਸਿਟੀ ਦੇ ਸਾਇੰਟਿਸਟਾਂ ਤੇ ਆਉਂਦੀ ਹੈ ਅਤੇ ਸਰਕਾਰ ਤੇ ਆਉਂਦੀ ਹੈ ।

ਇਸ ਦੇ ਨਾਲ ਹੀ ਪਾਣੀ ਦੀ ਮੱਦ ਹੈ। ਮੈਨੂੰ ਬੜੀ ਖੁਸ਼ੀ ਹੋਈ ਹੈ ਕਿ ਅੱਜ ਦੇ ਨਵੇਂ ਬਜਟ ਵਿਚ ਸਰਦਾਰ ਬਲਵੰਤ ਸਿੰਘ ਜੀ ਨੇ 1 ਰੁਪਿਆ ਫੀ ਹਾਰਸ ਪਾਵਰ ਰੇਟ ਘਟਾਇਆ ਹੈ । ਕਿਸੇ ਵੇਲੇ ਇਹ 13 ਰੁਪਏ ਸੀ। ਇਹ ਰਾਹਤ ਹਾਲਾਂਕਿ ਬਹੁਤ ਥੋੜ੍ਹੀ ਦਿੱਤੀ ਹੈ ਪਰ ਕਿਉਂਕਿ ਸਟੇਟ ਦੇ ਹਾਲਾਤ ਮਾੜੇ ਹਨ, ਇਸ ਲਈ ਇਹ ਏਨੀ ਹੀ ਠੀਕ ਹੈ। ਇਸ ਦੇ ਨਾਲ ਮੈਂ ਇਹ ਵੀ ਕਹਿੰਦਾ ਹਾਂ ਕਿ ਬਿਜਲੀ ਦੇ ਪ੍ਰਬੰਧ ਨੂੰ ਵੀ ਠੀਕ ਕਰਾਉਣਾ ਬੜਾ ਜ਼ਰੂਰੀ ਹੋਵੇਗਾ। ਬਿਜਲੀ ਦਾ ਮਹਿਕਮਾ ਇਰੀਗੇਸ਼ਨ ਨਾਲ ਸਬੰਧ ਰੱਖਦਾ ਹੈ। ਉਥੇ ਕਰੋੜਾਂ ਰੁਪਏ ਦੇ ਘਪਲੇ ਹੁੰਦੇ ਹਨ। 12 ਇੰਜੀਨੀਅਰਜ਼ ਐਫੀਡੇਵਿਟ ਚੁਕੀ ਫਿਰਦੇ ਹਨ ਕਿ ਉਥੇ 1 ਕਰੋੜ ਦਾ ਗਬਨ ਹੋਇਆ ਹੈ। (ਘੰਟੀ) ਇਸ ਲਈ ਉਥੇ ਕਮਿਸ਼ਨ ਨਿਯੁਕਤ ਕੀਤਾ ਜਾਵੇ ਅਤੇ ਇਸ ਗਲ ਦੀ ਪੜਤਾਲ ਕਰਾਈ ਜਾਵੇ। ਉਥੇ ਬਿਜਲੀ ਬਲੈਕ ਵਿਚ ਵੇਚੀ ਜਾ ਰਹੀ ਹੈ। ਉਥੋਂ ਦਾ ਇਕ ਚੀਫ ਇੰਜੀਨੀਅਰ ਐਸਾ ਹੈ ਜਿਸ ਨੇ ਅਫਸਰਾਂ ਨੂੰ ਗੰਢ ਕੇ ਅਤੇ ਚੜ੍ਹਾਵੇ ਚੜ੍ਹਾ ਕੇ ਐਸ. ਈ. ਤੋਂ ਬਾਅਦ ਬਜਾਏ ਡੀਗ੍ਰੇਡ ਹੋਣ ਦੇ, ਪ੍ਰੋਮੋਸ਼ਨ ਲਈ ਹੈ । ਇਕ ਚੀਫ ਇੰਜੀਨੀਅਰ ਲੁਧਿਆਣਾ ਹੈ। ਇਥੇ ਮੈਂ ਕੌਸ਼ਲ ਸਾਹਿਬ ਦਾ ਨਾਂ ਲੈਣਾ ਚਾਹਵਾਂਗਾ। ਕੌਸ਼ਲ ਸਾਹਿਬ ਨੇ ਇਲੈਕਸ਼ਨਾਂ ਵਿੱਚ ਮੇਰੀ ਮੁਖਾਲਫਤ ਕਰਨ ਲਈ ਲੋਕਾਂ ਨੂੰ ਇਹ ਕਿਹਾ ਕਿ ਵੋਟਾਂ ਇਸ ਨੂੰ ਪਾ ਦਿਓ ਬਿਜਲੀ ਠੀਕ ਮਿਲੇਗੀ। ਇਕੱਲੇ ਅਗਰ ਉਸਦੇ ਕੇਸ ਦੀ ਹੀ ਪੜਤਾਲ ਕਰਾ ਲਈ ਜਾਵੇ, ਤਾਂ ਇਹ ਗੱਲ ਠੀਕ ਸਿੱਧ ਹੋ ਜਾਵੇਗੀ ਕਿ ਉਨ੍ਹਾਂ ਨੇ ਏਨੀ ਵੈਲਥ ਕਿਥੋਂ ਬਣਾਈ। ਕਿੰਨੇ ਹੀ ਗਬਨ ਕੀਤੇ ਅਤੇ ਚੇਅਰਮੈਨ ਸਾਹਿਬ ਨੇ ਮਿਲੀ ਭੁਗਤ ਨਾਲ ਉਸਨੂੰ ਚੀਫ ਇੰਜੀਨੀਅਰ ਬਣਾ ਦਿੱਤਾ। ਜੇ ਇਨ੍ਹਾਂ ਗੱਲਾਂ ਵੱਲ ਵੀ ਧਿਆਨ ਦਿੱਤਾ ਜਾਵੇ ਤਾਂ ਬਿਜਲੀ ਬੋਰਡ ਦਾ ਘਾਟਾ ਪੂਰਾ ਹੋ ਸਕਦਾ ਹੈ ਅਤੇ ਕਿਸਾਨ ਦਾ ਬੋਝ ਵੀ ਘੱਟ ਜਾਵੇਗਾ।

ਡਿਪਟੀ ਸਪੀਕਰ ਸਾਹਿਬ, ਇਹ ਬੜੀ ਖਤਰਨਾਕ ਗੱਲ ਹਿੰਦੁਸਤਾਨ ਦੇ ਬਾਰਡਰ ਕਮਿਸ਼ਨ ਦੀ ਰਿਪੋਰਟ ਵਿੱਚ ਛਪੀ ਹੈ ਕਿ ਏਥੇ ਜਿੰਨਾ ਪਾਣੀ ਪਿਛਲੇ 500 ਸਾਲਾਂ ਵਿੱਚ ਨਹੀਂ ਘਟਿਆ, ਉਹ 35 ਸਾਲਾਂ ਵਿੱਚ ਘਟ ਗਿਆ ਹੈ। ਤੁਸੀਂ ਇਸ ਪ੍ਰਾਬਲਮ ਵੱਲ ਵੀ ਧਿਆਨ ਦਿਓ ਕਿ ਇਸ ਨੂੰ ਕਿਸ ਤਰ੍ਹਾਂ ਸਾਇਲ ਕੰਜ਼ਰਵੇਸ਼ਨ ਆਦਿ ਨਾਲ ਮੇਨਟੇਨ ਕੀਤਾ ਜਾ ਸਕਦਾ ਹੈ। ਇਸ ਪ੍ਰਾਬਲਮ ਨਾਲ ਦੋਆਬਾ ਸਭ ਤੋਂ ਪਹਿਲਾਂ ਹਿਟ ਹੋ ਜਾਵੇਗਾ। ਉਥੇ 20-20 ਫੁੱਟ ਪਾਣੀ ਥੱਲੇ ਚਲਾ ਗਿਆ ਹੈ। ਅਸੀਂ ਦੋਆਬਾ ਦੀ ਬਿਸਤ ਕਨਾਲ ਦਾ ਇਕ ਤਿਹਾਈ ਪਾਣੀ ਯੂਜ਼ ਨਹੀਂ ਕਰ ਰਹੇ। ਇਸਦੇ ਪੂਰੇ ਯੂਟੀਲਾਈਜੇਸ਼ਨ ਦੇ ਪ੍ਰਬੰਧ ਕੀਤੇ ਜਾਣ। ਦੋਆਬਾ ਵਿਚ ਜ਼ਮੀਨ ਥੋੜ੍ਹੀ ਹੈ। ਲੋਕ ਪਹਿਲਾਂ ਉਸਨੂੰ ਖਾਲਿਆਂ

Original with;
Punjab Vidhan Sabha
Digitized by;
Panjab Digital Library

[ਸਰਦਾਰ ਕੁਲਦੀਪ ਸਿੰਘ ਵਡਾਲਾ]

ਵਾਸਤੇ ਦੇਣ ਲਈ ਤਿਆਰ ਨਹੀਂ ਸਨ। ਅੱਜ ਲੋਕੀਂ ਤਿਆਰ ਹਨ ਕਿਉਂਕਿ ਪੱਕੇ ਖਾਲੇ ਬਣ ਰਹੇ ਹਨ। ਚਾਹੇ ਉਨ੍ਹਾਂ ਨੂੰ ਜ਼ਮੀਨ ਦੀ ਕੀਮਤ ਹੀ ਦੇ ਦਿੱਤੀ ਜਾਵੇ ਪਰ ਨਹਿਰ ਦੇ ਪਾਣੀ ਨੂੰ ਖੇਤਾਂ ਤੱਕ ਪਹੁੰਚਾਇਆ ਜਾਵੇ। ਵੇਸਟ ਪਾਣੀ ਨੂੰ ਵੀ ਪੌਂਡਜ਼ ਬਣਾ ਕੇ ਬੰਨ੍ਹ ਲਿਆ ਜਾਵੇ। ਤੁਸੀਂ ਯੂ.ਐਸ.ਏ. ਕੈਲੀਫੋਰਨੀਆਂ ਵਿੱਚ ਜਾ ਕੇ ਦੇਖੋ ਤਾਂ ਪਤਾ ਲਗੇਗਾ ਕਿ 10–10 ਮੀਲ ਤੋਂ ਬਾਅਦ ਇਕ ਡੈਮ, ਇਕ ਛੱਪੜ ਬਣਾਇਆ ਹੋਇਆ ਹੈ ਤਾਂਕਿ ਪਾਣੀ ਵੇਸਟ ਨਾ ਬਹਿ ਜਾਵੇ। ਪੰਜਾਬ ਦੇ ਇਰੀਗੇਸ਼ਨ ਸਿਸਟਮ ਨੂੰ ਵੀ ਸਾਇੰਟਿਫਿਕ ਤੌਰ ਤੇ ਹੈਂਡਲ ਕੀਤਾ ਜਾਵੇ ਤਾਂ ਸ਼ਾਇਦ ਐਗਰੀਕਲਚਰ ਬਚ ਸਕੇ। ਇਸ ਮੱਦ ਤੇ ਮੇਰੀ ਇਹ ਬੇਨਤੀ ਹੈ।

ਫੇਰ ਸਵਾਲ ਪਰੋਕਿਓਰਮੈਂਟ ਦਾ ਆਇਆ ਹੈ। ਸਾਡੇ ਪ੍ਰੋਗਰਾਮ ਵਿਚ ਇਹ ਸ਼ਾਮਲ ਸੀ ਕੇ ਪਰੋਕਿਓਰਮੈਂਟ ਜਿਹੜੀ ਹੈ ਇਹ ਸਰਕਾਰ ਕਰਿਆ ਕਰੇਗੀ। ਮੈਂ ਇਹ ਕਹਿੰਦਾ ਹਾਂ ਕਿ ਇਹ ਜੋ ਕੁਝ ਝੋਨੇ ਵੇਲੇ ਹੋਇਆ ਹੈ, ਉਹੀ ਕਣਕ ਵੇਲੇ ਵੀ ਹੋਣਾ ਹੈ। ਇਹ ਗੱਲ ਮੈਂ ਤੁਹਾਨੂੰ 3 ਮਹੀਨੇ ਪਹਿਲਾਂ ਹੀ ਕਹਿ ਰਿਹਾ ਹਾਂ। ਏਥੇ ਸਰਦਾਰ ਬਲਵੰਤ ਸਿੰਘ ਜੀ ਵੀ ਬੈਠੇ ਹਨ। ਮੈਂ ਉਨ੍ਹਾਂ ਨੂੰ ਵੀ ਕਹਾਂਗਾ ਕਿ ਇਹ ਮਸਲਾ ਸੈਂਟਰਲ ਗੌਰਮਿੰਟ ਨਾਲ ਇਕੋਵਾਰੀ ਹੀ ਹੱਲ ਕਰ ਲਿਆ ਜਾਵੇ ਕਿ ਪਰੋਕਿਓਰਮੈਂਟ ਅਸੀਂ ਕਰਨੀ ਹੈ ਜਾਂ ਉਨ੍ਹਾਂ ਨੇ ਕਰਨੀ ਹੈ। ਦੁਨੀਆਂ ਵਿਚ ਚਾਰ ਚੁਫੇਰੇ ਅਨਾਜ ਦੀ ਘਾਟ ਪਈ ਹੋਈ ਹੈ ਤੇ ਏਥੇ ਸਾਡੀ ਖੁਰਾਕ ਪੈਰਾਂ ਵਿਚ ਰੁਲ ਰਹੀ ਹੈ। ਟਮਾਟਰ ਵੇਸਟ ਜਾ ਰਿਹਾ ਹੈ। ਅੱਜ ਸਮਾਂ ਆ ਗਿਆ ਹੈ ਕਿ ਅੰਮ੍ਰਿਤਸਰ ਏਅਰਪੋਰਟ ਨੂੰ ਇੰਟਰਨੈਸ਼ਨਲ ਏਅਰਪੋਰਟ ਬਣਾ ਕੇ ਸਬਜ਼ੀਆਂ ਬਾਹਰ ਭੇਜਣ ਦੇ ਪ੍ਰੋਗਰਾਮ ਬਣਾਏ ਜਾਣ ਅਤੇ ਸੈਂਟਰ ਇਸਦੀ ਮਨਜ਼ੂਰੀ ਦੇਵੇ। ਸਾਡਾ ਕਰੋੜਾਂ ਦਾ ਨੁਕਸਾਨ ਹਰ ਸਾਲ ਹੋ ਰਿਹਾ ਹੈ ਕਿਉਂਕਿ ਵੇਲੇ ਸਿਰ ਪਰੋਕਿਓਰਮੈਂਟ ਨਹੀਂ ਹੁੰਦੀ। ਇਹ ਗੱਲ ਸੈਂਟਰ ਨਾਲ ਪਾਲਿਸੀ ਤੌਰ ਤੇ ਡਿਸਾਈਡ ਕਰ ਲਈ ਜਾਵੇ ਨਹੀਂ ਤਾਂ ਵਰਲਡ ਬੈਂਕ, ਹਿੰਦੁਸਤਾਨ ਦੇ ਦੂਜੇ ਬੈਂਕ ਅਤੇ ਬਾਹਰਲੀਆਂ ਕਈ ਕੰਟਰੀਜ਼ ਲੈਣ ਦੇਣ ਨੂੰ ਤਿਆਰ ਹਨ ਅਤੇ ਪਾਕਿਸਤਾਨ ਦੇਣ ਨੂੰ ਤਿਆਰ ਹੈ। ਸਾਨੂੰ ਐਕਸਪੋਰਟ ਕਰਨ ਦੀ ਮਨਜ਼ੂਰੀ ਮਿਲਣੀ ਚਾਹੀਦੀ ਹੈ।

ਡਿਪਟੀ ਸਪੀਕਰ ਸਾਹਿਬ, ਮੇਰੀ ਅਗਲੀ ਬੇਨਤੀ ਇੰਡਸਟਰੀ ਬਾਰੇ ਹੈ। ਇੰਡਸਟਰੀ ਦੀਆਂ ਮੰਗਾਂ ਪਾਸ ਹੋਣ ਲਈ ਅੱਜ ਏਥੇ ਆਈਆਂ ਹਨ, ਉਨ੍ਹਾਂ ਬਾਰੇ ਮੈਂ ਕੁਝ ਜ਼ਰੂਰੀ ਗੱਲਾਂ ਕਹਿਣੀਆਂ ਚਾਹੁੰਦਾ ਹਾਂ। ਇਸ ਵਿਚ ਵੀ ਕਾਫੀ ਬਲੈਕ ਚਲਦੀ ਹੈ। ਕੋਲੇ ਦੀਆਂ ਜਿਵੇਂ 10 ਵੈਗਨਾਂ ਮਿਲਦੀਆਂ ਹਨ, ਉਹ ਗੁਰਾਇਆ ਆ ਕੇ ਬਲੈਕ ਹੋ ਜਾਂਦੀਆਂ ਹਨ। ਜਲੰਧਰ ਦੀਆਂ ਬਲੈਕ ਹੋ ਜਾਂਦੀਆਂ ਹਨ। ਲੋਹਾ ਅਤੇ ਕਾਪਰ ਵੀ ਬਲੈਕ ਹੋ ਜਾਂਦੇ ਹਨ। ਇਸ ਦੇ ਲਈ ਟੋਟਲ ਇੰਡਸਟਰੀਅਲ ਸਿਸਟਮ ਨੂੰ ਸਕਰੂਟੀਨਾਈਜ਼ ਕਰਵਾਇਆ ਜਾਵੇ ਤਾਂ ਹੀ ਫਾਇਦਾ ਹੋ ਸਕਦਾ ਹੈ। ਇਕ ਸੁਪਰ ਸੇਲਜ਼ ਟੈਕਸ ਲੱਗਾ ਹੋਇਆ ਹੈ ਜਿਸ ਨਾਲ ਸਾਰੇ ਪੰਜਾਬ ਦੀ ਇੰਡਸਟਰੀ ਹਿੱਟ ਹੋਈ ਹੈ। ਉਸ ਨੂੰ ਵੀ ਵਿਚਾਰਿਆ ਜਾਵੇ ਤਾਕਿ ਇੰਡਸਟਰੀ ਨੂੰ ਜੋ ਘਾਟਾ ਪੈ ਰਿਹਾ ਹੈ, ਉਹ ਦੂਰ ਹੋ ਸਕੇ। ਇਸ ਇੰਡਸਟਰੀ ਨੂੰ ਬਾਹਰ ਲਿਜਾਣ ਲਈ ਉਪਰਾਲੇ ਕੀਤੇ ਜਾਣ ਫਾਈਨਾਂਸ਼ਲ ਇੰਸਟੀਚਿਊਸ਼ਨਜ਼ ਤੋਂ ਸਾਨੂੰ ਪ੍ਰੈਫਰੈਂਸ ਮਿਲਣੀ ਚਾਹੀਦੀ ਹੈ। ਜੇ ਸਬਸਿਡੀ ਨਹੀਂ ਦਿੱਤੀ ਜਾ ਸਕਦੀ ਤਾਂ ਘੱਟੋ ਘੱਟ ਰੇਟ ਆਫ ਇੰਟਰੈਸਟ ਹੀ ਘੱਟ ਕਰ ਦਿਓ। ਮੈਂ ਸਮਝਦਾ ਹਾਂ ਕਿ ਪੰਜਾਬ ਵਿਚ ਬਹੁਤ ਸਾਰਾ ਡਿਪਾਜ਼ਿਟ ਹੈ, ਬਹੁਤ ਸਾਰਾ ਰੁਪਿਆ ਹੈ। ਉਸ ਡਿਪਾਜ਼ਿਟ ਉਪਰ 7% ਇੰਟਰੈਸਟ ਹੀ ਮਿਲਦਾ ਹੈ, ਹੁਣ 8% ਹੋ ਗਿਆ ਹੋਵੇ ਤਾਂ ਕਹਿ ਨਹੀਂ ਸਕਦਾ। ਲੇਕਿਨ ਉਹੀ ਰੁਪਿਆ ਸਾਨੂੰ 18% ਇੰਟਰੈਸਟ ਤੇ ਮਿਲਦਾ ਹੈ। ਇਹ ਘੱਟ ਹੋਣਾ ਚਾਹੀਦਾ ਹੈ। ਨੈਸ਼ਨੇਲਾਈਜ਼ਡ

Original with;
Punjab Vidhan Sabha
Digitized by;
Panjab Digital Library

ਬੈਂਕਾਂ ਨੂੰ ਪਿੰਡਾਂ ਵਿਚ ਇੰਡਸਟਰੀ ਲਾਉਣ ਵਾਸਤੇ ਮੱਦਦ ਕਰਨੀ ਚਹੀਦੀ ਹੈ ਤਾਂ ਹੀ ਪੰਜਾਬ ਵਿਚ ਇੰਡਸ਼ਟਰੀ ਲੱਗ ਸਕਦੀ ਹੈ। ਇਸ ਤੋਂ ਇਲਾਵਾ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਲੰਧਰ ਦੇ ਲੋਕ ਬੜੇ ਅਗਾਂਹ ਵਧੂ ਹਨ, ਸੁਖੀ ਹਨ, ਉਨ੍ਹਾਂ ਵਾਸਤੇ ਜਲੰਧਰ ਵਿਚ ਇਕ ਏਅਰਪੋਰਟ ਹੋਣਾ ਚਾਹੀਦਾ ਹੈ ਜਿਥੋਂ ਏਅਰ ਬੱਸ ਚਲੇ। ਦੁਆਬੇ ਦੇ ਲੋਕ ਹਜਾਰਾਂ ਦੀ ਤਾਦਾਦ ਵਿਚ ਬਾਹਰ ਜਾਂਦੇ ਆਉਂਦੇ ਹਨ। ਜਲੰਧਰ ਵਿਚ ਕੋਈ ਏਅਰਪੋਰਟ ਨਹੀਂ ਹੈ, ਲੁਧਿਆਣੇ ਸੀਟ ਨਹੀਂ ਮਿਲਦੀ ਹਰਿਆਣੇ ਵਿਚੋਂ ਲੰਘਣ ਲੱਗਿਆਂ ਭਜਨ ਲਾਲ ਪੱਗਾਂ ਲਾਹ ਲੈਂਦਾ ਹੈ। ਇਸ ਕਰਕੇ ਇਥੋਂ ਦੇ ਲੋਕਾਂ ਦੀ ਮੁਸ਼ਕਿਲ ਨੂੰ ਦੂਰ ਕਰਨ ਵਾਸਤੇ ਇਥੇ ਇਕ ਏਅਰਪੋਰਟ ਜ਼ਰੂਰ ਬਣਾਇਆ ਜਾਵੇ ਤਾਂ ਕਿ ਉਨ੍ਹਾਂ ਦੀ ਡਿਮਾਂਡ ਪੂਰੀ ਹੋ ਸਕੇ। ਇਸ ਦੀ ਬੜੀ ਲੋੜ ਹੈ। ਇਸ ਤੋਂ ਬਾਅਦ ਪੁਲਾਂ ਦੀ ਗੱਲ ਹੈ। ਪਿੱਛੇ ਜਿਹੇ ਪਟਿਆਲੇ ਦੇ ਕੋਲ ਇਕ ਬੱਸ ਡਿੱਗੀ ਸੀ ਪੁਲ ਛੋਟਾ ਹੋਣ ਕਰਕੇ। ਜਿੰਨੀਆਂ ਵੀ ਨਹਿਰਾਂ ਤੇ ਪੁਲ ਹੋਣ, ਭਾਵੇਂ ਉਹ ਭਾਖੜਾ ਮੇਨ ਕੈਨਾਲ ਹੋਵੇ ਅਤੇ ਭਾਵੇਂ ਕੋਈ ਹੋਰ, ਉਨ੍ਹਾਂ ਸਾਰੀਆਂ ਤੇ ਦਰਿਆਵਾਂ ਦੇ ਪੈਟਰਨ ਤੇ ਡਬਲ ਪੁਲ ਹੋਣੇ ਚਾਹੀਦੇ ਹਨ। ਇਥੇ ਸੈਕਟਰੀ ਸਾਹਿਬ ਬੈਠੇ ਹਨ, ਹੋਰ ਵੀ ਅਫਸਰ ਬੈਠੇ ਹਨ। ਇਨ੍ਹਾਂ ਨੂੰ ਇਸ ਚੀਜ਼ ਵੱਲ ਧਿਆਨ ਦੇਣਾ ਚਾਹੀਦਾ ਹੈ। ਪਹਿਲਾਂ ਪੁਲ ਨੂੰ ਡਬਲ ਨਹੀਂ ਕੀਤਾ ਜਾਂਦਾ, ਜਦ ਬਸ ਡਿਗ ਪੈਂਦੀ ਹੈ ਤਾਂ ਫਿਰ ਕਹਿੰਦੇ ਹਨ ਕਿ ਇਸ ਨੂੰ ਡਬਲ ਕਰ ਦਿੱਤਾ ਜਾਵੇ। ਇਸ ਦੇ ਇਲਾਵਾ, ਬੇਈਂ ਉਤੇ ਨਕੋਦਰ ਦੇ ਕੋਲ ਪੁਲ ਦਾ ਕੰਮ ਮੁਕੰਮਲ ਹੋਣਾ ਚਾਹੀਦਾ ਹੈ। ਬਾਦਲ ਸਾਹਿਬ ਇਥੇ ਬੈਠੇ ਨਹੀਂ ਹਨ, ਉਹ ਉਥੇ ਨੀਂਹ ਪੱਥਰ ਰੱਖ ਕੇ ਆਏ ਸੀ। ਅੱਜ 6 ਸਾਲ ਹੋ ਗਏ ਹਨ, ਅਜੇ ਤੱਕ ਉਹ ਪੁਲ ਇਨਕੰਪਲੀਟ ਪਿਆ ਹੈ। (ਘੰਟੀ) (ਸ਼ੋਰ) ਇਕ ਮਲਟੀ ਪਰਪਜ਼ ਪ੍ਰਜੈਕਟ ਦਾ ਮਸਲਾ ਹੈ। ਬੜੀ ਵੱਡੀ ਡਿਮਾਂਡ ਹੈ...... ਅੱਛਾ ਜੀ ਮੈਂ ਬੈਠਦਾ ਹਾਂ।

**ਸ੍ਰੀ ਡਿਪਟੀ ਸਪੀਕਰ** : ਵਡਾਲਾ ਜੀ, ਤੁਸੀਂ ਬੈਠੋ। ਸਰਦਾਰ ਭਾਗ ਸਿੰਘ।

**ਸਰਦਾਰ ਭਾਗ ਸਿੰਘ** (ਚਮਕੌਰ ਸਾਹਿਬ, ਐਸ. ਸੀ.) : ਮੈਂ ਡਿਮਾਂਡ ਨੰ: 1, 3, 4, 11, 14, ਅਤੇ 15 ਤੇ ਬੋਲਣਾ ਚਾਹਵਾਂਗਾ। ਡਿਪਟੀ ਸਪੀਕਰ ਸਾਹਿਬ, ਪਿਛਲੇ ਸਤੰਬਰ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ.........

**Mr. Deputy Speaker** : Please wind up your speech within five minutes. (Interruption)

**ਸਰਦਾਰ ਭਾਗ ਸਿੰਘ** : ਪਿਛਲੇ ਸਤੰਬਰ ਵਿਚ ਪੰਜਾਬ ਵਿਚ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਪ੍ਰਧਾਨ ਮੰਤਰੀ ਸ੍ਰੀ ਰਾਜੀਵ ਗਾਂਧੀ ਦਾ ਅਕਾਰਡ ਹੋਇਆ। ਪੰਜਾਬ ਉਸ ਤੋਂ ਪਹਿਲਾਂ ਬੜੇ ਮੰਦਭਾਗੇ ਹਾਲਾਤ ਵਿਚੋਂ ਲੰਘ ਰਿਹਾ ਸੀ ਔਰ ਲੋਕਾਂ ਇਹ ਸਮਝਿਆ ਕਿ ਪੰਜਾਬ ਦੇ ਲੋਕਾਂ ਨੂੰ ਰਾਹਤ ਮਿਲੇਗੀ, ਪੰਜਾਬ ਵਿਚ ਅਮਨ ਔਰ ਸ਼ਾਂਤੀ ਹੋਵੇਗੀ। ਲੋਕਾਂ ਨੇ ਬੜੇ ਹੀ ਅੱਛੇ ਢੰਗ ਨਾਲ ਵੋਟਾਂ ਪਾਈਆਂ ਔਰ ਅਕਾਲੀਆਂ ਦੀ ਸਰਕਾਰ ਬਰਸਰੇ-ਇਕਤਦਾਰ ਪੰਜਾਬ ਵਿਚ ਆਈ। ਲੋਕਾਂ ਦੀ ਸਭ ਤੋਂ ਵੱਡੀ ਖਾਹਿਸ਼ ਸੀ, ਉਹ ਚਾਹੁੰਦੇ ਸਨ ਕਿ ਪੰਜਾਬ ਵਿਚ ਅਮਨ, ਸ਼ਾਂਤੀ ਹੋਵੇ ਲੇਕਿਨ ਬਦ-ਕਿਸਮਤੀ ਦੀ ਗੱਲ ਹੈ ਕਿ ਪੰਜਾਬ ਦਾ ਹਰੇਕ ਆਦਮੀ ਚਾਹੇ ਉਹ ਹਿੰਦੂ ਹੈ, ਚਾਹੇ ਸਿੱਖ ਹੈ, ਉਹਦੇ ਦਿਮਾਗ ਵਿਚ (ਸ਼ੋਰ) ਇਹ ਡਰ ਹੈ ਕਿ ਮੌਜੂਦਾ ਸਰਕਾਰ ਅਮਨ ਔਰ ਸ਼ਾਂਤੀ ਮੇਨਟੇਨ ਰੱਖਣ ਵਿਚ ਬਿਲਕੁਲ ਫੇਲ੍ਹ ਹੋ ਗਈ ਹੈ। 19 ਫਰਵਰੀ, ਦੇ ਦਿਨ ਪੰਜਾਬ ਦੀ ਹਿਸਟਰੀ ਵਿਚ ਇਕ ਬਹੁਤ ਹੀ ਮਨਹੂਸ ਦਿਨ ਸੀ ਜਿਸ ਦਿਨ 8 ਕਤਲ ਹੋਏ ਪੰਜਾਬ ਵਿਚ (ਸ਼ੇਮ, ਸ਼ੇਮ, ਦੀਆਂ ਆਵਾਜ਼ਾਂ)

Original with;
Punjab Vidhan Sabha
Digitized by;
Panjab Digital Library

[ਸਰਦਾਰ ਭਾਗ ਸਿੰਘ]

ਕਪੂਰਥਲਾ ਦੀ ਗੱਲ ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ 7 ਤਰੀਖ ਨੂੰ 8 ਆਦਮੀ ਉਥੇ ਕਤਲ ਹੋਏ । (ਸ਼ੋਰ) ਕਪੂਰਥਲਾ ਵਿਚ 8 ਆਦਮੀ ਇਕੋ ਦਿਨ ਕਤਲ ਹੋਏ। ਇਹਦੇ ਨਾਲ ਮੈਂ ਸਮਝਦਾ ਹਾਂ ਕਿ ਪੁਲਿਸ ਦੀ ਮਸ਼ੀਨਰੀ ਬਿਲਕੁਲ ਖਤਮ ਹੋ ਗਈ ਹੈ। ਕਤਲ ਉਥੇ ਹੋਏ ਹਨ ਜਿਥੇ ਐਸ. ਪੀ. ਸਾਹਿਬ ਦਾ ਰੈਜ਼ੀਡੈਂਸ ਹੈ ਔਰ ਉਸ ਵਿਚ ਜਿਹੜਾ ਆਦਮੀ ਇਨਜਰਡ ਹੋਇਆ, ਉਹ ਖੁਦ ਡੀ. ਐਸ. ਪੀ. ਹੈ ਔਰ ਉਸ ਦੇ ਨਾਲ ਗਾਰਡ ਵੀ ਸਨ। ਐਸ. ਪੀ ਦੀ ਪ੍ਰੈਮਿਸਿਜ਼ ਹੋਵੇ ਔਰ ਡੀ. ਐਸ. ਪੀ. ਦੇ ਕੋਲ ਗਾਰਡ ਹੋਵੇ, ਫਿਰ ਵੀ ਅੱਤਵਾਦੀ ਕਤਲ ਕਰਕੇ ਚਲੇ ਜਾਣ, ਇਹ ਬਹੁਤ ਸ਼ਰਮ ਦੀ ਗੱਲ ਹੈ। (ਆਪੋਜੀਸ਼ਨ ਵੱਲੋਂ ਥੰਪਿੰਗ) ਇਥੋਂ ਤੱਕ ਕਿ ਡਿਪਟੀ ਸਪੀਕਰ ਸਾਹਿਬ ਵੀ ਆਪਣੇ ਆਪ ਨੂੰ ਪ੍ਰੋਟੈਕਟ ਨਹੀਂ ਕਰ ਸਕੇ। (ਸ਼ੋਰ) (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਹੋ ਰਿਹਾ ਸੀ)। ਨਕੋਦਰ ਦੀਆਂ ਘਟਨਾਵਾਂ ਤੋਂ ਪਿਛੋਂ ਸਾਡੀ ਸਰਕਾਰ ਦੇ ਮੰਤਰੀਆਂ ਦਾ ਪਤਾ ਲਾਇਆ ਜਾਂਦਾ ਹੈ ਕਿ ਚੀਫ ਮਨਿਸਟਰ ਸਾਹਿਬ ਕਿਧਰੇ ਜਾਂਦੇ ਹਨ ਅਤੇ ਦੂਸਰੇ ਮੰਤਰੀ ਕਿਧਰੇ ਜਾਂਦੇ ਹਨ। ਪੁਲਿਸ ਵਿਚ ਡੀਮਾਰੇਲਾਈਜ਼ੇਸ਼ਨ ਆ ਗਈ ਹੈ। ਇਸ ਕਰਕੇ ਇਹ ਤੁਹਾਡੀ ਜ਼ਿੰਮੇਵਾਰੀ ਹੈ ਕਿ ਲੋਕਾਂ ਦੇ ਫੰਡਜ਼ ਨੂੰ ਸਹੀ ਤਰੀਕੇ ਨਾਲ ਯੂਟੇਲਾਈਜ਼ ਕਰੋ। ਲੋਕਾਂ ਨੂੰ ਅੱਛੀ ਐਡਮਨਿਸਟਰੇਸ਼ਨ ਦਿਓ, ਕਤਲ ਨਾ ਦਿਓ। ਕਿਹੜਾ ਦਿਨ ਹੈ ਜਿਸ ਦਿਨ ਅਖਬਾਰ ਵਿਚ ਡੀਟੀਰੀਓਰੇਸ਼ਨ ਆਫ਼ ਲਾਅ ਐਂਡ ਆਰਡਰ ਦੀ ਗੱਲ ਨਾ ਹੋਵੇ ? ਲੇਕਿਨ ਪੰਜਾਬ ਦੀ ਸਰਕਾਰ ਚੁੱਪ ਬੈਠੀ ਹੈ। ਆਖਰਕਾਰ ਇਹ ਗੱਲ ਕਿੰਨੇ ਦਿਨ ਚੱਲੇਗੀ ? ਆਖਿਰ ਸੈਂਟਰ ਨੂੰ ਇਸ ਬਾਰੇ ਕੁਝ ਸੋਚਣਾ ਪਏਗਾ (ਆਪੋਜ਼ੀਸ਼ਨ ਵੱਲੋਂ ਥੰਪਿੰਗ) (ਇਸ ਵਕਤ ਹਾਊਸ ਵਿਚ ਬਹੁਤ ਸ਼ੋਰ ਪੈ ਰਿਹਾ ਸੀ) ।

**ਸ੍ਰੀ ਸ਼ਿਵ ਚੰਦ ਮਲੋਟ** : ** ** ** (ਹਾਸਾ) (ਸ਼ੋਰ)

**ਸ੍ਰੀ ਡਿਪਟੀ ਸਪੀਕਰ** : ਇਹ ਕੋਈ ਪੁਆਇੰਟ ਆਫ ਆਰਡਰ ਨਹੀਂ ਹੈ।

**ਸਰਦਾਰ ਭਾਗ ਸਿੰਘ** : ਡਿਪਟੀ ਸਪੀਕਰ ਸਾਹਿਬ, ਮੈਨੂੰ ਸਮਝ ਨਹੀਂ ਆਉਂਦੀ ਕਿ ਮਾਨਯੋਗ ਮੈਂਬਰ ਸਾਹਿਬਾਨ ਮੈਨੂੰ ਕਿਉਂ ਨਹੀਂ ਸੁਣਦੇ ? ਲਾਅ ਐਂਡ ਆਰਫਰ ਦਾ ਮਸਲਾ ਬੜਾ ਅਹਿਮ ਮਸਲਾ ਹੈ। ਇਹ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ ਲੇਕਿਨ ਬਦਕਿਸਮਤੀ ਦੀ ਗੱਲ ਹੈ ਕਿ ਸਾਡੀ ਸਰਕਾਰ ਦਿਲੋਂ ਨਹੀਂ ਚਾਹੁੰਦੀ ਕਿ ਪੰਜਾਬ ਵਿਚ ਅਮਨ ਅਤੇ ਸ਼ਾਂਤੀ ਹੋਵੇ। (ਸ਼ੋਰ) (ਘੰਟੀ) ਇਸ ਤੋਂ ਬਾਅਦ ਡਿਪਟੀ ਸਪੀਕਰ ਸਾਹਿਬ, ਮੈਂ ਜਸਟਿਸ ਦੇ ਮਸਲੇ ਤੇ ਆਉਣਾ ਚਾਹੁੰਦਾ ਹਾਂ । ਪੰਜਾਬ ਵਿਚ 10 ਜੱਜਿਜ਼ ਦੀਆਂ ਵਕੈਂਸੀਜ਼ ਹਨ। ਚੀਫ ਜਸਟਿਸ ਨੇ ਰਿਕਮੈਂਡ ਕਰਕੇ ਭੇਜਿਆ ਹੈ ਕਿ ਫਲਾਣੇ ਫਲਾਣੇ ਆਦਮੀ ਨੂੰ ਅਪੁਆਇੰਟ ਕੀਤਾ ਜਾਵੇ ਲੇਕਿਨ ਉਹ ਫਾਈਲ ਪੰਜਾਬ ਸਰਕਾਰ ਦੀ ਅਲਮਾਰੀ ਵਿਚ ਪਈ ਹੈ ਕਿਉਂਕਿ ਉਹ ਪੁਲਿਟੀਕਲ ਆਦਮੀਆਂ ਨੂੰ ਅਪੁਆਇੰਟ ਕਰਨਾ ਚਾਹੁੰਦੀ ਹੈ । ਮੈਂ ਇਲੀਜੀਬਲ ਹਾਂ (ਸ਼ੋਰ) (ਵਿਘਨ) ਦੂਜੀ ਗੱਲ ਪੂਅਰ ਲੀਗਲ ਏਡ ਦੀ ਹੈ। ਇਹ ਸਕੀਮ ਪੇਪਰ ਤੱਕ ਹੀ ਮਹਿਦੂਦ ਹੈ। ਤੁਸੀਂ ਕੋਰਟਸ ਵਿਚ ਜਾਕੇ ਦੇਖਿਆ ਹੋਣਾ ਹੈ ਕਾਫੀ ਲੋਕਾਂ ਨੂੰ

*Expunged as ordered by the Chair.

Original with;
Punjab Vidhan Sabha
Digitized by;
Panjab Digital Library

ਜਿਹੜੇ ਕਿ ਇਲੀਜੀਬਲ ਹੁੰਦੇ ਹਨ ਉਨ੍ਹਾਂ ਨੂੰ ਕੋਰਟਸ ਵਿਚ ਪੈਸੇ ਖਰਚਣੇ ਪੈਂਦੇ ਹਨ । ਜਸਟਿਸ ਗਰੀਬਾਂ ਵਾਸਤੇ ਬਹੁਤ ਮਹਿੰਗਾ ਹੈ। ਇਹ ਲੀਗਲ ਏਡ ਸਕੀਮ ਚੰਗੀ ਤਰ੍ਹਾਂ ਨਾਲ 'ਇੰਪਲੀਮੈਂਟ ਹੋਣੀ ਚਾਹੀਦੀ ਹੈ ਤਾਂਕਿ ਗਰੀਬਾਂ ਨੂੰ ਰਾਹਤ ਮਿਲ ਸਕੇ।

ਡਿਸਟ੍ਰਿਕਟ ਐਡਮਨਿਸਟ੍ਰੇਸ਼ਨ ਬਾਰੇ ਮੈਂ ਤੁਹਾਡੇ ਥਰੂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਕੋਈ ਵੀ ਕੰਮ ਜ਼ਿਲ੍ਹੇ ਦਾ ਨਹੀਂ ਹੁੰਦਾ ਜਿੰਨਾ ਚਿਰ ਰੈਡ ਕਰਾਸ ਵਿਚ ਪੈਸੇ ਜਮ੍ਹਾਂ ਨਹੀਂ ਕਰਾਏ ਜਾਂਦੇ ਚਾਹੇ ਲਾਈਸੰਸ ਰੀਨੀਊ ਕਰਾਉਣਾ ਹੋਵੇ ਚਾਹੇ ਕੋਈ ਹੋਰ ਕੰਮ ਹੋਵੇ (ਸ਼ੋਰ) (ਵਿਘਨ)

**ਇਕ ਆਵਾਜ਼ :** ਇਹ ਸ਼ੁਰੂ ਕਿਸ ਨੇ ਕੀਤਾ ?

**ਸਰਦਾਰ ਭਾਗ ਸਿੰਘ :** ਇਹ ਰੈਡ ਕਰਾਸ ਵਾਲੀ ਗਲ ਮੁੱਕਣੀ ਚਾਹੀਦੀ ਹੈ (ਵਿਘਨ) ਡਿਪਟੀ ਸਪੀਕਰ ਸਾਹਿਬ, ਮੈਂ ਹੁਣ ਨਕੋਦਰ ਦੀ ਗੱਲ ਕਰਨਾ ਚਾਹੁੰਦਾ ਹਾਂ ।

**ਸ੍ਰੀ ਡਿਪਟੀ ਸਪੀਕਰ :** ਸੌਰੀ, ਸਰਦਾਰ ਬਲਵੰਤ ਸਿੰਘ ਜੀ ਬੋਲਣਗੇ।

**ਸਰਦਾਰ ਭਾਗ ਸਿੰਘ :** ਡਿਪਟੀ ਸਪੀਕਰ ਸਾਹਿਬ, ਜਲੰਧਰ ਵਿਚ ਅਗਰ ਕਿਸੇ ਨੇ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਹੈ ਤਾਂ ਉਹ ਐਸ. ਐਸ. ਪੀ ਨੇ ਕੀਤੀ ਹੈ । ਪਰ ਉਸ ਦੀ ਬਜਾਏ ਸਰਦਾਰ ਸੁਰਜੀਤ ਸਿੰਘ ਹਰੀਜਨ ਐਸ. ਐਸ. ਪੀ ਨੂੰ ਸਸਪੈਂਡ ਕਰ ਦਿਤਾ ਗਿਆ ਹੈ। ਜਦ ਤਕ ਤਕੜੇ ਹੋ ਕੇ ਕੰਮ ਨਹੀਂ ਕਰੋਗੇ ਉਦੋਂ ਤਕ ਲਾਅ ਐਂਡ ਆਰਡਰ ਦਾ ਮਸਲਾ ਹੱਲ ਨਹੀਂ ਹੋਵੇਗਾ। ਲੋਕੀਂ ਸਾਡੇ ਤੇ ਲਾਹਨਤਾਂ ਪਾਉਣਗੇ। ਮਿਹਰਬਾਨੀ ਕਰੋ, ਪੁਲਿਸ ਵਿਚ ਡੀਮਾਰੇਲਾਈਜ਼ੇਸ਼ਨ ਆਈ ਹੈ, ਇਨ੍ਹਾਂ ਦਾ ਮਾਰਲ ਉਚਾ ਕਰੋ ਔਰ ਪੰਜਾਬ ਵਿਚ ਜੋ ਕਤਲ ਹੋ ਰਹੇ ਹਨ ਇਨ੍ਹਾਂ ਨੂੰ ਬੰਦ ਕਰਾਓ । (ਥੰਪਿੰਗ)

**ਵਿੱਤ ਮੰਤਰੀ** (ਸਰਦਾਰ ਬਲਵੰਤ ਸਿੰਘ) : ਡਿਪਟੀ ਸਪੀਕਰ ਸਾਹਿਬ, ਸਪਲੀਮੈਂਟਰੀ ਡੀਮਾਂਡਜ਼ ਇਨਸਟਾਲਮੈਂਟ ਨੰ: 2 ਸਦਨ ਦੇ ਸਾਹਮਣੇ ਪੇਸ਼ ਹੈ। ਬਹੁਤ ਸਾਰੇ ਮੈਂਬਰ ਸਾਹਿਬਾਨ ਨੇ, ਆਨਰੇਬਲ ਮੈਂਬਰਜ਼ ਨੇ ਡਿਸਕਸ਼ਨ ਵਿਚ ਹਿੱਸਾ ਲਿਆ ਹੈ ਔਰ ਬਹੁਤ ਸਾਰਿਆਂ ਨੇ ਅੱਛੇ ਪੁਆਇੰਟ ਦਿੱਤੇ ਹਨ। ਇਸ ਤੋਂ ਪਹਿਲਾਂ ਕਿ ਸਪਲੀਮੈਂਟਰੀ ਗਰਾਂਟਸ ਬਾਰੇ ਕੁਝ ਕਹਾਂ ਇੱਕ ਚੀਜ਼ ਮੈਂ ਆਪ ਜੀ ਰਾਹੀਂ ਸਦਨ ਦੇ ਸਾਹਮਣੇ ਪੇਸ਼ ਕਰਨਾ ਚਾਹੁੰਦਾ ਹਾਂ। ਕੱਲ੍ਹ ਜੋ ਪਾਰਟ 'ਬੀ' ਵਿਚ ਟੈਕਸੇਸ਼ਨ ਦਾ ਖੁਲਾਸਾ ਦਿੱਤਾ ਸੀ ਪਰੈਸ ਰਾਹੀਂ ਉਹ ਥੋੜ੍ਹਾ ਜਿਹਾ ਗਲਤ ਅਨੈਲੇਸਿਜ਼ ਹੋਇਆ ਹੈ । ਆਪ ਜੀ ਰਾਹੀਂ ਮੈਂ ਸਿੱਧ ਕਰਨਾ ਚਾਹੁੰਦਾ ਹਾਂ। ਪਾਰਟ 'ਬੀ, ਟੈਕਸੇਸ਼ਨ ਦੇ 'ਸੀ' ਪੁਆਇੰਟ ਵਿਚ ਇਹ ਲਿਖਿਆ ਹੈ :—

Rationalisation and change of the method of calculation and levy of tax under the Punjab Motor Spirit (Taxation of Sales) Act on the pattern followed by most other States so as to have the following rates of tax.

ਇਸ ਦਾ ਅਨੈਲੇਸਿਜ਼ ਗਲਤ ਹੋਇਆ। ਉਹ ਇਹ ਹੋਇਆ ਕਿ ਪਹਿਲਾਂ ਸਿਸਟਮ ਰਿਪਲੇਸ ਕੀਤਾ ਜਾਂਦਾ ਹੈ, ਚੇਂਜ ਕੀਤਾ ਜਾਂਦਾ ਹੈ। New rates are as under:

(i) seven paise per rupee for petrol: and

(ii) five paise per rupee for diesel oil.

Original with;
Punjab Vidhan Sabha
Digitized by;
Panjab Digital Library

[ਵਿੱਤ ਮੰਤਰੀ]

ਜੋ ਪ੍ਰੈਸ ਵਿਚ ਆਇਆ ਹੈ ਅਖਬਾਰਾਂ ਵਿਚ ਆਇਆ ਹੈ ਉਸ ਨਾਲ ਕੁਝ ਸੱਜਣਾਂ ਨੂੰ ਸਮਝਣ ਵਿਚ ਗਲੱਤੀ ਲੱਗੇਗੀ। ਜਿਹੜੇ ਪੈਸੇ ਛੱਡੇ ਹਨ ਉਹ ਇਨ੍ਹਾਂ ਨੇ ਦਰਜ ਨਹੀਂ ਕੀਤੇ ਹਨ । ਰਿਪ-ਲੇਸਮੈਂਟ ਹੋਈ ਸੀ। ਇਸ ਵੇਲੇ ਡੀਜ਼ਲ ਉਤੇ ਇੱਕ ਲਿਟਰ ਤੇ 10 ਪੈਸੇ ਟੈਕਸ ਲਗਦਾ ਹੈ। ਉਹ ਦਸ ਪੈਸੇ ਵਾਪਸ ਲੈ ਲਏ ਹਨ। 5% ਡੀਜ਼ਲ ਉਤੇ ਲਗਾ ਦਿੱਤਾ ਹੈ (ਬੰਪਿੰਗ) ਇਸ ਦਾ ਇੰਪੈਕਟ ਇਹ ਹੋਵੇਗਾ ਕਿ ਐਡੀਸ਼ਨਲ ਚਾਰਜ 2% ਹੋਏਗਾ। ਇਸ ਤਰ੍ਹਾਂ ਪੈਟਰੋਲ ਉਤੇ ਇਸ ਵੇਲੇ 15 ਪੈਸੇ ਪਰ ਲਿਟਰ ਟੈਕਸ ਲਗਦਾ ਹੈ। ਇਸ ਬਾਰੇ ਲਿਖਿਆ ਹੈ ਕਿ ਇਹ 15 ਪੈਸੇ ਵਾਪਸ ਲਏ ਜਾਣ ਔਰ ਉਸ ਦੀ ਜਗ੍ਹਾ 7% ਲਗਾ ਦਿੱਤਾ ਜਾਏ। ਪੈਟਰੋਲ ਤੇ ਇੰਪੈਕਟ ਇਸ ਦਾ ਇਹ ਹੋਵੇਗਾ ਕਿ ਇਸ ਤੇ ਟੈਕਸ 5% ਹੋਏਗਾ। ਡੀਜ਼ਲ ਤੇ 2% ਹੋਣ ਨਾਲ ਡੀਜ਼ਲ ਪੰਜਾਬ ਵਿਚ ਹਰਿਆਣਾ ਨਾਲੋਂ ਸਸਤਾ ਹੋਵੇਗਾ।

ਇਸੇ ਤਰ੍ਹਾਂ ਕਨਸੈਸ਼ਨਜ਼ ਦੀ ਜਿੱਥੇ ਮੱਦ ਆਈ ਹੈ ਉਥੇ ਨੰ: 3 ਰੈਸ਼ਨੇਲਾਈਜ਼ੇਸ਼ਨ ਹੇਠ ਲਿਖਿਆ ਹੈ :—

> "To provide relief to payers of commercial tax (trucks aud buses) and to prevent diversion of trade to other State, the rate of sales tax on motor vehicles, excluding tractors and saloon cars of engine capacity exceeding 2,500 cubic centimeters with accessories as supplied by manufacturers of such vehicles will be reduoed from ten paise to four paise in a rupee."

ਇਸ ਦਾ ਇੰਪੈਕਟ ਇਹ ਹੋਇਆ ਕਿ ਜਿਸ ਵ੍ਹੈਹੀਕਲ ਦੀ ਕੀਮਤ 2 ਲੱਖ ਰੁਪਿਆ ਹੈ ਉਸ ਉਤੇ ਪਹਿਲਾਂ 20,000 ਟੈਕਸ ਲਗਦਾ ਸੀ ਪਰ ਇਸ ਚੇਂਜ ਨਾਲ ਉਸ ਤੇ ਹੁਣ 8,000 ਟੈਕਸ ਲਗੇਗਾ। ਚੈਸੀ ਤੇ ਢਾਈ ਲੱਖ ਦੀ ਤੇ ਪਹਿਲਾਂ 25,000 ਟੈਕਸ ਲਗਦਾ ਸੀ ਹੁਣ ਇਸ ਤੇ 15,000 ਦੀ ਛੋਟ ਹੋਏਗੀ ਔਰ 10,000 ਟੈਕਸ ਲੱਗੇਗਾ। ਇਸ ਨਾਲ ਰੈਵੇਨਿਊ ਸਟੇਟ ਨੂੰ ਜ਼ਿਆਦਾ ਆਏਗਾ। ਇਸ ਵੇਲੇ 33 ਲੱਖ ਰੁਪਏ ਜੋ ਸਟੇਟ ਨੂੰ ਆਉਂਦੇ ਹਨ ਇਸ ਦੀ ਬਜਾਏ ਅੱਗੇ ਨੂੰ ਦੋ ਕਰੋੜ ਰੁਪਏ ਸਟੇਟ ਨੂੰ ਆਉਣਗੇ। ਮੈਂਬਰ ਸਾਹਿਬਾਨ ਨੇ ਸਪਲੀਮੈਂਟਰੀ ਗਰਾਂਟਸ ਤੇ ਬੋਲਦੇ ਹੋਇਆਂ ਜ਼ਿਆਦਾ ਤਰ ਫਲੱਡ ਰਲੀਫ, ਲਾਅ ਐਂਡ ਆਰਡਰ ਅਤੇ ਫੂਡ ਪਰੋਕਿਉਰਮੈਂਟ ਬਾਰੇ ਜ਼ਿਕਰ ਕੀਤਾ ਹੈ। ਫੂਡ ਪਰੋਕਿਉਰਮੈਂਟ ਲਈ 148 ਕਰੋੜ ਰੁਪਏ ਹਨ। 31 ਕਰੋੜ ਰੁਪਏ ਕਣਕ ਦਾ ਬੋਨਸ ਦੇਣ ਲਈ ਹਨ। ਪ੍ਰਾਈਮ ਮਨਿਸਟਰ ਸਾਹਿਬ ਨੇ ਅਨਾਉਂਸ ਕੀਤਾ ਸੀ ਕਿ ਕਿਸਾਨਾਂ ਨੂੰ ਬੋਨਸ ਦਿੱਤਾ ਜਾਏਗਾ ਪਰ ਗੌਰਮਿੰਟ ਆਫ ਇੰਡੀਆ ਵੱਲੋਂ ਇਸ ਲਈ ਕੋਈ ਪੈਸਾ ਨਹੀਂ ਆਇਆ ਔਰ ਇਸ ਦੀ ਬਜਾਏ ਸਟੇਟ ਬਜਟ ਵਿਚੋਂ ਇਹ ਪੈਸਾ ਦੇਣਾ ਪਿਆ ਹੈ। ਸੋਸ਼ਲ ਸਿਕਿਉਰਿਟੀ ਲਈ ਪੈਸੇ ਰੱਖੇ ਗਏ ਹਨ। ਰੀਹੈਬੀਲੀਟੇਸ਼ਨ ਆਫ ਸਿੱਖ ਮਾਈਗਰੈਂਟਸ ਐਂਡ ਆਰਮਡ ਫੋਰਸਿਜ਼ ਪਰਸੋਨਲ ਇਨ੍ਹਾਂ ਲਈ ਪੈਸੇ ਰੱਖੇ ਗਏ ਹਨ।

ਮੈਨੂੰ ਖੁਸ਼ੀ ਹੈ ਕਿ ਮੈਂਬਰ ਸਾਹਿਬਾਨ ਨੇ ਕਾਫੀ ਅੱਛੀ ਡਿਸਕਸ਼ਨ ਕੀਤੀ ਹੈ ਔਰ ਉਨ੍ਹਾਂ ਨੇ ਮੇਜਰ ਪੁਆਇੰਟ ਲਾਅ ਐਂਡ ਆਰਡਰ, ਪੁਲਿਸ ਬਾਰੇ ਜ਼ਿਕਰ ਕੀਤਾ ਹੈ। ਮੇਰੇ ਮਿੱਤਰ ਬਜ਼ੁਰਗ ਪੰਡਿਤ ਮੋਹਣ ਲਾਲ ਜੀ ਨੇ ਇਸ ਈਸ਼ੂ ਤੇ ਆਪਣੇ ਵਿਚਾਰ ਰੱਖੇ ਹਨ। ਇਹ ਪੰਜਾਬ ਦੇ ਫਿਨਾਂਸ ਮਨਿਸ਼ਟਰ ਰਹੇ ਹਨ, ਪੰਜਾਬ ਦੇ ਹੋਮ ਮਾਨਸਟਰ ਰਹੇ ਹਨ ਔਰ ਸੀਨੀਅਰ ਆਨਰੇਬਲ ਮੈਂਬਰ ਹਨ । ਮੈਂ ਇਕ ਚੀਜ਼ ਇਸ ਈਸ਼ੂ ਤੇ ਕਹਿਣਾ ਚਾਹੰਦਾ ਹਾਂ ਕਿ ਪੰਜਾਬ ਦਾ ਮਸਲਾ ਲਾਅ ਐਂਡ ਆਰਡਰ

Original with;
Punjab Vidhan Sabha
Digitized by;
Panjab Digital Library

ਦਾ ਮਸਲਾ ਨਹੀਂ ਹੈ। ਪੰਜਾਬ ਦਾ ਮਸਲਾ ਪੁਲੀਟੀਕਲ ਮਸਲਾ ਹੈ। ਸਾਡੀ ਬਦਕਿਸਮਤੀ ਇਹ ਰਹੀ ਹੈ ਕਿ ਪਿਛਲੇ 4–5 ਸਾਲਾਂ ਤੋਂ ਲਾਅ ਐਂਡ ਆਰਡਰ ਦੇ ਮਸਲੇ ਤੇ ਡੀਲ ਕਰਨ ਦੀ ਕੋਸ਼ਿਸ਼ ਕੀਤੀ ਗਈ ਔਰ ਇਸ ਕਰਕੇ ਹੀ ਫੇਲ੍ਹ ਹੋਏ ਹਾਂ। ਇਸ ਕਰਕੇ ਹੀ ਸਿਚੂਏਸ਼ਨ ਬੈਡ ਟੂ ਵਰਸ ਹੁੰਦੀ ਚਲੀ ਗਈ ਹੈ। ਗਵਰਨਰ ਸਾਹਿਬ ਪਾਂਡੇ ਸਾਹਿਬ ਆਈ. ਸੀ. ਐਸ. ਅਫ਼ਸਰ ਰਹੇ ਹਨ। ਉਨ੍ਹਾਂ ਨੇ ਪ੍ਰਾਈਮ ਮਨਿਸਟਰ ਸਾਹਿਬ ਨੂੰ ਆਪਣੀ ਰਾਏ ਦਿੱਤੀ ਸੀ ਕਿ ਪੰਜਾਬ ਦਾ ਮਸਲਾ ਪੁਲੀਟੀਕਲ ਹੈ ਲਾਅ ਐਂਡ ਆਰਡਰ ਦਾ ਨਹੀਂ ਹੈ। ਹਿੰਦੁਸਤਾਨ ਦੀਆਂ ਸਾਰੀਆਂ ਪਾਰਟੀਆਂ ਕਹਿੰਦੀਆਂ ਰਹੀਆਂ ਕਿ ਲਾਅ ਐਂਡ ਆਰਡਰ ਦਾ ਮਸਲਾ ਨਹੀਂ ਹੈ ਬਲਿਕ ਇਹ ਪੁਲੀਟੀਕਲ ਮਸਲਾ ਹੈ। ਕਈ ਮੀਟਿੰਗਾਂ ਹੋਈਆਂ ਜਿਸ ਵਿਚ ਆਪੋਜੀਸ਼ਨ ਪਾਰਟੀਆਂ ਦੇ ਮੈਂਬਰ ਸ਼ਾਮਿਲ ਹੋਏ, ਗੌਰਮਿੰਟ ਦੇ ਨੁਮਾਇੰਦੇ ਸਾਮਲ ਹੋਏ ਔਰ ਅਸੀਂ ਵੀ ਉਨ੍ਹਾਂ ਮੀਟਿੰਗਾਂ ਵਿਚ ਸ਼ਾਮਿਲ ਹੋਏ ਉਥੇ ਹਮੇਸ਼ਾ ਇਹੀ ਹੀ ਰਿਹਾ ਕਿ ਲਾਅ ਐਂਡ ਆਰਡਰ ਦਾ ਮਸ਼ਲਾ ਨਹੀਂ ਬਲਿਕ ਪੁਲਿਟੀਕਲ ਮਸ਼ਲਾ ਹੈ। ਪੁਲੀਟੀਕਲ ਉਦੋਂ ਦਾ ਸ਼ੁਰੂ ਹੋਇਆ ਮਗਰ ਉਨ੍ਹਾਂ ਨੇ ਇਸ ਨੂੰ ਲਾਅ ਐਂਡ ਆਰਡਰ ਦੇ ਤੌਰ ਤੇ ਡੀਲ ਕੀਤਾ ਔਰ ਨੌਜਵਾਨਾਂ ਨੂੰ ਕੁੱਟਿਆ ਗਿਆ ਉਨ੍ਹਾਂ ਨੂੰ ਤੰਗ ਕੀਤਾ ਗਿਆ। ਲੋਕੀਂ ਡਰਦੇ ਮਾਰੇ ਬਾਰਡਰ ਪਾਰ ਕਰਕੇ ਭੱਜ ਗਏ। ਇਸ ਨਾਲ ਇਹ ਮਸਲਾ ਹੋਰ ਪੇਚੀਦਾ ਹੋ ਗਿਆ। ਇਸ ਕਰਕੇ, ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿੰਨਾ ਚਿਰ ਮਸਲੇ ਨੂੰ ਪੂਰੀ ਤਰ੍ਹਾਂ ਨਾ ਸਮਝਿਆ ਜਾਏ ਉਨੀ ਦੇਰ ਤਕ ਉਸ ਦਾ ਹਲ ਠੀਕ ਤਰ੍ਹਾਂ ਨਾਲ ਨਹੀਂ ਨਿਕਲ ਸਕਦਾ। ਅਗਰ ਫੈਕਟਸ ਪਤਾ ਨਾ ਹੋਣ ਔਰ ਨਤੀਜਾ ਲੱਭਣ ਦੀ ਕੋਸ਼ਿਸ਼ ਕਰੋਗੇ ਤਾਂ ਨਤੀਜਾ ਗਲਤ ਨਿਕਲੇਗਾ।

ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਮਸਲਾ ਪੁਲਿਟੀਕਲ ਹੈ ਅਤੇ ਇਹ ਪੁਲਿਟੀਕਲ ਮਸਲਾ ਜਿਹੜਾ ਹੈ ਇਹ ਇੰਟਰਨੈਸ਼ਨਲ ਸਤਾਹ ਉਤੇ ਤੁਰਿਆ ਜਾ ਰਿਹਾ ਹੈ ਤਾਂ ਹੀ ਮੈਂ ਬਜਟ ਸਪੀਚ ਵਿਚ ਕਿਹਾ ਹੈ ਕਿ ਪੰਜਾਬ ਇਜ਼ ਫਾਈਟਿੰਗ ਦੀ ਬੈਟਲ ਆਫ ਦੀ ਹੋਲ ਨੇਸ਼ਨ। ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਪੰਜਾਬ ਨੂੰ ਡੀਸਟੈਬਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੰਮੂ ਅਤੇ ਕਸ਼ਮੀਰ ਨੂੰ ਡੀਸਟੈਬਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਹਿੰਦੁਸਤਾਨ ਨੂੰ ਡੀਸਟੈਬਲਾਈਜ਼ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਕਾਂਗਰਸ ਪਾਰਟੀ ਜਿਹੜੀ ਹਿੰਦੁਸਤਾਨ ਵਿਚ ਹੁਕਮਰਾਨ ਪਾਰਟੀ ਹੈ, ਉਸ ਨੂੰ ਇਸ ਚੀਜ਼ ਨੂੰ ਅੰਡਰਸਟੈਂਡ ਜ਼ਿਆਦਾ ਕਰਨਾ ਜ਼ਰੂਰੀ ਹੈ। ਕਾਂਗਰਸ ਪਾਰਟੀ ਇਸ ਵੇਲੇ ਇਸ ਮੁਲਕ ਵਿਚ ਰੂਲਿੰਗ ਪਾਰਟੀ ਹੈ ਅਤੇ ਉਸ਼ ਪਾਰਟੀ ਦੀ ਜ਼ਿਆਦਾ ਜ਼ਿੰਮੇਵਾਰੀ ਹੈ ਇਸ ਨੂੰ ਅੰਡਰ-ਸਟੈਂਡ ਕਰਨ ਦੀ। ਪਿਛਲੇ ਸਾਲ ਰੈਪਰੈਸ਼ਨ ਕਰਕੇ ਲੋਕਾਂ ਨੂੰ ਹਾਊਂਡ ਆਊਟ ਕੀਤਾ ਅਤੇ ਇਸ ਤਰ੍ਹਾਂ ਇਸ ਮੁਲਕ ਵਿਚ ਇਕ ਸੈਕਸ਼ਨ ਆਫ ਸੋਸਾਇਟੀ ਵਿਚ ਸੈਂਸ ਆਫ ਐਲੀਨੇਸ਼ਨ ਪੈਦਾ ਹੋਈ। ਪਿਛਲੇ ਨਵੰਬਰ, 1984 ਵਿਚ ਜੋ ਕੁਝ ਹੋਇਆ, ਉਹ ਤੁਹਾਡੇ ਸਾਹਮਣੇ ਹੈ। ਇਹ ਤਾਂ ਹੁੰਦਾ ਹੈ ਕਿ ਮਰੇ ਹੋਏ ਆਦਮੀ ਨੂੰ ਸਾੜਿਆ ਫੂਕਿਆ ਜਾਂਦਾ ਹੈ ਪਰ ਇਹ ਕਦੇ ਨਹੀਂ ਹੋਇਆ ਕਿ ਜਿਊਂਦੇ ਬੰਦੇ ਦੇ ਗੱਲ ਵਿਚ ਟਾਇਰ ਨੂੰ ਅੱਗ ਲਾਕੇ ਸਾੜ ਦਿਤਾ ਜਾਵੇ। (ਸ਼ੇਮ, ਸ਼ੇਮ ਦੀਆਂ ਆਵਾਜ਼ਾਂ) ਕਿੰਨੇ ਬੱਚੇ ਯਤੀਮ ਹੋ ਗਏ, ਔਰਤਾਂ ਵਿਧਵਾ ਹੋ ਗਈਆਂ। (ਸ਼ੇਮ, ਸ਼ੇਮ) ਇਸ ਤਰ੍ਹਾਂ ਦੀਆਂ ਵਾਰਦਾਤਾਂ ਇਕੱਲੀਆਂ ਦਿੱਲੀ ਵਿਚ ਹੀ ਨਹੀਂ ਹੋਈਆਂ ਬਲਿਕ ਦੇਸ਼ ਦੇ ਹੋਰ ਬਹੁਤ ਸਾਰੇ ਸੂਬਿਆਂ ਵਿਚ ਵੀ ਹੋਈਆਂ ਹਨ। ਪਰ ਅਫਸੋਸ ਦੀ ਗੱਲ ਹੈ ਕਿ ਇਸ ਦੇਸ਼ ਦੇ ਕਾਨੂੰਨ ਮੁਤਾਬਿਕ ਇਕ ਬੰਦੇ ਤੇ ਵੀ ਕੇਸ ਰਜਿਸਟਰ ਨਹੀਂ ਕੀਤਾ। ਇਕ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਗਿਆ। (ਸ਼ੇਮ, ਸ਼ੇਮ) ਘੱਟੋ ਘੱਟ 20–25 ਹਜ਼ਾਰ ਆਦਮੀ, ਜਿਨ੍ਹਾਂ ਵਿਚ ਬੱਚੇ ਅਤੇ ਔਰਤਾਂ ਵੀ ਹਨ, ਮਾਰੇ ਗਏ। 20–25 ਹਜ਼ਾਰ ਮਰਨ ਦੇ ਬਾਵਜੂਦ ਵੀ ਮਰਡਰ ਦਾ ਕੋਈ ਕੇਸ ਨਹੀਂ ਚੱਲ ਰਿਹਾ। ਕੀ ਇਸ ਤਰ੍ਹਾਂ ਐਲੀਨੇਸ਼ਨ (alination) ਨਹੀਂ ਹੋਵੇਗੀ ?

Original with;
Punjab Vidhan Sabha
Digitized by;
Panjab Digital Library

**ਸ੍ਰੀ ਡਿਪਟੀ ਸਪੀਕਰ** : ਤੁਸੀਂ ਕਿੰਨਾ ਸਮਾਂ ਹੋਰ ਲਵੋਗੇ ?

**ਵਿੱਤ ਮੰਤਰੀ**: ਮੈਂ ਥੋੜ੍ਹਾ ਜਿਹਾ ਸਮਾਂ ਹੋਰ ਲਵਾਂਗਾ ਜੀ।

**Mr. Deputy Speaker:** The Guillotine was to be applied at 12.45 P.M. If the hon. Members agree, the Guillotine be applied at 1.00 P.M.

Is it the pleasure of the House?

Voices: Yes, yes.

**Mr. Deputy Speaker:** The Guillotine will be applied at 1.00 P.M.

**ਵਿੱਤ ਮੰਤਰੀ** : ਜੇ ਇਕ ਸੈਕਸ਼ਨ ਦੇ ਦਿਮਾਗ ਵਿਚ ਇਹ ਗੱਲ ਆ ਜਾਵੇ ਕਿ ਇਸ਼ ਦੇਸ਼ ਦਾ ਕਾਨੂੰਨ ਸਾਡੇ ਉਤੇ ਲਾਗੂ ਨਹੀਂ ਹੁੰਦਾ ਤਾਂ ਐਨਾ ਜ਼ੁਲਮ ਕਰਨ ਤੋਂ ਬਾਅਦ ਵੀ ਕਿਸੇ ਨੂੰ ਕੋਈ ਸਜ਼ਾ ਨਹੀਂ ਮਿਲਦੀ, ਕੇਸ ਨਹੀਂ ਚਲਦਾ ਤਾਂ ਉਨ੍ਹਾਂ ਵਿਚ ਫਿਰ ਐਲੀਨੇਸ਼ਨ ਬਿਲਟ ਹੁੰਦੀ ਹੈ। ਇਸ ਤਰ੍ਹਾਂ ਉਨ੍ਹਾਂ ਵਿਚ ਐਲੀਨੇਸ਼ਨ ਬਿਲਟ ਹੋਈ ਅਤੇ ਉਹ ਅੱਜ ਵੀ ਟੁੱਟੀ ਨਹੀਂ ਹੈ। ਪੰਜਾਬ ਤੋਂ ਜਿਹੜੇ ਬਾਹਰ ਸਿੱਖ ਰਹਿੰਦੇ ਹਨ ਉਹ ਅਜ ਵੀ ਫੀਅਰ ਵਿਚ ਹਨ, ਉਹ ਅੱਜ ਵੀ ਇਨਸਕਿਉਅਰ ਫੀਲ ਕਰ ਰਹੇ ਹਨ। ਉਹ ਉਥੇ ਇਨਵੈਸਟਮੈਂਟ ਨਹੀਂ ਕਰ ਰਹੇ। ਉਨ੍ਹਾਂ ਨੇ ਉਥੇ ਪੈਸਾ ਇਨਵੈਸਟ ਕਰਨਾ ਬੰਦ ਕਰ ਦਿੱਤਾ ਹੈ। ਉਨ੍ਹਾਂ ਵਿੱਚ ਇਕ ਕਿਸਮ ਦਾ ਫੀਅਰ ਹੈ। ਇਸ ਤਰ੍ਹਾਂ ਉਨ੍ਹਾਂ ਵਿਚ ਸੈਂਸ ਆਫ ਐਲੀਨੇਸ਼ਨ ਪੈਦਾ ਹੋਈ ਹੈ। ਇਸ ਲਈ ਇਹ ਜਿਹੜੀ ਸੈਂਸ ਆਫ ਐਲੀਨੇਸ਼ਨ ਹੈ ਇਸ ਨੂੰ ਸਿੱਖਾਂ ਦੇ ਮਨਾਂ ਵਿਚੋਂ ਕੱਢਣਾ ਕਾਂਗਰਸ ਪਾਰਟੀ, ਜਿਸ ਦੀ ਇਸ ਦੇਸ਼ ਵਿਚ ਹਕੂਮਤ ਹੈ, ਉਨ੍ਹਾਂ ਦੀ ਸਭ ਤੋਂ ਜ਼ਿਆਦਾ ਜ਼ਿੰਮੇਵਾਰੀ ਹੈ। ਸਾਡੀ ਘੱਟ ਜ਼ਿੰਮੇਵਾਰੀ ਬਣਦੀ ਹੈ।

ਡਿਪਟੀ ਸਪੀਕਰ ਸਾਹਿਬ, ਮੈਂ ਤੁਹਾਡੇ ਸਾਹਮਣੇ ਇਕ ਅਖਬਾਰ ਦੀ ਖਬਰ ਪੇਸ਼ ਕਰਨਾ ਚਾਹੁੰਦਾ ਹਾਂ, ਇਸ ਤੋਂ ਪਤਾ ਲੱਗੇਗਾ ਕਿ ਕਮਿਊਨਿਲਜ਼ਮ ਇਸ ਦੇਸ਼ ਵਿਚ ਕਿਵੇਂ ਚਲ ਰਹੀ ਹੈ। ਇਹ ਮਿਲਾਪ ਅਖਬਾਰ ਦਿੱਲੀ ਤੋਂ ਨਿਕਲਦਾ ਹੈ ਅਤੇ ਇਹ 24 ਦਸੰਬਰ, 1985 ਦਾ ਹੈ। ਇਸ ਵਿਚ ਇਸ ਤਰ੍ਹਾਂ ਹੈ :—

"ਰਾਜ ਕਰੇਗਾ ਖਾਲਸਾ"

> ਗਦਾਰੋਂ ਕੋ ਆਮ ਤੌਰ ਪਰ ਤੋਪ ਕੇ ਸਾਹਮਨੇ ਖੜ੍ਹਾ ਕਰਕੇ ਉੜਾ ਦੀਆ ਜਾਤਾ ਹੈ, ਉਨਕਾ ਸਰ ਕਲਮ ਕਰ ਦੀਆ ਜਾਤਾ ਹੈ। ਉਨਕਾ ਕੋਈ ਨਿਸ਼ਾਨ ਤਕ ਬਾਕੀ ਨਹੀਂ ਰਹਿਨੇ ਦੀਆ ਜਾਤਾ। ਆਜ ਤਕ ਕੀ ਤਾਰੀਖ ਮੇਂ ਕਿਸੀ ਭੀ ਦੇਸ਼ ਮੇਂ ਗਦਾਰੋਂ ਕੋ ਨਹੀਂ ਛੋੜਾ, ਉਨ੍ਹੇਂ ਨਹੀਂ ਬਖਸ਼ਾ, ਉਨਹੇਂ ਵੋਹੀ ਸਜ਼ਾ ਦੀ ਹੈ ਜੋ ਉਨਹੇਂ ਮਿਲਨੀ ਚਾਹੀਏ। ਲੇਕਿਨ ਭਾਰਤ ਮੇਂ 'ਰਾਜ ਕਰੇਗਾ ਖਾਲਸਾ' ਕੀ ਬੇਹੂਦਾ ਬਕਵਾਸ ਕਈ ਬਰਸੋਂ ਸੇ ਸੁਨਾਈ ਦੇ ਰਹੀ ਹੈ ਲੇਕਿਨ ਅਭੀ ਤਕ ਉਨਕਾ ਸਰ ਕਲਮ ਕਰਨਾ ਤੋ ਏਕ ਤਰਫ, ਉਨਕੀ ਜ਼ਬਾਨ ਤਕ ਨਹੀਂ ਕਾਟੀ ਗਈ ਤਾਂਕਿ ਫਿਰ ਕਭੀ ਵੋਹ ਐਸੀ ਬੇਹੂਦਾ ਬਾਤ ਕਹਿ ਹੀ ਨਾ ਸਕੇ"।

ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਦੇਸ਼ ਦੀ ਏਕਤਾ ਦੀ ਗੱਲ ਹੈ ? ਕੀ ਅਜਿਹੀਆਂ ਗੱਲਾਂ ਦੇਸ਼ ਨੂੰ ਇੰਟੇਗਰੇਸ਼ਨ ਵੱਲ ਲੈ ਜਾਣਗੀਆਂ, ਯੂਨਿਟੀ ਵੱਲ ਲੈ ਜਾਣਗੀਆਂ। 'ਰਾਜ ਕਰੇਗਾ ਖਾਲਸਾ'

Original with;
Punjab Vidhan Sabha
Digitized by;
Panjab Digital Library

ਸਿੱਖ ਕੌਮ ਦੀ ਅਰਦਾਸ ਵਿਚ ਸ਼ਾਮਿਲ ਹੈ ਜਿਸ ਨੂੰ ਅਸੀਂ ਹਰ ਰੋਜ਼ ਪੜ੍ਹਦੇ ਹਾਂ। ਦਰਬਾਰ ਸਾਹਿਬ ਅੱਗੇ ਖੜ੍ਹੇ ਹੋਕੇ ਅਰਦਾਸ ਕਰਦੇ ਹਾਂ ਉਸ ਵੇਲੇ ਪੜ੍ਹਦੇ ਹਾਂ। ਸਿੱਖ ਭਾਵੇਂ ਕੋਈ ਉਹ ਪੰਜਾਬ ਵਿਚ ਰਹਿੰਦਾ ਹੈ, ਹਿੰਦੁਸਤਾਨ ਵਿਚ ਰਹਿੰਦਾ ਹੈ, ਹਿੰਦੁਸਤਾਨ ਦੇ ਕਿਸੇ ਸੂਬੇ ਵਿਚ ਰਹਿੰਦਾ ਹੈ, ਲੰਡਨ, ਅਮਰੀਕਾ ਜਾਂ ਮਲੇਸ਼ੀਆ ਵਿਚ ਬੈਠਾ ਹੈ, ਉਹ ਅਰਦਾਸ ਕਰਦਾ ਹੈ। ਪਰ ਇਹ ਜਿਹੜੇ ਇਸ ਤਰ੍ਹਾਂ ਦਾ ਲਿਖਣ ਵਾਲੇ ਹਨ ਇਨ੍ਹਾਂ ਉਤੇ ਗੌਰਮਿੰਟ ਨੇ ਕੋਈ ਕਾਰਵਾਈ ਨਹੀਂ ਕੀਤੀ। ਇਹੋ ਜਿਹੇ ਆਦਮੀ ਨੂੰ ਫੜਕੇ ਜੇਲ੍ਹ ਵਿਚ ਦੇਣਾ ਚਾਹੀਦਾ ਹੈ। ਪ੍ਰੋਫ਼ੈਸਰ ਦਰਸ਼ਨ ਸਿੰਘ ਰਾਗੀ ਨੂੰ ਫੜਕੇ ਜੇਲ੍ਹ ਵਿਚ ਦੇ ਦਿੱਤਾ। ਉਸਦਾ ਕੀ ਕਸੂਰ ਸੀ ? ਉਸਦਾ ਕੋਈ ਕਸੂਰ ਨਹੀਂ ਸ਼ੀ। ਇਸ ਬਾਰੇ ਚੀਫ ਮਨਿਸਟਰ ਸਾਹਿਬ ਨੇ ਹੋਮ ਮਨਿਸਟਰੀ ਨੂੰ ਚਿਠੀ ਲਿਖੀ ਹੈ ਪਰ ਕੋਈ ਜਵਾਬ ਨਹੀਂ ਆਇਆ। ਇਹ ਸੈਂਸ ਆਫ ਐਲੀਨੇਸ਼ਨ ਹੈ। ਜਦ ਇਕ ਮੁਲਕ ਦੇ ਕਾਨੂੰਨ ਇਕ ਸੈਕਸ਼ਨ ਦੇ ਖਿਲਾਫ ਵਰਤੇ ਜਾਣ ਤਾਂ ਉਨ੍ਹਾਂ ਵਿਚ ਕੁਦਰਤੀ ਹੈ ਕਿ ਸੈਂਸ ਆਫ ਐਲੀਨੇਸ਼ਨ ਆਉਂਦੀ ਹੈ। ਇਸ ਤਰ੍ਹਾਂ ਸਿੱਖਾਂ ਵਿਚ ਸੈਂਸ ਆਫ ਐਲੀਨੇਸ਼ਨ ਪੈਦਾ ਹੋਈ । ਇਸ ਸੈਂਸ ਆਫ ਐਲੀਨੇਸ਼ਨ ਦੇ ਵਿਚੋਂ ਪੰਜਾਬ ਦੀ ਤਸਵੀਰ ਨਿਕਲ ਰਹੀ ਹੈ। ਇਹ ਪੁਲੀਟੀਕਲ ਇਸ਼ੂ ਹੈ। ਇਸ ਸੈਂਸ ਆਫ ਐਲੀਨੇਸ਼ਨ ਨੂੰ ਸਾਡੀ ਕਾਂਗਰਸ ਪਾਰਟੀ ਜਿਹੜੀ ਕਿ ਇਸ ਮੁਲਕ ਵਿਚ ਹਕੂਮਤ ਕਰ ਰਹੀ ਹੈ ਉਸ ਨੂੰ ਸਮਝਣਾ ਚਾਹੀਦਾ ਹੈ। ਮੈਂ ਇਸ ਹਾਊਸ ਦੇ ਰਾਹੀਂ ਅਪੀਲ ਕਰਾਂਗਾ ਕਿ ਸਾਨੂੰ ਸਦਨ ਦੇ ਮੈਂਬਰਾਂ ਨੂੰ ਪਾਜੇਟਿਵ ਐਟੀਚਿਊਡ ਲੈਣ ਦੀ ਜ਼ਰੂਰਤ ਹੈ। ਸਾਨੂੰ ਜ਼ਿਆਦਾ ਇਕੱਠੇ ਹੋਣ ਦੀ ਲੋੜ ਹੈ। ਸਾਨੂੰ ਉਨ੍ਹਾਂ ਫੋਰਸਿਜ਼ ਤੋਂ ਸੁਚੇਤ ਹੋਣਾ ਚਾਹੀਦਾ ਹੈ ਜਿਹੜੀਆਂ ਇਥੇ ਦੇ ਹਾਲਾਤ ਨੂੰ ਖਰਾਬ ਕਰ ਰਹੀਆਂ ਹਨ ਭਾਵੇਂ ਉਹ ਗੌਰਮਿੰਟ ਵਿਚ ਹਨ ਜਾਂ ਬਾਹਰ ਹਨ। ਇਕ ਐਕਸਟਰਨਲ ਫੋਰਸਿਜ਼ ਹੁੰਦੀਆਂ ਹਨ ਅਤੇ ਦੂਜੀਆਂ ਇੰਟਰਨਲ ਫੋਰਸਿਜ਼ ਹੁੰਦੀਆਂ ਹਨ ਜਿਹੜੀਆਂ ਸਾਡੇ ਦੇਸ਼ ਨੂੰ ਇਕੱਠਾ ਨਹੀਂ ਹੋਣ ਦਿੰਦੀਆਂ। ਇੰਟਰਨਲ ਫੋਰਸਿਜ਼ ਕਿਹੜੀਆਂ ਹਨ ? ਉਹ, ਉਹ ਫੋਰਸਿਜ਼ ਹਨ ਜਿਹੜੀਆਂ ਹੋਮ ਮਨਿਸਟਰੀ ਗੌਰਮਿੰਟ ਆਫ ਇੰਡੀਆ ਵਿਚ ਬੈਠੀਆਂ ਹਨ ਜਿਹੜੀਆਂ ਕਿ ਕਾਨੂੰਨ ਨੂੰ ਸਹੀ ਤੌਰ ਤੇ ਲਾਗੂ ਨਹੀਂ ਹੋਣ ਦਿੰਦੀਆਂ । ਉਹ ਦੇਸ਼ ਨੂੰ ਡਿਸਇੰਟੇਗਰੇਟ ਕਰਨਾ ਚਾਹੁੰਦੇ ਹਨ।

ਜਿਹੜਾ ਸੰਤ ਜੀ ਅਤੇ ਰਾਜੀਵ ਗਾਂਧੀ ਦੇ ਦਰਮਿਆਨ ਅਕਾਰਡ ਹੋਇਆ ਸੀ ਉਸ ਨੂੰ ਅਗਰ ਲੈਟਰ ਐਂਡ ਸਪਿਰਿਟ ਵਿਚ ਲਾਗੂ ਕੀਤਾ ਜਾਂਦਾ ਤਾਂ ਇਹ ਉਮੀਦ ਸੀ ਕਿ ਪੰਜਾਬ ਵਿਚ ਅਮਨ ਪੈਦਾ ਹੋਵੇਗਾ, ਸ਼ਾਂਤੀ ਪੈਦਾ ਹੋਵੇਗੀ। ਸਾਨੂੰ ਅਜੇ ਵੀ ਯਕੀਨ ਹੈ ਕਿ ਜੇ ਅਕਾਰਡ ਪੂਰੀ ਤਰ੍ਹਾਂ ਲਾਗੂ ਹੋ ਜਾਵੇ ਤਾਂ ਪੰਜਾਬ ਅਮਨ ਵੱਲ ਵਧੇਗਾ ਅਤੇ ਸੈਂਸ ਆਫ ਐਲੀਨੇਸ਼ਨ ਖਤਮ ਹੋਵੇਗੀ ਲੇਕਿਨ ਬੜੀਆਂ ਸ਼ਕਤੀਆਂ ਇਸ ਪਾਸੇ ਲੱਗੀਆਂ ਹੋਈਆਂ ਹਨ ਕਿ ਅਕਾਰਡ ਨੂੰ ਸੈਬੋਟੇਜ ਕੀਤਾ ਜਾਵੇ। ਇਸ ਅਕਾਰਡ ਦੇ ਮੁਤਾਬਿਕ 26 ਜਨਵਰੀ, ਨੂੰ ਚੰਡੀਗੜ੍ਹ ਜਿਹੜਾ ਪੰਜਾਬ ਨੂੰ ਮਿਲਣਾ ਸੀ ਉਹ ਅਗਰ ਮਿਲ ਜਾਂਦਾ ਤਾਂ ਹਾਲਾਤ ਠੀਕ ਹੋ ਜਾਣੇ ਸਨ। 26 ਜਨਵਰੀ, ਇਕ ਡੇਟ ਬਾਊਂਡ ਤਾਰੀਖ ਸੀ ਅਤੇ ਉਸਦੇ ਮੁਤਾਬਿਕ ਚੰਡੀਗੜ੍ਹ ਪੰਜਾਬ ਨੂੰ ਟਰਾਂਸਫਰ ਹੋਣਾ ਸੀ ਪਰ ਉਹ ਨਹੀਂ ਹੋਇਆ।

**ਸ਼੍ਰੀ ਸੇਵਾ ਰਾਮ ਅਰੋੜਾ** : ਤੁਹਾਡੀ ਆਪਣੀ ਪਾਰਟੀ ਵਿਚ ਤਾਂ ਕੋਈ ਡਸਿਪਲਨ ਨਹੀਂ ਹੈ, ਤੁਹਾਡੀ ਆਪਣੀ ਪਾਰਟੀ ਹੀ ਅਕਾਰਡ ਨੂੰ ਸੈਬੋਟੇਜ ਕਰਨ ਲੱਗੀ ਹੋਈ ਹੈ ।

**ਵਿੱਤ ਮੰਤਰੀ** : ਮੈਂ ਅਰਜ਼ ਕਰਨੀ ਚਾਹੁੰਦਾ ਹਾਂ ਕਿ ਅਕਾਲੀ ਪਾਰਟੀ ਡੀਟਰਮਨਡ ਹੈ, ਵਚਨਬੱਧ ਹੈ ਕਿ ਅਕਾਰਡ ਨੂੰ ਇਨ ਲੈਟਰ ਐਂਡ ਸਪਿਰਿਟ ਇਪਲੀਮੈਂਟ ਕੀਤਾ ਜਾਵੇ। (ਥੰਪਿਗ) ਅਕਾਰਡ ਦੀਆਂ 11 ਧਾਰਾਵਾਂ ਹਨ। ਉਸ ਦੀ ਇਕ ਪਹਿਲੀ ਧਾਰਾ ਅਸੀਂ ਖੁਦ ਇਪਲੀਮੈਂਟ ਕੀਤੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰਨੀ ਗੁਰਬ੍ਰਿੰਦਰ ਕੌਰ ਬਰਾੜ** (ਬੈਠੇ, ਬੈਠੇ) : ਬਾਦਲ ਸਾਹਿਬ ਮੰਨਦੇ ਨਹੀਂ ਹਨ।

**ਸ੍ਰੀ ਸੇਵਾ ਰਾਮ ਅਰੋੜਾ** (ਬੈਠੇ, ਬੈਠੇ) : ਟੌਹੜਾ ਸਾਹਿਬ ਨੂੰ ਮਨਾ ਲਓ।

**ਵਿੱਤ ਮੰਤਰੀ** : ਅਕਾਲੀ ਪਾਰਟੀ ਨੇ ਇਸ ਅਕਾਰਡ ਉਤੇ ਇਲੈਕਸ਼ਨ ਲੜੀ ਅਤੇ ਅਸੀਂ 73 ਬੰਦੇ ਇਸ ਅਕਾਰਡ ਦੇ ਉਤੇ ਜਿੱਤ ਕੇ ਇਥੇ ਆਏ ਹਾਂ। ਮੈਂ ਅਰਜ ਕਰਨੀ ਚਾਹੁੰਦਾ ਹਾਂ ਕਿ ਅਜੇ ਵੀ ਵਕਤ ਹੈ ਕਿ ਸਾਡੀ ਜਿਹੜੀ ਹੁਕਮਰਾਨ ਪਾਰਟੀ ਜਿਹੜੀ ਸੈਂਟਰ ਵਿਚ ਦਿੱਲੀ ਵਿਖੇ ਹੈ, ਉਹ ਹੋਸ਼ ਵਿਚ ਆਵੇ ਅਤੇ ਇਸ ਅਕਾਰਡ ਨੂੰ ਸਹੀ ਰੂਪ ਵਿਚ ਇੰਪਲੀਮੈਂਟ ਕੀਤਾ ਜਾਵੇ। ਮੈਥਿਊ ਕਮਿਸ਼ਨ ਨੇ ਫੈਸਲਾ ਦਿਤਾ। ਉਸ ਨੇ ਇਹ ਚੀਜ਼ ਕਲੀਅਰ ਕਰ ਦਿਤੀ ਹੈ ਕਿ ਅਬੋਹਰ, ਫਾਜ਼ਿਲਕਾ ਪੰਜਾਬ ਦਾ ਅਟੁਟ ਹਿਸਾ ਹਨ ਅਤੇ ਜਿਹੜਾ ਹਿੰਦੀ ਬੋਲਦਾ ਏਰੀਆ ਦੇਣਾ ਹੈ ਅਕਾਰਡ ਦੇ ਮੁਤਾਬਿਕ ਉਸ ਬਾਰੇ ਉਸ ਨੇ ਕਿਹਾ ਹੈ ਕਿ ਉਹ ਮੈਂ ਲੱਭ ਨਹੀਂ ਸਕਿਆ। ਅਸੀਂ 13 ਪਿੰਡਾਂ ਦੀ ਲਿਸਟ ਦੇ ਦਿਤੀ ਸੀ ਪਰ ਮੈਥਿਊ ਕਮਿਸ਼ਨ ਨੇ ਉਹ ਲਿਸਟ ਰੀਜੈਕਟ ਕਰ ਦਿਤੀ। ਅਸੀਂ ਕਿਹਾ ਕਿ ਸਾਡੇ 13 ਹਿੰਦੀ ਬੋਲਦੇ ਪਿੰਡ ਹਨ ਪਰ ਉਨ੍ਹਾਂ ਨੇ ਇਹ ਚੀਜ਼ ਰਿਜੈਕਟ ਕਰ ਦਿਤੀ ਅਤੇ ਕਿਹਾ ਕਿ ਮੈਂ ਹਿੰਦੀ ਸਪੀਕਿੰਗ ਏਰੀਆ ਲੱਭ ਨਹੀਂ ਸਕਿਆ। ਫਿਰ ਉਨ੍ਹਾਂ ਨੇ ਕਿਹਾ ਕਿ ਸਿੱਧੇ ਗੱਲ ਕਰੋ। ਜੇ ਨਹੀਂ ਮੰਨਦੇ ਤਾਂ ਹੋਰ ਕਮਿਸ਼ਨ ਬਿਠਾ ਦਿਓ। ਸਾਡੇ ਮੁੱਖ ਮੰਤਰੀ ਸਾਹਿਬ ਨੇ ਕਿਹਾ ਕਿ ਸਿੱਧੀ ਗੱਲ ਸਿਰੇ ਨਹੀਂ ਚੜ੍ਹਦੀ। ਮੈਥਿਊ ਕਮਿਸ਼ਨ ਨੇ ਜੋ ਦੂਸਰਾ ਕਮਿਸ਼ਨ ਬਣਾਉਣ ਵਾਸਤੇ ਕਿਹਾ ਹੈ ਉਹ ਲਾਗੂ ਕਰ ਦਿਉ। ਅਜ 2 ਮਹੀਨੇ ਹੋ ਗਏ ਹਨ ਮੈਥਿਊ ਕਮਿਸ਼ਨ ਦੀ ਰਿਪੋਰਟ ਆਏ ਨੂੰ ਪਰ ਦੂਜਾ ਕਮਿਸ਼ਨ ਨਹੀਂ ਬਣ ਰਿਹਾ। ਹਰ ਚੀਜ਼ ਡੀਲੇਅ ਕੀਤੀ ਜਾ ਰਹੀ ਹੈ। ਇਹ ਡਿਲੇਅ ਅਕਾਰਡ ਦੇ ਸਿਲਸਿਲੇ ਵਿਚ I will say, it is suicidal for the whole nation. The Prime Minister must understand it. ਇਹ ਅਕਾਰਡ ਇਕ ਬੜਾ ਸੇਕਰਡ ਡਾਕੂਮੈਂਟ ਹੈ। ਇਸ ਤੇ ਪ੍ਰਾਈਮ ਮਨਿਸਟਰ ਸਾਹਿਬ ਅਤੇ ਸੰਤ ਲੌਂਗੋਵਾਲ ਜੀ ਦੇ ਦਸਤਖਤ ਹਨ ਔਰ ਇਸ ਨੂੰ ਦੇਸ਼ ਦੀ ਪਾਰਲੀਮੈਂਟ ਨੇ, ਲੋਕ ਸਭਾ ਨੇ ਅਤੇ ਰਾਜ ਸਭਾ ਨੇ ਤਾੜੀਆਂ ਦੀ ਗੂੰਜ ਨਾਲ ਇਸ ਨੂੰ ਐਪਰੂਵ ਕੀਤਾ ਹੈ। ਐਸਾ ਡਾਕੂਮੈਂਟ ਹੋਵੇ ਜਿਸ ਨੂੰ ਸਾਰੀ ਨੇਸ਼ਨ ਨੇ ਅਪਰੂਵ ਕੀਤਾ ਹੋਵੇ ਜੇ ਉਸਨੂੰ ਲਾਗੂ ਨਾ ਕੀਤਾ ਜਾਵੇ ਤਾਂ ਇਸ ਵਿਚ ਕਸੂਰ ਕਿਸ ਦਾ ਹੈ। ਇਸ ਦੇ ਲਾਗੂ ਨਾ ਹੋਣ ਨਾਲ ਫਿਰ ਕੀ ਹੋਵੇਗਾ। ਸੈਨਸ ਆਫ ਅਲਾਈਨੇਸ਼ਨ ਵਧੇਗੀ, ਕਰਾਈਸਿਜ਼ ਕਰੀਏਟ ਹੋਣਗੇ। ਡਿਪਟੀ ਸਪੀਕਰ ਸਾਹਿਬ, ਪੰਡਿਤ ਜੀ ਨੇ ਜ਼ਿਕਰ ਕੀਤਾ ਹੈ ਕਿ ਪੁਲਿਸ ਲਈ 25 ਕਰੋੜ ਰੁਪਿਆ ਰੱਖਿਆ ਗਿਆ ਹੈ। ਮੈਂ ਇਹ ਦੱਸਣਾ ਚਾਹੁੰਦਾ ਹਾਂ ਕਿ ਇਸ 25 ਕਰੋੜ ਰੁਪਏ ਵਿਚ 19 ਕਰੋੜ 80 ਲੱਖ ਰੁਪਿਆ ਪੈਰਾ ਮਿਲਟਰੀ ਫੋਰਸਿਜ਼ ਦਾ ਹੈ। (ਕਾਂਗਰਸ ਪਾਰਟੀ ਵੱਲੋਂ ਇਕ ਅਵਾਜ਼ : ਜੇ ਉਹ ਨਾ ਹੋਣ ਤਾਂ ਸੈਂਕੜੇ ਕਤਲ ਹੋ ਜਾਣ) ਡਿਪਟੀ ਸਪੀਕਰ ਸਾਹਿਬ, ਜੇ ਅਸੀਂ ਕਹੀਏ ਕਿ ਇਕੱਲੀ ਪੁਲਿਸ ਹੀ ਪ੍ਰੈਜ਼ੈਂਟ ਸਿਚੂਏਸ਼ਨ ਨੂੰ ਕੰਟਰੋਲ ਕਰ ਲਵੇਗੀ ਤਾਂ ਇਹ ਗੱਲ ਵੀ ਵਾਜਿਬ ਨਹੀਂ ਹੋਵੇਗੀ। ਅਸੀਂ ਬੜੇ ਨਾਜ਼ਕ ਦੌਰ ਵਿਚੋਂ ਲੰਘ ਰਹੇ ਹਾਂ। ਬੜੀ ਡਿਫੀਕਲਟ ਔਰ ਐਬਨਾਰਮਲ ਸਿਚੂਏਸ਼ਨ ਹੈ। ਕਈ ਫੋਰਸਿਜ਼ ਹਨ ਜੋ ਹਾਲਾਤ ਖਰਾਬ ਕਰ ਰਹੀਆਂ ਹਨ। ਇਸ ਐਬਨਾਰਮਲ ਸਿਚੂਏਸ਼ਨ ਨੂੰ ਕੰਟਰੋਲ ਕਰਨ ਵਾਸਤੇ ਸਾਡੀ ਐਡਮਨਿਸਟਰੇਸ਼ਨ ਟਰੇਂਡ ਹੀ ਨਹੀਂ ਹੈ। ਇਸ ਦੇ ਲਈ ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇ ਸਾਰੇ ਸੂਬੇ ਦੇ ਲੋਕ, ਸਾਰੇ ਸੋਸ਼ਲ ਗਰੁਪ, ਸਾਰੀਆਂ ਸਿਆਸੀ ਪਾਰਟੀਆਂ ਇਕੱਠੀਆਂ ਹੋ ਕੇ ਸਰਕਾਰ ਦੀ ਮੱਦਦ ਕਰਨਗੀਆਂ, ਪੁਲਿਸ ਦੀ ਮੱਦਦ ਕਰਨਗੀਆਂ ਤਾਂ ਹੀ ਕਾਮਯਾਬੀ ਹੋ ਸਕੇਗੀ। ਇਸ ਡਿਫੀ-

Original with;
Punjab Vidhan Sabha
Digitized by;
Panjab Digital Library

ਕਲਟ ਸਿਚੂਏਸ਼ਨ ਨੂੰ ਕੰਟਰੋਲ ਕਰਨ ਵਾਸਤੇ ਟੋਟਲ ਯੂਨਿਟੀ, ਕੰਪ੍ਰੇਸ਼ਨ ਔਰ ਇਕ ਅਵਾਜ਼ ਹੋਣ ਦੀ ਜ਼ਰੂਰਤ ਹੈ ਤਾਂਕਿ ਜਿਹੜੀਆਂ ਫੋਰਸਿਜ਼ ਇਸ ਪਾਸੇ ਲੱਗੀਆਂ ਹੋਈਆਂ ਹਨ ਉਨ੍ਹਾਂ ਨਾਲ ਲੜ ਸਕੀਏ ਔਰ ਨਾਲ ਦੀ ਨਾਲ ਦਿੱਲੀ ਸਰਕਾਰ ਤੇ ਪੂਰਾ ਪ੍ਰੈਸ਼ਰ ਬਿਲਟ ਕਰੀਏ ਕਿ ਜਿਹੜਾ ਉਨ੍ਹਾਂ ਨੇ ਵਾਅਦਾ ਕੀਤਾ ਹੈ ਲਿਖਤੀ ਉਹ ਲਾਗੂ ਕਰਨ । (ਥੰਪਿੰਗ) ਥੈਂਕ ਯੂ ।

**Mr. Deputy Speaker:** Now I will apply the guillotine.

**Demand No. 2**

**Mr. Deputy Speaker:** Question is—

That a Supplementary sum not exceeding Rs. 7,64,000 on account of Revenue Account be granted to the Governor to defray the charges that will come in course of payments for the year ending 31st March, 1986, in respect of Council of Ministers.

*The motion was carried.*

**Demand No. 3**

**Mr. Deputy Speaker:** Question is—

That a Supplementary sum not exceeding Rs. 32,88,000 on account of Revenue Account be granted to the Governor to defray the charges, that will come in course of payments for the year ending 31st March, 1986, in respect of Administration of Justice.

*The motion was carried.*

**Demand No. 4**

**Mr. Deputy Speaker:** Question is—

That a Supplementary sum not exceeding Rs. 37,51,000 on account of Revenue Account be granted to the Governor to defray the charges that will come in course of payments for the year ending 31st March, 1986, in respect of Elections.

*The motion was carried.*

**Demand No. 5**

**Mr. Deputy Speaker:** Question is—

That a Supplementary sum not exceeding Rs. 18,76,92,000 on account of Revenue Account be granted to the Governor to defray the charges that will come in course of payments for the year ending 31st March, 1986, in respect of Revenue.

*The motion was carried.*

**Demand No. 9**

**Mr. Deputy Speaker:** Question is—

That a Supplementary sum not exceeding Rs. 77,09,000 on account of Revenue Account be granted to the Governor to defray the charges that will come in course of payments for the year ending 31st March, 1986, in respect of Civil Secretariat.

*The motion was carried.*

Original with;
Punjab Vidhan Sabha
Digitized by;
Panjab Digital Library

**Demand No. 10**

**Mr. Deputy Speaker:** Question is—

That a Supplementary sum not exceeding Rs. 88,68,000 on account of Revenue Account be granted to the Governor to defray the charges that will come in course of payments for the year ending 31st March, 1986, in respect of District Administration.

*The motion was carried.*

**Demand No. 11**

**Mr. Deputy Speaker:** Question is—

That a Supplementary sum not exceeding Rs. 24,80,29,000 on account of Revenue Account be granted to the Governor to defray the charges that will come in course of payments for the year ending 31st March, 1986, in respect of Police.

*The motion was carried.*

**Demand No. 12**

**Mr. Deputy Speaker:** Question is—

That a Supplementary sum not exceeding Rs. 48,90,000 on account of Revenue Account be granted to the Governor to defray the charges that will come in course of payments for the year ending 31st March, 1986, in respect of Jails.

*The motion was carried.*

**Demand No. 14**

**Mr. Deputy Speaker:** Question is—

That a Supplementary sum not exceeding Rs. 2,28,14,000 on account of Revenue account be granted to the Governor to defray the charges that will come in course of payments for the year ending 31st March, 1986, in respect of Miscellaneous Services.

*The motion was carried.*

**Demand No. 15**

**Mr. Deputy Speaker:** Question is—

That a Supplementary sum not exceeding Rs. 75,000 on account of Revenue Account be granted to the Governor to defray the charges that will come in course of payments for the year ending 31st March, 1986, in respect of Rehabilitation, Relief and Resettlement.

*The motion was carried.*

**Demand No. 19**

**Mr. Deputy Speaker:** Question is—

That a Supplementary sum not exceeding Rs. 4,30,17,000 on account of Revenue Account be granted to the Governor to defray the charges

Original with;
Punjab Vidhan Sabha
Digitized by;
Panjab Digital Library

that will come in course of payments for the year ending 31st March, 1986, in respect of Housing and Urban Development.

*The motion was carried.*

**Demand No. 21**

**Mr. Deputy Speaker:** Question is—

That a Supplementary sum not exceeding Rs. 17,25,000 on account of Revenue Account be granted to the Governor to defray the charges that will come in course of payments for the year ending 31st March, 1986, in respect of Tourism and Cultural Affairs.

*The motion was carried.*

**Demand No. 22**

**Mr. Deputy Speaker:** Question is—

That a Supplementary sum not exceeding Rs. 3,24,000 on account of Revenue Account be granted to the Governor to defray the charges that will come in course of payments for the year ending 31st March, 1986, in respect of Labour Employment and Industrial Training.

*The motion was carried.*

**Demand No. 23**

**Mr. Deputy Speaker:** Question is—

That a Supplementary sum not exceeding Rs. 1,24,30,000 on account of Revenue Account be granted to the Governor to defray the charges that will come in course of payments for the year ending 31st March, 1986, in respect of Social Security and Welfare.

*The motion was carried.*

**Demand No. 26**

**Mr. Deputy Speaker:** Question is—

That a Supplementary sum not exceeding Rs. 2,00,000 on account of Capital Account be granted to the Governor to defray the charges that will come in course of payments for the year ending 31st March, 1986 in respect of Agriculture.

*The motion was carried.*

**Demand No. 27**

**Mr. Deputy Speaker:** Question is—

That a Supplementary sum not exceeding Rs. 1,06,51,0000 on account of Revenue Account be granted to the Governor to defray the charges that will come in course of payments for the year ending 31st March, 1986, in respect of Soil and Water Conservation.

*The motion was carried.*

*Original with;*
Punjab Vidhan Sabha
*Digitized by;*
Panjab Digital Library

**Demand No. 28**

**Mr. Deputy Speaker:** Question is—

That a Supplementary sum not exceeding Rs. 1,34,79,08,000 on account of Capital Account be granted to the Governor to defray the charges that will come in course of payments for the year ending 31st March, 1986 in respect of Food.

*The motion was carried.*

**Demand No. 29**

**Mr. Deputy Speaker:** Question is—

Tha a Supplementary sum not exceeding Rs. 3,96,76,000 on account of Revenue Account be granted to the Goveror to defray the charges that will come in course of payments for the year ending 31st March, 1986, in respect of Animal Husbandary.

*The motion was carried.*

**Demand No. 31**

**Mr. Deputy Speaker:** Question is—

That a Supplementary sum not exceeding Rs. 10,08,000 on account of Revenue Account be granted to the Governor to defray the charges that will come in course of payments for the year ending 31st March, 1986, in respect of Fisheries.

*The motion was carried.*

*Demand No.* 34

**Mr. Deputy Speaker:** Question is—

That a Suplementary sum not exceeding Rs. 68,30,000 on account of Revenue Account be granted to the Governor to defray the charges that will come in course of payments for the year ending 31st March, 1986 in respect of Industries.

*The motion was carried.*

**Demand No. 35**

**Mr. Deputy Speaker:** Question is—

That a Supplementary sum not exceeding Rs. 15,16,000 on account of Revenue Account be granted to the Governor to defray the charges that will come in course of payments for the year ending 31st March, i986 in respect of Civil Aviation.

*The motion was carried.*

**Demand No. 36**

**Mr. Deputy Speaker:** Question is—

That a Supplementary sum not exceeding Rs. 9,28,25,000 on account of Revenue Account and Rs. 2,46,00,000 on account of Capital Account

Original with;
Punjab Vidhan Sabha
Digitized by;
Panjab Digital Library

be granted to the Governor to defray the charges that will come in course of payments for the year ending 31st March, 1986 in respect of Road and Bridges.

*The motion was carried.*

**Demand No. 38**

**Mr. Deputy Speaker:** Question is—

That a Supplementary sum not exceeding Rs. 3,42,70,000 on account of Capital Account be granted to the Governor to defray the charges that will come in course of payments for the year ending 31st March, 1986, in respect of Multipurpose River Projects.

*The motion was carried.*

**Demand No. 39**

**Mr. Deputy Speaker:** Question is—

That a Supplementary sum not exceeding Rs. 8,31,98,000 on account of Revenue Account and Rs. 1,10,87,000 on account of Capital Account be granted to the Governor to defray the charges that will come in course of payments for the year ending 31st March, 1986 in respect of Irrigation, Drainage and Flood Control.

*The motion was carried.*

**Demand No. 40**

**Mr. Deputy Speaker:** Question is—

That a Supplementary sum not exceeding Rs. 5,18,35,000 on account of Revenue Account and Rs. 3,64,64,000 on account of Capital Account be granted to the Governor to defray the charges that will come in course of payments for the year ending 31st March, 1986 in respect of Buildings.

*The motion was carried.*

**Demand No. 41**

**Mr. Deputy Speaker:** Question is—

That a Supplementary sum not exceeding Rs. 72,92,28,000 on account of Capital Account be granted to the Governor to defray the charges that will come in course of payments for the year ending 31st March, 1986, in respect of Loans and Advances by the State Government.

*The motion was carried.*

———

Original with;
Punjab Vidhan Sabha
Digitized by;
Panjab Digital Library

## LEGISLATIVE BUSINESS

### The Punjab Appropriation (No. 1) Bill, 1986

**Minister of State for Public Relations and Finance (Sardar Natha Singh Dalam):** Sir, I beg to introduce the Punjab Appropriation (No. 1) Bill.

Sir, I also beg to move—

That the Punjab Appropriation (No. 1) Bill be taken into consideration at once.

**Mr. Deputy Speaker:** Motion moved

That the Punjab Appropriation (No. 1) Bill be taken into consideration at once.

**Mr. Deputy Speaker:** Question is—

That the Punjab Appropriation (No. 1) Bill be taken into consideration at once.

*The motion was carried.*

**Mr. Deputy Speaker:** Now the House will proceed to consider the Bill Clause-by-Clause.

### Clause 2

**Mr. Deputy Speaker:** Question is—

That Clause 2 stand part of the Bill.

*The motion was carried.*

### Clause 3

**Mr. Deputy Speaker:** Question is—

That Clause 3 stand part of the Bill.

*The motion was carried.*

### The Schedule

**Mr. Deputy Speaker:** Question is—

That the Schedule stand part of the Bill.

*The motion was carried.*

### Clause 1

**Mr. Deputy Speaker:** Question is—

That Clause 1 stand part of the Bill.

*The Motion was carried.*

### Title

**Mr. Deputy Speaker:** Question is—

That Title be the Title of the Bill.

*The motion was carried.*

Original with;
Punjab Vidhan Sabha
Digitized by;
Panjab Digital Library

**Minister of State for Public Relations and Finance (Sardar Natha Singh Dalam):** Sir, I beg to move——

That the Punjab Appropriation (No. 1) Bill be passed.

**Mr. Deputy Speaker:** Motion moved—

That the Punjab Appropriation (No. 1) Bill be passed.

**Mr. Deputy Speaker:** Question is—

That the Punjab Appropriation (No. 1) Bill be passed.

*The motion was carried.*

**Mr. Deputy Speaker:** The House stands adjourned till 9.00 A.M. on Wednesday, the 12th March, 1986.

*1·00 P.M. | (*The Sabha then* adjourned till* 9.00 *A.M. on Wednesday, the* 12*th March*, 1986.)

21405 PVS—Govt. Press, (U. T.) Chd.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with:
Punjab Vidhan Sabha
Digitized by:
Panjab Digital Library

© 1986

Published under the authority of the Punjab Vidhan Sabha and Printed by the Controller, Printing and Stationery Department, (U.T.). Chandigarh.

Original with;
Punjab Vidhan Sabha
Digitized by;
Panjab Digital Library